ਅਠਾਰਵਾਂ ਸਾਲ

PARDES TIMES

# ਪਰਦੇਸ ਟਾਇਮਜ਼

18th year in Publication

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 No. 451 June 26, 2024 E-mail : info@pardestimes.com Ph 510-938-7771

ਬੁਰੇ ਫਸੇ ਕੇਜਰੀਵਾਲ

## ਹਾਈ ਕੋਰਟ ਨੇ ਜ਼ਮਾਨਤ ਕੀਤੀ ਰੱਦ




ਨਵੀਂ ਦਿੱਲੀ- ਦਿੱਲੀ ਹਾਈ ਕੋਰਟ ਨੇ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਦੇ ਹੇਠਲੀ ਅਦਾਲਤ ਦੇ ਹੁਕਮਾਂ 'ਤੇ ਅੱਜ ਰੋਕ ਲਗਾ ਦਿੱਤੀ। ਜਸਟਿਸ ਸੁਧੀਰ ਕੁਮਾਰ ਜੈਨ ਦੇ ਛੁੱਟੀ ਵਾਲੇ ਬੈਂਚ ਨੇ ਕਿਹਾ ਕਿ ਹੇਠਲੀ ਅਦਾਲਤ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਪੇਸ਼ ਕੀਤੀ ਸਮੱਗਰੀ ਦਾ ਸਹੀ ਤਰ੍ਹਾਂ ਵਿਸ਼ਲੇਸ਼ਣ ਕਰਨ ਵਿੱਚ ਅਸਫਲ ਰਹੀ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਦੀ ਜ਼ਮਾਨਤ ਪਟੀਸ਼ਨ ਦਾ ਫੈਸਲਾ ਕਰਦੇ ਸਮੇਂ ਵਿਵੇਕ ਦੀ ਵਰਤੋਂ ਨਹੀਂ ਕੀਤੀ। ਬੈਂਚ ਨੇ ਇਹ ਵੀ ਕਿਹਾ ਕਿ ਹੇਠਲੀ ਅਦਾਲਤ ਨੂੰ ਈਡੀ ਨੂੰ ਆਪਣਾ ਪੱਖ ਪੇਸ਼ ਕਰਨ ਦਾ ਢੁੱਕਵਾਂ ਮੌਕਾ ਦੇਣਾ ਚਾਹੀਦਾ ਸੀ। ਇਸ ਦੌਰਾਨ ਆਮ ਆਦਮੀ ਪਾਰਟੀ ਨੇ ਕਿਹਾ ਕਿ ਉਹ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਵੇਗੀ।

## ਚੱਲ ਪਈ ਪਾਰਲੀਮੈਂਟ, 18ਵੀਂ ਲੋਕ ਸਭਾ ਦਾ ਸੈਸ਼ਨ ਆਰੰਭ

### ਸਪੀਕਰ ਤੇ ਟਕਰਾਅ ਬਰਕਰਾਰ, ਰਾਹੁਲ ਗਾਂਧੀ ਬਣਨਗੇ ਵਿਰੋਧੀ ਧਿਰ ਦੇ ਲੀਡਰ

ਨਵੀਂ ਦਿੱਲੀ- ਭਾਰਤ ਵਿਚ ਲੋਕ ਸਭਾ ਚੋਣਾਂ ਦਾ ਤਾਪਮਾਨ ਠੰਡਾ ਹੋਣ ਦੇ ਨਾਲ ਹੀ ਸਰਕਾਰ ਅਤੇ ਲੋਕ ਸਭਾ ਆਪੋ-ਆਪਣੇ ਕੰਮ ਲੱਗ ਗਈ ਹੈ। ਲੋਕ ਸਭਾ ਵਿਚ ਸਪੀਕਰ ਦੀ ਚੋਣ ਤੇ ਟਕਰਾਅ ਕਾਰਨ ਇਸ ਵਾਰ ਸਪੀਕਰ ਦੀ ਵੀ ਚੋਣ ਹੋਵੇਗੀ, ਹਾਲਾਂਕਿ ਹੁਣ ਤੱਕ ਅਜਿਹਾ ਕਦੀ ਨਹੀਂ ਹੋਇਆ ਕਿਉਂਕਿ ਸਪੀਕਰ ਨੂੰ ਸਦਨ ਦਾ ਸਾਂਝਾ ਲੀਡਰ ਮੰਨਿਆ ਜਾਣ ਕਰਕੇ ਆਮ ਤੌਰ ਤੇ ਵਿਰੋਧੀ ਧਿਰ ਵੀ ਸੱਤਾਧਾਰੀ ਧਿਰ ਨਾਲ ਸਹਿਮਤ ਹੋ ਜਾਂਦੀ ਹੈ ਪਰ ਇਸ ਵਾਰ ਵਿਰੋਧੀ ਧਿਰ ਦੁਆਰਾ ਡਿਪਟੀ ਸਪੀਕਰ ਦੇ ਅਹੁਦੇ ਦੀ ਮੰਗ ਕੀਤੀ ਜਾ ਰਹੀ ਹੈ, ਜਿਸ ਨੂੰ ਸੱਤਾਧਾਰੀ ਧਿਰ ਦੇਣ ਲਈ ਤਿਆਰ ਨਹੀਂ ਹੈ। ਇਸ ਵਾਰ ਸੱਤਾਧਾਰੀ ਪਾਰਟੀ ਧਿਰ ਵਿਰੋਧੀ ਧਿਰ ਵਿਚ ਲੋਕ ਸਭਾ ਸਪੀਕਰ ਦੇ ਅਹੁਦੇ ਨੂੰ ਲੈ ਕੇ ਆਪਸੀ ਸਹਿਮਤੀ ਨਾ ਬਣਨ ਕਾਰਨ ਮੰਗਲਵਾਰ ਨੂੰ ਕਾਂਗਰਸ ਦੇ ਸੰਸਦ ਮੈਂਬਰ ਕੋਡੀਕੁਨਿਲ ਸੁਰੇਸ਼ ਨੇ ਵਿਰੋਧੀ ਧਿਰ ਵੱਲੋਂ ਇਸ ਅਹੁਦੇ ਲਈ ਕਾਗ਼ਜ਼ ਦਾਖ਼ਲ ਕੀਤੇ। ਉੱਧਰ ਪਿਛਲੀ ਲੋਕ ਸਭਾ ਦੌਰਾਨ ਸਪੀਕਰ ਰਹੇ ਓਮ ਬਿਰਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਉਪਰੰਤ ਸੱਤਾਧਾਰੀ ਧਿਰ ਐਨਡੀਏ ਦੇ ਉਮੀਦਵਾਰ ਵਜੋਂ ਲੋਕ ਸਭਾ ਦੇ ਸਪੀਕਰ ਦੇ ਅਹੁਦੇ ਲਈ ਕਾਗ਼ਜ਼ ਦਾਖ਼ਲ ਕੀਤੇ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਰਕਾਰ ਦੇ ਨੁਮਾਇੰਦੇ ਵਜੋਂ ਵਿਰੋਧੀ ਧਿਰਾਂ ਨੂੰ ਸਹਿਮਤ ਕਰਨ ਲਈ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨਾਲ ਇਸ ਮੁੱਦੇ 'ਤੇ ਗੱਲਬਾਤ ਕੀਤੀ ਸੀ। ਦੋਹਾਂ ਆਗੂਆਂ ਦੀ ਮੀਟਿੰਗ ਤੋਂ ਬਾਅਦ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਸੀ ਇੰਡੀਆ ਗੱਠਜੋੜ ਦੇ ਸਾਰੇ ਆਗੂ ਐਨਡੀਏ ਉਮੀਦਵਾਰ ਨੂੰ ਸਹਿਯੋਗ ਦੇਣ ਲਈ ਤਿਆਰ ਹਨ, ਪਰ ਡਿਪਟੀ ਸਪੀਕਰ ਦਾ ਅਹੁਦਾ ਵਿਰੋਧੀ ਧਿਰ ਨੂੰ ਦਿੱਤਾ ਜਾਵੇ।







**ਪੰਜਾਬ ਦੇ ਲੋਕ ਸਭਾ ਮੈਂਬਰਾਂ ਨੇ ਪੰਜਾਬੀ 'ਚ ਸਹੁੰ ਚੁੱਕੀ**

ਸੰਸਦ ਦੇ ਦੂਜੇ ਦਿਨ ਦੇ ਸੈਸ਼ਨ ਵਿਚ ਪੰਜਾਬ ਦੇ ਲੋਕ ਸਭਾ ਮੈਂਬਰਾਂ ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਜੀਤ ਸਿੰਘ ਔਜਲਾ, ਡਾ. ਅਮਰ ਸਿੰਘ , ਸਰਬਜੀਤ ਸਿੰਘ ਖ਼ਾਲਸਾ, ਸੁਖਜਿੰਦਰ ਸਿੰਘ ਰੰਧਾਵਾ, ਸ਼ੇਰ ਸਿੰਘ ਘੁਬਾਇਆ, ਚਰਨਜੀਤ ਸਿੰਘ ਚੰਨੀ, ਹਰਸਿਮਰਤ ਕੌਰ ਬਾਦਲ, ਡਾ. ਧਰਮਵੀਰ ਗਾਂਧੀ, ਮਾਲਵਿੰਦਰ ਸਿੰਘ ਕੰਗ, ਗੁਰਮੀਤ ਸਿੰਘ ਮੀਤ ਹੇਅਰ ਤੇ ਰਾਜ ਕੁਮਾਰ ਚੱਬੇਵਾਲ ਨੇ ਹਲਫ਼ ਲਿਆ। ਸਾਰਿਆਂ ਨੇ ਪੰਜਾਬੀ ਵਿਚ ਆਪਣੀ ਸਹੁੰ ਚੁੱਕੀ। ਪੰਜਾਬ ਤੋਂ 13 ਲੋਕ ਸਭਾ ਮੈਂਬਰ ਚੁਣੇ ਗਏ ਹਨ ਤੇ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਹਨ। ਉਹ ਡਿਬਰੂਗੜ੍ਹ ਜੇਲ੍ਹ 'ਚ ਹਨ।

**ਰਾਹੁਲ ਗਾਂਧੀ ਬਣੇਗਾ ਵਿਰੋਧੀ ਧਿਰ ਦਾ ਨੇਤਾ**

ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣਗੇ। ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ 'ਚ ਰਾਹੁਲ ਗਾਂਧੀ ਨੂੰ ਲੋਕ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਬਣਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ, ਜਿਸ 'ਤੇ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਉਹ ਇਸ 'ਤੇ ਵਿਚਾਰ ਕਰਨਗੇ। ਹੁਣ ਕਾਂਗਰਸ ਨੇ ਉਨ੍ਹਾਂ ਦੀ ਨਿਯੁਕਤੀ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ। ਇਸ ਦੌਰਾਨ ਰਾਹੁਲ ਗਾਂਧੀ ਸੰਸਦ ਦੇ ਪਹਿਲੇ ਸੈਸ਼ਨ 'ਚ ਸਰਕਾਰ 'ਤੇ ਲਗਾਤਾਰ ਹਮਲਾਵਰ ਹਨ। ਕਾਂਗਰਸ ਨੇਤਾ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਸੰਵਿਧਾਨ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿਹਾ ਕਿ ਵਿਰੋਧੀ ਧਿਰ ਪ੍ਰਧਾਨ ਮੰਤਰੀ ਨੂੰ ਬਿਨਾਂ ਜਵਾਬਦੇਹੀ ਤੋਂ ਬਚਣ ਨਹੀਂ ਦੇਵੇਗੀ।

## ਪੁਲਾੜ 'ਚ ਫਸੇ ਸੁਨੀਤਾ ਵਿਲੀਅਮਜ਼ ਤੇ ਬੁਚ ਵਿਲਮੋਰ

ਹਿਊਸਟਨ- ਨਾਸਾ ਦੇ ਦੋ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਅਜੇ ਵੀ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਧਰਤੀ ਦੀ ਪਰਿਕਰਮਾ ਕਰ ਰਹੇ ਹਨ। ਸਾਦੇ ਸ਼ਬਦਾਂ ਵਿਚ, ਉਹ ਉਥੇ ਹੀ ਫਸੇ ਹੋਏ ਹਨ। ਦਰਅਸਲ, ਦੋਵੇਂ ਪੁਲਾੜ ਯਾਤਰੀਆਂ ਨੇ 13 ਜੂਨ ਤੱਕ ਧਰਤੀ 'ਤੇ ਵਾਪਸ ਆਉਣਾ ਸੀ, ਪਰ ਦੋ ਹਫ਼ਤੇ ਬੀਤ ਚੁੱਕੇ ਹਨ ਅਤੇ ਹੁਣ ਤੱਕ ਵਾਪਸੀ ਦਾ ਕੋਈ ਰਸਤਾ ਨਹੀਂ ਹੈ। ਸੁਨੀਤਾ ਅਤੇ ਬੁਚ 5 ਜੂਨ ਨੂੰ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਵਿੱਚ ਪੁਲਾੜ ਵਿੱਚ ਗਏ ਸਨ। ਹਾਲਾਂਕਿ, ਇਸ ਪੁਲਾੜ ਯਾਨ ਦੀ ਲਾਂਚਿੰਗ ਨੂੰ ਪਹਿਲਾਂ ਵੀ ਕਈ ਵਾਰ ਮੁਲਤਵੀ ਕੀਤਾ ਗਿਆ ਸੀ। ਦਰਅਸਲ, ਸਪੇਸ ਸਟੇਸ਼ਨ ਦੀ ਵਾਪਸੀ 'ਚ ਦੇਰੀ ਦਾ ਕਾਰਨ ਸਟਾਰਲਾਈਨਰ 'ਤੇ ਹੀਲੀਅਮ ਗੈਸ ਦਾ ਲੀਕ ਹੋਣਾ ਹੈ। ਬੋਇੰਗ ਸਟਾਰਲਾਈਨਰ ਪੁਲਾੜ ਯਾਨ ਵਿੱਚ ਹੀਲੀਅਮ ਲੀਕ ਨੂੰ ਇਸ ਦੇਰੀ ਦਾ ਕਾਰਨ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਬੋਇੰਗ ਅਤੇ ਨਾਸਾ ਦੇ ਇੰਜੀਨੀਅਰ ਇਸ ਸਮੱਸਿਆ ਨੂੰ ਹੱਲ ਕਰਨ ਅਤੇ ਪੁਲਾੜ ਯਾਤਰੀਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਸਖਤ ਮਿਹਨਤ ਕਰ ਰਹੇ ਹਨ।



ਨਾਸਾ ਨੇ ਕਿਹਾ ਹੈ ਕਿ ਪੁਲਾੜ ਯਾਤਰੀ ਵਿਲਮੋਰ ਅਤੇ ਵਿਲੀਅਮਸ ਕਿਸੇ ਵੀ ਸਮੇਂ ਪੁਲਾੜ ਸਟੇਸ਼ਨ ਤੋਂ ਵੱਖ ਹੋ ਸਕਦੇ ਹਨ। ਜਦੋਂ ਵੀ ਉਹ ਇਸ ਤਰ੍ਹਾਂ ਮਹਿਸੂਸ ਕਰਦੇ ਹਨ, ਉਹ ਤੁਰੰਤ ਧਰਤੀ 'ਤੇ ਵਾਪਸ ਆ ਸਕਦੇ ਹਨ। ਇਹ ਦੋਵੇਂ ਉਥੇ ਨਹੀਂ ਫਸੇ ਹਨ। ਦੋਵੇਂ ਟੀਮਾਂ ਨੂੰ ਪ੍ਰੋਪਲਸ਼ਨ ਸਿਸਟਮ ਡੇਟਾ ਦੀ ਸਮੀਖਿਆ ਕਰਨ ਲਈ ਸਮਾਂ ਦੇਣ ਲਈ ਸਪੇਸ ਸਟੇਸ਼ਨ 'ਤੇ ਹਨ।

Padam Builders Inc.

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



Bhupinder Singh Padam

email: padambuilders@gmail.com

Licensed # 1019803

CELL 510-565-6667

3143 ARDEN ROAD, HAYWARD CA- 94545

Turning 65 Years Old?



If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann

Licensed Insurance Agent

CA License No. 0C70672

(510) 487-1000 TTY:711

MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm

Attorneys at Law ਅਟਾਰਨੀ ਐਟ ਲਾਅ

www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI

SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal

(Investment and Financial Advisor)

408-972-8000,

408-835-0202 (Cell)

Budwal and Associates

329 Piercy Road, San Jose, CA 95138

8350202@gmail.com

# ਗੁਆਂਢੀ ਮੁਲਕਾਂ ਪ੍ਰਤੀ ਭਾਰਤੀ ਰਣਨੀਤੀ

**ਜੈਸ਼ੰਤ ਪ੍ਰਸਾਦ**

ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਆਪਣੇ ਸਹੁੰ ਚੁੱਕ ਸਮਾਗਮ ਮੌਕੇ ਪਹੁੰਚੇ ਗੁਆਂਢੀ ਮੁਲਕਾਂ ਤੇ ਹਿੰਦ ਮਹਾਸਾਗਰ ਖੇਤਰ-ਬੰਗਲਾਦੇਸ਼, ਭੂਟਾਨ, ਮਾਲਦੀਵ, ਮੌਰੀਸ਼ਸ, ਨੇਪਾਲ, ਸੈਸ਼ਲਜ਼, ਸ੍ਰੀਲੰਕਾ ਦੇ ਆਗੂਆਂ ਨਾਲ ਹਾਲੀਆ ਮੁਲਾਕਾਤਾਂ ਵਿੱਚ 'ਨੇਬਰਹੁੱਡ ਫਸਟ' (ਗੁਆਂਢ ਨੂੰ ਪਰਮ ਅਗੇਤ) ਨੀਤੀ ਦੀ ਮੁੜ ਤਸਦੀਕ ਕੀਤੀ ਹੈ। ਇਸ ਨੀਤੀ ਦੀ ਗੱਲ ਉਨ੍ਹਾਂ ਪਹਿਲੀ ਵਾਰ 2014 'ਚ ਪ੍ਰਧਾਨ ਮੰਤਰੀ ਬਣਨ ਮੌਕੇ ਕੀਤੀ ਸੀ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਪ੍ਰੈੱਸ ਬਿਆਨ ਮੁਤਾਬਿਕ, ਮੋਦੀ ਨੇ ਗੁਆਂਢੀਆਂ ਨਾਲ ਨੇੜਿਉਂ ਤਾਲਮੇਲ ਕਰ ਕੇ ਖੇਤਰੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਕੰਮ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਲੋਕਾਂ ਦਰਮਿਆਨ ਸਬੰਧ ਗਹਿਰੇ ਕਰਨ ਤੇ ਸੰਪਰਕ 'ਚ ਵਾਧਾ ਕਰਨ ਦਾ ਸੱਦਾ ਵੀ ਦਿੱਤਾ ਹੈ।

ਅਸਲ ਵਿੱਚ ਰਾਬਤਾ ਹੀ ਖੇਤਰੀ ਸਹਿਯੋਗ ਤੇ ਏਕੀਕਰਨ ਦਾ ਆਧਾਰ ਹੈ ਕਿਉਂਕਿ ਇਹ ਕਿਸੇ ਖੇਤਰ 'ਚ ਸਥਾਈ ਤੇ ਇਕਸਾਰ ਤਰੱਕੀ ਦਾ ਮੁੱਢ ਬੰਨ੍ਹਦਾ ਹੈ। ਇਸ ਦੇ ਘੇਰੇ 'ਚ ਕਈ ਜਨਤਕ ਚੀਜ਼ਾਂ ਆਉਂਦੀਆਂ ਹਨ ਜਿਸ ਵਿੱਚ ਅੰਤਰ-ਖੇਤਰੀ ਤੇ ਖੇਤਰ ਅੰਦਰਲੇ ਪ੍ਰਾਜੈਕਟਾਂ ਵਿੱਚ ਨਿਵੇਸ਼ ਵੀ ਸ਼ਾਮਿਲ ਹੈ, ਜੋ ਵਪਾਰ, ਢੋਆ-ਢੁਆਈ, ਸੂਚਨਾ ਤੇ ਸੰਚਾਰ ਤਕਨੀਕਾਂ, ਊਰਜਾ ਤੇ ਲੋਕਾਂ ਲਈ ਹੁੰਦਾ ਹੈ। ਇੱਕ ਢੁਕਵਾਂ ਢਾਂਚਾ ਇਸ 'ਚ ਸਹਾਈ ਹੁੰਦਾ ਹੈ, ਉਤਪਾਦਾਂ, ਸੇਵਾਵਾਂ, ਨਿਵੇਸ਼, ਵਿਅਕਤੀਆਂ, ਤਰਕੀਬਾਂ ਤੇ ਤਕਨੀਕ ਦਾ ਸੁਤੰਤਰ ਪ੍ਰਵਾਹ ਸਰਲ ਬਣਾਉਂਦਾ ਹੈ।



ਭਾਰਤ ਦੀਆਂ ਜ਼ਮੀਨੀ ਤੇ ਸਾਗਰੀ ਸੀਮਾਵਾਂ ਚੀਨ, ਭਾਰਤੀ ਉਪ ਮਹਾਦੀਪ ਦੇ ਦੱਖਣ ਏਸ਼ਿਆਈ ਮੁਲਕਾਂ ਤੇ ਮਿਆਂਮਾਰ, ਥਾਈਲੈਂਡ ਅਤੇ ਇੰਡੋਨੇਸ਼ੀਆ ਨਾਲ ਲੱਗਦੀਆਂ ਹਨ। ਇਸ ਦਾ ਗੁਆਂਢ ਇਸ ਦੀਆਂ ਜ਼ਮੀਨੀ ਸਰਹੱਦਾਂ 'ਤੇ ਪੱਛਮ ਵਿੱਚ ਹਿੰਦੂਕੁਸ਼ ਤੋਂ ਲੈ ਕੇ ਪੂਰਬ ਵਿੱਚ ਇਰਾਵਦੀ ਤੱਕ ਫੈਲਿਆ ਹੋਇਆ ਹੈ। ਸਮੁੰਦਰ 'ਚ ਇਹ ਪੱਛਮ ਵਿੱਚ ਸੁਏਜ਼ ਤੋਂ ਲੈ ਕੇ ਪੂਰਬ ਵਿੱਚ ਸ਼ੰਘਾਈ ਤੱਕ ਫੈਲਿਆ ਹੋਇਆ ਹੈ।

ਆਪਣੇ ਬਿਲਕੁਲ ਨਾਲ ਦੇ ਘੇਰੇ ਤੋਂ ਅੱਗੇ ਭਾਰਤ ਦਾ ਵਾਹ ਹਿੰਦ ਮਹਾਸਾਗਰ ਕਿਨਾਰੇ ਦੇ ਜ਼ਿਆਦਾਤਰ ਖੇਤਰ ਨਾਲ ਪੈਂਦਾ ਹੈ ਜਿਸ 'ਚ ਅਦਨ ਤੋਂ ਲੈ ਕੇ ਸਿੰਗਾਪੁਰ ਅਤੇ ਸੈਸ਼ਲਜ਼, ਮੌਰੀਸ਼ਸ ਤੇ ਮੈਡਗਾਸਕਰ; ਇਰਾਨ, 'ਟਰਾਂਸਔਕਸਿਆਨਾ' ਕੇਂਦਰੀ ਏਸ਼ਿਆਈ ਗਣਰਾਜ ਤੇ ਖਾੜੀ ਮੁਲਕ; ਅਤੇ ਦੱਖਣ ਪੂਰਬੀ ਏਸ਼ਿਆਈ ਦੇਸ਼ ਦੇ ਸੰਗਠਨ 'ਚ ਸ਼ਾਮਿਲ ਮੁਲਕਾਂ ਤੱਕ ਦਾ ਇਲਾਕਾ ਸ਼ਾਮਿਲ ਹੈ। ਭਾਰਤ ਦੇ ਘੇਰੇ ਵਿੱਚ ਹੁਣ ਹਿੰਦ-ਪ੍ਰਸ਼ਾਂਤ ਦਾ ਪਸਾਰਾ ਵੀ ਹੈ, ਜੋ ਪੂਰਬੀ ਅਫਰੀਕੀ ਸਮੁੰਦਰ ਤੱਟ ਦੇ ਮੁਲਕਾਂ ਤੋਂ ਲੈ ਕੇ ਉੱਤਰੀ ਤੇ ਦੱਖਣੀ ਅਮਰੀਕਾ ਦੇ ਪ੍ਰਸ਼ਾਂਤ ਸਾਗਰ ਦੇ ਤੱਟਾਂ ਤੱਕ ਹੈ।

ਗੁਆਂਢੀਆਂ ਨਾਲ ਚੰਗੇ ਰਿਸ਼ਤੇ ਭਾਰਤੀ ਵਿਦੇਸ਼ ਨੀਤੀ ਦੀ ਤਰਜੀਹ ਹਨ। ਖਿੜਕਵੀਂ ਨੇੜਤਾ ਧਿਆਨ ਭੰਗ ਕਰਦੀ ਹੈ ਤੇ ਕਾਰੋਬਾਰ ਲਈ ਮਾੜੀ ਹੈ ਅਤੇ ਇਹ ਬਾਹਰਲੀਆਂ ਤਾਕਤਾਂ ਨੂੰ ਦਖ਼ਲਅੰਦਾਜ਼ੀ ਦਾ ਮੌਕਾ ਵੀ ਦਿੰਦੀ ਹੈ। ਮੋਦੀ ਨੇ ਦਸੰਬਰ 2015 'ਚ ਕਮਾਂਡਰਾਂ ਦੀ ਸਾਂਝੀ ਕਾਨਫਰੰਸ ਵਿੱਚ ਕਿਹਾ ਸੀ, 'ਇਹ ਸਾਡਾ ਗੁਆਂਢ ਹੀ ਹੈ ਜੋ ਸਾਡੇ ਭਵਿੱਖ ਤੇ ਦੁਨੀਆ 'ਚ ਸਾਡੇ ਮੁਕਾਮ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ।''

ਭਾਰਤ ਵੱਲੋਂ 'ਨੇਬਰਹੁੱਡ ਫਸਟ', 'ਐਕਟ ਈਸਟ', 'ਕੁਨੈਕਟ ਸੈਂਟਰਲ ਏਸ਼ੀਆ', 'ਲਿੰਕ ਵੈਸਟ' ਨੀਤੀਆਂ ਦੀ ਸਰਗਰਮ ਪੈਰਵੀ; ਚਹੁੰਕੋਣੇ ਸੁਰੱਖਿਆ ਸੰਵਾਦ, ਆਈ2ਯੂ2 ਗਰੁੱਪ ਤੇ ਭਾਰਤ-ਮੱਧ ਪੂਰਬ-ਯੂਰੋਪ ਲਾਂਘੇ ਦੀ ਕਲਪਨਾ 'ਚ ਇਸ ਦੀ ਸ਼ਮੂਲੀਅਤ; ਅਤੇ ਹਿੰਦ ਮਹਾਸਾਗਰ ਵਿੱਚ ਸੁਰੱਖਿਆ ਤੇ ਸਥਾਈ ਵਿਕਾਸ ਪ੍ਰਤੀ ਵਚਨਬੱਧ ਹੋਣ ਦੀ ਦ੍ਰਿੜ੍ਹਤਾ ਵਿੱਚੋਂ ਇਹ ਜ਼ਾਹਿਰ ਵੀ ਹੋਇਆ ਹੈ। ਮੋਦੀ ਨੇ ਕਾਠਮੰਡੂ ਤੇ ਕੋਲੰਬੋ ਦੇ ਦੁਵੱਲੇ ਦੌਰੇ ਕੀਤੇ, ਜਿੱਥੇ ਉਨ੍ਹਾਂ ਤੋਂ ਪਹਿਲੇ ਪ੍ਰਧਾਨ ਮੰਤਰੀ ਕ੍ਰਮਵਾਰ 17 ਤੇ 28 ਸਾਲ ਤੱਕ ਨਹੀਂ ਗਏ। ਉਨ੍ਹਾਂ ਦਾ ਪਹਿਲਾ ਦੌਰਾ ਭੂਟਾਨ ਦਾ ਸੀ ਅਤੇ 2015 ਦੇ ਅੱਧ ਤੱਕ, ਉਨ੍ਹਾਂ ਹਿੰਦ ਮਹਾਸਾਗਰ ਦੇ ਕੁਝ ਮੁਲਕਾਂ ਤੇ ਕੇਂਦਰੀ ਏਸ਼ੀਆ ਦੇ ਸਾਰੇ ਗਣਰਾਜਾਂ ਦੇ ਦੌਰੇ ਮੁਕੰਮਲ ਕਰ ਲਏ ਸਨ।

ਫੇਰ ਵੀ, ਪ੍ਰਧਾਨ ਮੰਤਰੀ ਵਜੋਂ ਮੋਦੀ ਦੇ ਕਾਰਜਕਾਲ ਦੌਰਾਨ, ਮਹਾਸ਼ਕਤੀਆਂ ਨਾਲ ਭਾਰਤ ਦੇ ਰਿਸ਼ਤਿਆਂ ਤੇ ਗਲੋਬਲ ਸਾਊਥ 'ਚ ਇਸ ਦੀ ਅਗਵਾਈ ਤੋਂ ਉਲਟ ਬਿਲਕੁਲ ਨਾਲ ਲੱਗਦੇ ਗੁਆਂਢੀਆਂ ਨਾਲ ਭਾਰਤ ਦੇ ਰਿਸ਼ਤਿਆਂ 'ਚ ਸਮੁੱਚੇ ਤੌਰ 'ਤੇ ਗਿਰਾਵਟ ਦੇਖੀ ਗਈ ਹੈ। ਨਵੀਂ ਦਿੱਲੀ ਵੱਲੋਂ ਨਿਰੰਤਰ ਵਿਕਾਸ ਭਾਈਵਾਲੀਆਂ ਜਾਰੀ ਰੱਖਣ, ਪ੍ਰਾਜੈਕਟਾਂ ਨੂੰ ਰਫ਼ਤਾਰ ਦੇਣ, ਗਰਾਂਟਾਂ ਤੇ ਕਰਜ਼ੇ ਉਪਲਬਧ ਕਰਾਉਣ, ਮਾਨਵੀ ਤੇ ਤਕਨੀਕੀ ਸਹਾਇਤਾ ਦੇਣ ਦੇ ਬਾਵਜੂਦ ਅਜਿਹਾ ਵਾਪਰਿਆ ਹੈ।

ਦੱਖਣੀ ਏਸ਼ੀਆ ਦੀ ਸਭਿਆਚਾਰਕ ਨੇੜਤਾ- ਭਾਰਤੀ ਸੀਮਾਵਾਂ ਦੇ ਦੋਵੇਂ ਪਾਸੇ ਲੋਕਾਂ ਵੱਲੋਂ ਇੱਕੋ ਭਾਸ਼ਾ ਬੋਲਣ ਜਾਂ ਇੱਕੋ ਨਸਲ ਜਾਂ ਧਰਮ ਨਾਲ ਸਬੰਧਿਤ ਹੋਣ ਨੇ ਉਮੀਦ ਤੋਂ ਉਲਟ ਗੁਆਂਢੀ ਮੁਲਕਾਂ ਦੇ ਲੋਕਾਂ 'ਚ ਭਾਰਤ ਤੋਂ ਵੱਖਰੇ ਹੋਣ ਦੇ ਅਹਿਸਾਸ ਨੂੰ ਪਕੇਰਾ ਕੀਤਾ ਹੈ। ਧਾਰਨਾ ਤੇ ਪਛਾਣ ਦੀਆਂ ਮਨੋਵਿਗਿਆਨਕ ਵੰਡਾਂ ਨੇ ਦੱਖਣ ਏਸ਼ੀਆ ਵਿੱਚ ਜਿਸਮਾਨੀ ਦਰਾਰਾਂ ਨੂੰ ਵੀ ਚੌੜਾ ਹੀ ਕੀਤਾ ਹੈ।

ਆਪਣੀਆਂ ਹੱਦਾਂ 'ਤੇ ਉਪ ਮਹਾਦੀਪ ਅਤਿਵਾਦ ਤੇ ਬਗ਼ਾਵਤਾਂ ਦੀ ਮਾਰ ਝੱਲ ਰਿਹਾ ਹੈ। ਭਾਰਤ ਦੇ ਗੁਆਂਢੀ ਮੁਲਕ ਕਈ ਤਰੀਕਿਆਂ ਨਾਲ ਅਲੱਗ-ਥਲੱਗ ਹੋਏ ਪਏ ਹਨ: ਭੂਗੋਲਿਕ, ਸਮਾਜਿਕ, ਆਰਥਿਕ, ਆਬਾਦੀ ਦੀ ਬਣਤਰ ਅਤੇ ਸਭ ਤੋਂ ਵੱਧ ਸਿਆਸੀ ਤੌਰ 'ਤੇ। ਇਨ੍ਹਾਂ ਵਿੱਚੋਂ ਬਹੁਤੇ ਮੁਕਾਮੀ ਸਮਾਜੀ ਸੰਘਰਸ਼ ਤੇ ਸਿਆਸੀ ਅਸਥਿਰਤਾ ਦਾ ਸ਼ਿਕਾਰ ਹਨ। ਇਹ ਕੋਈ ਲਾਹੇਵੰਦ ਗੱਲ ਨਹੀਂ ਹੈ ਕਿ ਤਰੱਕੀ, ਸਾਧਨਾਂ, ਆਬਾਦੀ ਤੇ ਆਕਾਰ ਦੇ ਪੱਖ ਤੋਂ ਇਹ ਦੁਨੀਆ ਦੇ ਹੋਰ ਕਿਸੇ ਵੀ ਹਿੱਸੇ ਦੇ ਗੁਆਂਢੀ ਮੁਲਕਾਂ ਨਾਲੋਂ ਕਾਫ਼ੀ ਜ਼ਿਆਦਾ ਅਸਮਾਨ ਹਨ। ਭਾਵੇਂ ਮੋਦੀ 3.0 ਦੀਆਂ ਵਿਦੇਸ਼ ਤੇ ਸੁਰੱਖਿਆ ਨੀਤੀਆਂ ਦੇ ਮੂਲ ਅਤੇ ਅੰਦਾਜ਼ ਵਿੱਚ ਤਬਦੀਲੀ ਦੀ ਥਾਂ ਹੋਰ ਨਿਰੰਤਰਤਾ ਆਉਣ ਦੀ ਸੰਭਾਵਨਾ ਹੈ ਪਰ ਦੱਖਣੀ ਏਸ਼ੀਆ ਨਾਲ ਸਬੰਧਿਤ ਮੁੱਦਿਆਂ 'ਚ ਸੁਧਾਰ ਦੀ ਗੁੰਜਾਇਸ਼ ਹੈ। ਗੁਆਂਢੀਆਂ ਨਾਲ ਭਾਰਤ ਦੇ ਰਿਸ਼ਤਿਆਂ ਨੂੰ ਸੰਭਾਲਦਿਆਂ ਵੱਧ ਸੰਵੇਦਨਸ਼ੀਲਤਾ ਵਰਤਣ ਦੇ ਨਾਲ, ਉਨ੍ਹਾਂ ਨਾਲ ਸਾਡੀ ਮਿੱਤਰਤਾ ਬਿਹਤਰ ਹੋਵੇਗੀ।

ਗੱਠਜੋੜ ਦੀ ਰਾਜਨੀਤੀ ਸ਼ਾਇਦ ਭਾਜਪਾ ਨੂੰ 'ਹਿੰਦੂਤਵ' ਦੇ ਏਜੰਡੇ ਨੂੰ ਨਰਮ ਕਰਨ ਲਈ ਮਜਬੂਰ ਕਰ ਦੇਵੇ ਜਿਸ ਨੇ ਦੱਖਣ ਏਸ਼ੀਆ ਦੇ ਕਈ ਹਿੱਸਿਆਂ ਜਿਵੇਂ ਕਿ ਬੰਗਲਾਦੇਸ਼, ਮਾਲਦੀਵ, ਪਾਕਿਸਤਾਨ ਤੇ ਨੇਪਾਲ ਵਿੱਚ ਬੇਭਰੋਸਗੀ ਪੈਦਾ ਕੀਤੀ ਹੈ। ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦੀ ਸਥਿਰਤਾ ਦੋ ਕੱਟੜ ਧਰਮ ਨਿਰਪੱਖ ਆਗੂਆਂ ਉੱਤੇ ਨਿਰਭਰ ਕਰਦੀ ਹੈ, ਚੰਦਰਬਾਬੂ ਨਾਇਡੂ ਤੇ ਨਿਤੀਸ਼ ਕੁਮਾਰ ਜਿਨ੍ਹਾਂ ਦਾ ਮੁਸਲਮਾਨਾਂ ਵਿੱਚ ਭਰਵਾਂ ਆਧਾਰ ਹੈ। ਭਾਵੇਂ ਭਾਰਤ ਸਰਕਾਰ 'ਚ ਮੁੱਖ ਖਿਡਾਰੀ ਪੁਰਾਣੇ ਹੀ ਹਨ ਤੇ ਭਾਜਪਾ ਦੇ ਭਾਈਵਾਲਾਂ ਦਾ ਵਿਦੇਸ਼ ਨੀਤੀ ਦੇ ਮੁੱਦਿਆਂ 'ਚ ਕੋਈ ਦਖ਼ਲ ਨਹੀਂ ਹੈ, ਪਰ ਲੋਕਾਂ ਦੀਆਂ ਨਜ਼ਰਾਂ ਤੋਂ ਦੇਖਿਆ ਜਾਵੇ ਤਾਂ ਐੱਨਡੀਏ ਗੱਠਜੋੜ ਆਂਢ-ਗੁਆਂਢ 'ਚ ਭਾਰਤ ਦੀ ਸਾਖ਼ ਨੂੰ ਬਿਹਤਰ ਕਰੇਗਾ।

ਸਰਗਰਮੀ ਨਾਲ ਪਾਕਿਸਤਾਨ ਪ੍ਰਤੀ ਸਨੇਹ ਦਿਖਾਏ ਬਿਨਾਂ, ਐੱਨਡੀਏ ਸਰਕਾਰ ਸ਼ਾਇਦ ਦੋਸਤਾਨਾ ਪ੍ਰਸਤਾਵ ਦਾ ਹੁੰਗਾਰਾ ਭਰ ਸਕਦੀ ਹੈ ਅਤੇ ਇਸ ਸ਼ਰਤ 'ਤੇ ਮੁੜ ਰਾਬਤਾ ਕਾਇਮ ਕਰ ਸਕਦੀ ਹੈ ਕਿ ਅਣਸੁਲਝੇ ਦੁਵੱਲੇ ਮੁੱਦਿਆਂ ਨੂੰ ਕੇਵਲ ਆਪਸੀ ਅਨੁਭਵ ਤੇ ਰਿਸ਼ਤੇ ਬਿਹਤਰ ਕਰ ਕੇ ਸੁਲਝਾਇਆ ਜਾ ਸਕਦਾ ਹੈ, ਹੋਰ ਕੋਈ ਰਾਹ ਵੀ ਨਹੀਂ ਬਚਿਆ। ਨਵਾਜ਼ ਸ਼ਰੀਫ ਵੱਲੋਂ ਮੋਦੀ ਨੂੰ ਭੇਜਿਆ ਵਧਾਈ ਸੰਦੇਸ਼ ਜਿਸ ਵਿੱਚ 'ਨਫ਼ਰਤ ਨੂੰ ਉਮੀਦ ਵਿੱਚ ਬਦਲਣ' ਦੀ ਅਪੀਲ ਹੈ, ਇੱਕ ਸਕਾਰਾਤਮਕ ਸੰਕੇਤ ਹੈ।

ਭਾਰਤ ਤੇ ਚੀਨ ਦਰਮਿਆਨ ਰਿਸ਼ਤੇ ਵਿਰੋਧੀ ਬਣੇ ਰਹਿਣ ਦੀ ਸੰਭਾਵਨਾ ਹੈ ਕਿਉਂਕਿ ਪੇਈਚਿੰਗ ਪੂਰਬੀ ਲੱਦਾਖ 'ਚ ਪਹਿਲਾਂ ਵਾਲੀ ਸਥਿਤੀ ਜਲਦੀ ਬਹਾਲ ਕਰਨ ਦੇ ਰੌਂਅ ਵਿੱਚ ਆਉਂਦਾ ਨਹੀਂ ਜਾਪਦਾ। ਇਸ ਦੇ ਬਾਵਜੂਦ ਚੀਨ ਨੂੰ ਭਾਰਤ ਅਜਿਹੇ ਦੁਸ਼ਮਣ ਵਜੋਂ ਨਹੀਂ ਦੇਖੇਗਾ ਜਿਸ ਨਾਲ ਫ਼ੌਜੀ ਦ੍ਰਿਸ਼ਟੀ ਤੋਂ ਲੜਿਆ ਜਾ ਸਕੇ। ਭਾਰਤ ਆਪਣੇ ਮਿੱਤਰਾਂ ਦੇ ਨਾਲ ਚੀਨ ਦੀ ਹੱਠਧਰਮੀ 'ਤੇ ਕਾਬੂ ਰੱਖਣ ਦੀ ਕੋਸ਼ਿਸ਼ ਕਰੇਗਾ ਤੇ ਇਸ ਨੂੰ ਕੌਮਾਂਤਰੀ ਨੇਮਾਂ ਦੀ ਪਾਲਣਾ ਅਤੇ ਰਿਸ਼ਤਿਆਂ 'ਚ ਸ਼ਾਂਤੀਪੂਰਨ ਸੰਤੁਲਨ ਮੁੜ ਕਾਇਮ ਕਰਨ ਲਈ ਮਨਾਏਗਾ।

ਖੇਤਰੀ ਸਹਿਯੋਗ ਬਾਰੇ ਦੱਖਣ ਏਸ਼ਿਆਈ ਸੰਗਠਨ (ਸਾਰਕ) ਨੂੰ ਮੁੜ ਸੁਰਜੀਤ ਕਰਨ ਦਾ ਵਕਤ ਆ ਗਿਆ ਹੈ ਜਿਸ ਦੇ ਸਿਰਫ਼ 18 ਸੰਮੇਲਨ ਹੋਏ ਹਨ, ਜਿਨ੍ਹਾਂ ਵਿੱਚੋਂ ਆਖਰੀ ਦਹਾਕਾ ਪਹਿਲਾਂ ਕਾਠਮੰਡੂ ਵਿੱਚ ਹੋਇਆ ਸੀ। ਇਸ ਸੰਮੇਲਨ ਨੇ ਰਾਸ਼ਟਰੀ, ਖੇਤਰੀ ਤੇ ਉਪ-ਖੇਤਰੀ ਉੱਦਮਾਂ ਤੇ ਪ੍ਰਬੰਧਾਂ ਨੂੰ ਮਨਜ਼ੂਰੀ ਦਿੱਤੀ ਸੀ। ਬਹੁ-ਖੇਤਰੀ ਤਕਨੀਕੀ ਤੇ ਆਰਥਿਕ ਸਹਿਯੋਗ ਲਈ ਕੀਤੇ ਗਏ ਬੰਗਲਾਦੇਸ਼-ਭੂਟਾਨ-ਭਾਰਤ-ਨੇਪਾਲ ਅਤੇ ਬੰਗਾਲ ਦੀ ਖਾੜੀ ਦੇ ਉੱਦਮਾਂ 'ਚ ਮੁੜ ਰੂਹ ਫੂਕਣ ਦੀ ਲੋੜ ਹੈ।

ਮੋਦੀ ਦੀ 'ਨੇਬਰਹੁੱਡ ਫਸਟ' ਨੀਤੀ ਵਿੱਚ ਰੱਖੇ ਗਏ ਟੀਚੇ ਉਤਸ਼ਾਹੀ ਹਨ ਤੇ ਰੁਕਾਵਟਾਂ ਵੀ ਕਈ ਹਨ। ਗੁਆਂਢੀਆਂ ਨਾਲ ਚੀਜ਼ਾਂ ਬਿਹਤਰ ਕਰਨਾ ਇੱਕ ਔਖੀ ਪ੍ਰਕਿਰਿਆ ਹੈ, ਅਕਸਰ ਇਸ ਦੇ ਨਤੀਜੇ ਅਨਿਸ਼ਚਿਤ ਹੁੰਦੇ ਹਨ। ਹਾਲਾਂਕਿ, ਕੋਸ਼ਿਸ਼ ਦਾ ਕੋਈ ਬਦਲ ਨਹੀਂ ਹੈ। ਆਪਣੇ ਗੁਆਂਢ 'ਚ ਰਿਸ਼ਤੇ ਬਿਹਤਰ ਕੀਤੇ ਬਿਨਾਂ ਭਾਰਤ ਆਲਮੀ ਮੰਚ 'ਤੇ ਬੰਧਨਮੁਕਤ ਹੋ ਕੇ ਅੱਗੇ ਨਹੀਂ ਵਧ ਸਕਦਾ।

# ਮੋਦੀ ਦੇ ਤੀਜੇ ਕਾਰਜਕਾਲ ਨੂੰ ਦਰਪੇਸ਼ ਚੁਣੌਤੀਆਂ



**ਜੀ ਪਾਰਥਾਸਾਰਥੀ**

ਭਾਰਤ ਦੀਆਂ ਆਰਥਿਕ ਨੀਤੀਆਂ ਦੀ ਸੁਭਾਵਿਕ ਤੌਰ 'ਤੇ ਆਲੋਚਨਾ ਹੁੰਦੀ ਰਹੀ ਹੈ ਪਰ ਹੁਣ ਕੌਮਾਂਤਰੀ ਪੱਧਰ 'ਤੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਆਰਥਿਕ ਉਦਾਰੀਕਰਨ ਦੀ ਆਮਦ ਅਤੇ 'ਲਾਇਸੈਂਸ, ਪਰਮਿਟ, ਕੋਟਾ ਰਾਜ' ਦੇ ਖਾਤਮੇ ਤੋਂ ਬਾਅਦ ਭਾਰਤ ਦੀ ਆਰਥਿਕ ਵਿਕਾਸ ਦਰ ਵਿਚ ਤੇਜ਼ੀ ਆਈ ਹੈ। ਦਰਅਸਲ, ਭਾਰਤ ਅਤੇ ਦੁਨੀਆ ਪੱਧਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਇਸ ਤਬਦੀਲੀ ਦੇ ਕਰਨਧਾਰ ਡਾ. ਮਨਮੋਹਨ ਸਿੰਘ ਸਨ ਜਿਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਬਣ ਕੇ ਇਸ ਮਾਮਲੇ ਵਿਚ ਅਗਵਾਈ ਕੀਤੀ ਸੀ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਵਿਆਪਕ ਤੌਰ 'ਤੇ ਸਲਾਹਿਆ ਵੀ ਜਾਂਦਾ ਹੈ। ਗ਼ੌਰਤਲਬ ਗੱਲ ਇਹ ਵੀ ਹੈ ਕਿ ਅਰਥਚਾਰੇ ਨੂੰ ਖੋਲ੍ਹਣ ਦੀਆਂ ਉਨ੍ਹਾਂ ਦੀਆਂ ਪਹਿਲਕਦਮੀਆਂ ਕਈ ਨਵੇਂ ਪਾਸਾਰ ਲੈ ਚੁੱਕੀਆਂ ਹਨ। ਭਾਰਤ ਨੂੰ ਹੁਣ ਦੁਨੀਆ ਅੰਦਰ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਅਰਥਚਾਰਾ ਮੰਨਿਆ ਜਾਂਦਾ ਹੈ। ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਦਾ ਅਨੁਮਾਨ ਹੈ ਕਿ ਇਸ ਸਾਲ ਭਾਰਤ ਦਾ ਅਰਥਚਾਰਾ 6.6 ਫ਼ੀਸਦ ਦੀ ਦਰ ਨਾਲ ਤਰੱਕੀ ਕਰੇਗਾ।



ਹਾਲਾਂਕਿ ਭਾਰਤ ਆਰਥਿਕ ਵਿਕਾਸ ਦੀਆਂ ਉਚੇਰੀਆਂ ਦਰਾਂ ਹਾਸਿਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ ਪਰ ਇਹ ਗੱਲ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਦੁਨੀਆ ਵਿਚ ਭਾਰਤ ਦੀ ਪੁਜ਼ੀਸ਼ਨ ਅਤੇ ਅਸਰ ਰਸੂਖ ਵਡੇਰੇ ਰੂਪ ਵਿਚ ਇਸ ਦੀ ਆਰਥਿਕ ਅਤੇ ਤਕਨੀਕੀ ਤਰੱਕੀ ਨਾਲ ਨਿਰਧਾਰਤ ਹੋਵੇਗਾ। ਇਸ ਦੇ ਮੱਦੇਨਜ਼ਰ ਭਾਰਤ ਕੋਲ ਆਪਣੇ ਨੇੜਲੇ ਗੁਆਂਢੀਆਂ ਨਾਲ ਇਸ ਤਰ੍ਹਾਂ ਸਬੰਧ ਮਜ਼ਬੂਤ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ ਤਾਂ ਕਿ ਇਸ ਦੇ ਪੱਛਮ ਵਿਚ ਲਾਲ ਸਾਗਰ ਅਤੇ ਫਾਰਸ ਦੀ ਖਾੜੀ ਤੋਂ ਲੈ ਕੇ ਪੂਰਬ ਵਿਚ ਮਲੱਕਾ ਜਲਮਾਰਗ ਤੱਕ ਸੁਰੱਖਿਆ ਅਤੇ ਅਮਨ ਸੁਨਿਸ਼ਚਤ ਹੋ ਸਕੇ। ਇਹ ਗੱਲ ਵਿਆਪਕ ਤੌਰ 'ਤੇ ਪ੍ਰਵਾਨ ਕੀਤੀ ਜਾਂਦੀ ਹੈ ਕਿ ਭਾਰਤ ਨੂੰ ਆਪਣੀਆਂ ਸਰਹੱਦਾਂ ਤੋਂ ਪਰ੍ਹੇ ਤੱਕ ਦਰਪੇਸ਼ ਮੁੱਖ ਚੁਣੌਤੀਆਂ ਚੀਨ ਦੀਆਂ ਵਿਸਤਾਰਵਾਦੀ ਖਾਹਿਸ਼ਾਂ ਅਤੇ ਨੀਤੀਆਂ ਤੋਂ ਉਪਜ ਰਹੀਆਂ ਹਨ। ਭਾਰਤ ਪਿਛਲੇ ਕਾਫ਼ੀ ਲੰਮੇ ਅਰਸੇ ਤੋਂ ਤੇਲ ਸਰੋਤਾਂ ਨਾਲ ਭਰਪੂਰ ਫਾਰਸ ਦੀ ਖਾੜੀ ਖ਼ਿੱਤੇ ਵਿਚ ਪੈਂਦੇ ਇਰਾਨ ਅਤੇ ਅਰਬ ਮੁਲਕਾਂ ਨਾਲ ਕਰੀਬੀ ਸਬੰਧ ਕਾਇਮ ਕਰਨਾ ਚਾਹੁੰਦਾ ਹੈ ਜਿੱਥੇ ਕਰੀਬ 60 ਲੱਖ ਭਾਰਤੀ ਰਹਿ ਰਹੇ ਹਨ। ਭਾਰਤ ਨੇ ਸਾਊਦੀ ਅਰਬ ਨਾਲ ਕਰੀਬੀ ਸਬੰਧ ਕਾਇਮ ਕਰ ਲਏ ਹਨ ਅਤੇ ਨਾਲੋ-ਨਾਲ ਸੰਯੁਕਤ ਅਰਬ ਅਮੀਰਾਤ (ਯੂਏਈ) ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਬਣਾ ਕੇ ਰੱਖਿਆ ਹੈ। ਭਾਰਤ ਨੇ ਅਮਰੀਕਾ ਅਤੇ ਸਾਊਦੀ ਅਰਬ ਵਿਚਕਾਰ ਸੁਖਾਵੇਂ ਕੰਮਕਾਜੀ ਸਬੰਧ ਬਣਾ ਕੇ ਰੱਖਣ ਵਿਚ ਅਹਿਮ ਭੂਮਿਕਾ ਨਿਭਾਈ ਹੈ ਜਿਨ੍ਹਾਂ ਵਿਚ ਉਦੋਂ ਤਲਖ਼ੀ ਪੈਦਾ ਹੋ ਗਈ ਸੀ ਜਦੋਂ ਰਾਸ਼ਟਰਪਤੀ ਬਾਇਡਨ ਨੇ ਸਾਊਦੀ ਰਾਜਸ਼ਾਹੀ ਮੁਤੱਲਕ ਕੁਝ ਬੇਸੁਆਦੀਆਂ ਟਿੱਪਣੀਆਂ ਕੀਤੀਆਂ ਸਨ। ਯੂਏਈ ਦੇ ਕੌਮੀ ਸੁਰੱਖਿਆ ਸਲਾਹਕਾਰ ਸ਼ੇਖ ਤਹਿਨੂਨ ਬਿਨ ਜ਼ਾਇਦ ਅਲ ਨਾਹਿਯਾਨ ਨੇ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਅਤੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਵਿਚਾਲੇ ਹੋਏ ਮੀਟਿੰਗ ਵਿਚ ਸ਼ਿਰਕਤ ਕੀਤੀ ਸੀ। ਇਹ ਮੁਲਾਕਾਤ ਭਾਰਤ ਦੇ ਕੌਮੀ ਸੁਰੱਖਿਆ-ਸਲਾਹਕਾਰ ਅਜੀਤ ਡੋਵਾਲ ਦੇ ਯਤਨਾਂ ਸਦਕਾ ਹੋਈ ਸੀ। ਯੂਏਈ, ਅਮਰੀਕਾ ਅਤੇ ਭਾਰਤ ਦਰਮਿਆਨ ਸਹਿਯੋਗ ਵਧਾਉਣ ਲਈ ਇਕ ਸੰਧੀ ਨੂੰ ਅੰਤਮ ਰੂਪ ਦਿੱਤਾ ਗਿਆ ਅਤੇ ਥੋੜ੍ਹੀ ਦੇਰ ਬਾਅਦ ਇਸ 'ਤੇ ਸਹੀ ਪਾਈ ਗਈ ਸੀ। ਇਸ ਸਦਕਾ ਭਾਰਤ ਲਈ ਹਿੰਦ ਮਹਾਸਾਗਰ ਦੇ ਪੱਛਮੀ ਕੰਢਿਆਂ 'ਤੇ ਪੈਂਦੇ ਛੇ ਅਰਬ ਮੁਲਕਾਂ ਨਾਲ ਮਿਲ ਕੇ ਇਕ ਹਾਂਦਰੂ ਅਤੇ ਸਹਿਯੋਗੀ ਭੂਮਿਕਾ ਨਿਭਾਉਣ ਲਈ ਮੈਦਾਨ ਤਿਆਰ ਹੋ ਗਿਆ।

ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਕਾਫ਼ੀ ਵਾਧਾ ਹੋਇਆ ਜਦੋਂ ਅਮਰੀਕਾ ਨੇ ਇਹ ਫ਼ੈਸਲਾ ਕਰ ਲਿਆ ਕਿ ਭਾਰਤ ਹਿੰਦ ਮਹਾਸਾਗਰ ਦੇ ਆਸ ਪੜੋਸ ਵਿਚ ਚੀਨ ਦੇ ਪ੍ਰਭਾਵ ਨੂੰ ਸਾਵਾਂ ਕਰਨ ਲਈ ਯਤਨ ਕਰ ਸਕਦਾ ਹੈ ਅਤੇ ਕਰੇਗਾ। ਚੀਨ ਨੇ ਆਪਣੀਆਂ ਨੀਤੀਆਂ ਵਿਚ ਕਦੇ ਕੋਈ ਲੁਕੋਅ ਨਹੀਂ ਰੱਖਿਆ ਕਿ ਉਹ ਆਪਣੇ ਆਸ ਪੜੋਸ ਵਿਚ ਭਾਰਤ ਦੇ ਪ੍ਰਭਾਵ ਨੂੰ ਸੀਮਤ ਕਰਨ ਲਈ ਦ੍ਰਿੜ ਸੰਕਲਪ ਹੈ। ਚੀਨ ਵਲੋਂ ਪਾਕਿਸਤਾਨ ਦੇ ਮਿਸਾਈਲ ਅਤੇ ਪ੍ਰਮਾਣੂ ਹਥਿਆਰਾਂ ਦੀਆਂ ਸਮਰੱਥਾਵਾਂ ਲਈ ਮਦਦ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਹ ਭਾਰਤ ਨਾਲ ਲਗਦੀਆਂ ਪਾਕਿਸਤਾਨ ਦੀਆਂ ਪੱਛਮੀ ਸਰਹੱਦਾਂ 'ਤੇ ਵੀ ਤਾਲਮੇਲ ਕਰ ਰਿਹਾ ਹੈ ਭਾਰਤ ਵਲੋਂ ਰਣਨੀਤਕ ਚਾਬਹਾਰ ਬੰਦਰਗਾਹ ਦੇ ਨਿਰਮਾਣ ਸਹਿਤ ਇਰਾਨ ਨਾਲ ਸਬੰਧ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਨਾਲ ਮੱਧ ਏਸ਼ੀਆ ਵਿਚ ਇਸ ਦੀ ਆਰਥਿਕ ਅਤੇ ਸਮੁੰਦਰੀ ਰਸਾਈ ਵਿਚ ਵਾਧਾ ਹੋ ਗਿਆ ਹੈ ਅਤੇ ਪਾਕਿਸਤਾਨ ਵਲੋਂ ਅਫ਼ਗਾਨਿਸਤਾਨ ਤਕ ਭਾਰਤ ਦੀ ਰਸਾਈ ਨੂੰ ਰੋਕਣ ਦੀ ਸਮੱਰਥਾ ਸੀਮਤ ਹੋ ਗਈ ਹੈ।

ਹਾਲਾਂਕਿ ਅਮਰੀਕਾ ਨੇ ਭਾਰਤ ਦੇ ਇਰਾਨ ਨਾਲ ਵਧ ਰਹੇ ਸਬੰਧਾਂ 'ਤੇ ਉਜਰ ਕੀਤਾ ਸੀ ਪਰ ਹੁਣ ਜਾਪਦਾ ਹੈ ਕਿ ਉਸ ਨੇ ਭਾਰਤ ਨੂੰ ਅਫਗਾਨਿਸਤਾਨ ਅਤੇ ਇਰਾਨ ਨਾਲ ਟ੍ਰਾਂਸਪੋਰਟ ਲਾਂਘੇ ਪ੍ਰਾਜੈਕਟ ਲਈ ਹਰੀ ਝੰਡੀ ਦੇ ਦਿੱਤੀ ਹੈ। ਪਾਕਿਸਤਾਨ ਇਸ ਟ੍ਰਾਂਸਪੋਰਟ ਲਾਂਘੇ ਤੋਂ ਖੁਸ਼ ਨਹੀਂ ਹੈ ਕਿਉਂਕਿ ਇਸ ਕਰ ਕੇ ਰਾਵਲਪਿੰਡੀ ਭਾਰਤ ਨੂੰ ਅਫ਼ਗਾਨਿਸਤਾਨ, ਇਰਾਨ ਅਤੇ ਮੱਧ ਏਸ਼ੀਆ ਤੱਕ ਰਸਾਈ ਤੋਂ ਰੋਕ ਨਹੀਂ ਸਕੇਗਾ। ਉਸ ਤੋਂ ਬਾਅਦ ਇਹ ਲਾਂਘਾ ਕੌਮਾਂਤਰੀ ਉੱਤਰੀ ਦੱਖਣੀ ਟ੍ਰਾਂਸਪੋਰਟ ਲਾਂਘੇ (ਆਈਐੱਨਐੱਸਸੀਟੀ) ਲਈ ਭਾਰਤ ਦੀ ਰਸਾਈ ਦਾ ਦੁਆਰ ਬਣ ਜਾਵੇਗਾ ਜੋ ਕਿ ਮੋੜਵੇਂ ਰੂਪ ਵਿਚ ਭਾਰਤ ਨੂੰ ਸਮੁੰਦਰ, ਰੇਲ ਅਤੇ ਸੜਕ ਰਾਹੀਂ ਮੱਧ ਏਸ਼ੀਆ ਅਤੇ ਰੂਸ ਅਤੇ ਅੰਤ ਨੂੰ ਯੂਰਪ ਨਾਲ ਜੋੜ ਦੇਵੇਗਾ।

ਇਕ ਅਹਿਮ ਕਾਰਨ ਜਿਸ ਨੇ ਭਾਰਤ-ਅਮਰੀਕਾ ਦੇ ਰਿਸ਼ਤਿਆਂ ਨੂੰ ਪ੍ਰਭਾਵਿਤ ਕੀਤਾ ਹੈ, ਉਹ ਹੈ ਅਮਰੀਕੀ ਮੀਡੀਆ ਵੱਲੋਂ ਭਾਰਤ ਵਿਚ ਕਥਿਤ ਜਮਹੂਰੀ ਹੱਕਾਂ ਦੀ ਉਲੰਘਣਾ ਦੀ ਲਗਾਤਾਰ ਆਲੋਚਨਾ। ਵਿਆਪਕ ਧਾਰਨਾ ਹੈ ਕਿ ਮੀਡੀਆ ਵੱਲੋਂ ਕੀਤੀ ਜਾਂਦੀ ਇਸ

**(ਬਾਕੀ ਸਫਾ 6 'ਤੇ)**

# ਪ੍ਰੋ. ਬਲਵਿੰਦਰ ਸਿੰਘ ਬਾਗੀ (ਬੇਗੋਵਾਲ) ਦੇ ਸਪੁੱਤਰ ਸਵਰਗਵਾਸ



Late S. Mandip Singh
14-12-1988 To 09-06-2024

ਬੱਸੀ ਜੈਦ (ਕਪੂਰਥਲਾ)- ਬੜੇ ਹੀ ਦੁੱਖ ਨਾਲ ਇਹ ਖਬਰ ਪੜ੍ਹੀ ਜਾਵੇਗੀ ਕਿ ਮੇਰੇ ਪਰਮ ਮਿੱਤਰ ਸ. ਬਲਵਿੰਦਰ ਸਿੰਘ ਬਾਗੀ ਦੇ ਸਪੁੱਤਰ ਮਨਦੀਪ ਸਿੰਘ ਉਮਰ 35 ਸਾਲ ਦੀ ਪਿਛਲੇ ਹਫਤੇ ਡੁਬਈ 'ਚ ਹਾਦਸਾ ਹੋਣ ਨਾਲ ਮੌਤ ਹੋ ਗਈ।

ਪ੍ਰੋ. ਬਲਵਿੰਦਰ ਸਿੰਘ ਬਾਗੀ ਦੇ ਸਪੁੱਤਰ ਦਾ ਵਿਆਹ 2019 'ਚ ਫਗਵਾੜੇ ਵਿਚ ਹੋਇਆ ਤੇ ਬਾਅਦ 'ਚ ਇਕ ਪੁੱਤਰ ਦੀ ਦਾਤ ਵੀ ਘਰ 'ਚ ਆਈ। ਪਰ ਕਿਸੇ ਵਜ੍ਹਾ ਨਾਲ ਪੁੱਤਰ-ਨੂੰਹ ਦੀ ਜ਼ਿੰਦਗੀ 'ਚ ਉਹ ਪਿਆਰ ਨਾ ਰਿਹਾ ਤੇ ਰਿਸ਼ਤੇ 'ਚ ਦਰਾੜ ਪੈਣ ਲੱਗੀ।

ਹਾਲਾਤਾਂ ਨੂੰ ਵੇਖਦੇ ਹੋਏ ਪ੍ਰੋ. ਸਾਹਿਬ ਨੇ ਆਪਣੇ ਸਪੁੱਤਰ ਨੂੰ ਡੁਬਈ 'ਚ ਭੇਜ ਦਿੱਤਾ ਤਾਂ ਕਿ ਘਰ 'ਚ ਕੁਝ ਕਲੇਸ਼ ਘੱਟ ਜਾਵੇ, ਉਥੇ ਉਹ ਸਿਰਫ ਹਾਲੇ ਸਾਲ ਕੁ ਪਹਿਲਾਂ ਹੀ ਗਿਆ ਸੀ ਤੇ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ ਭਾਵੇਂ ਉਹ ਪੰਜਾਬ ਤੋਂ ਗ੍ਰੈਜੂਏਸ਼ਨ ਕਰਨ ਮਗਰੋਂ ਪੀ. ਜੀ. ਡੀ. ਸੀ. ਏ. ਤੇ ਆਈ. ਟੀ. ਆਈ. ਕਾਲਜ ਮਕਸੂਦਪੁਰ ਤੋਂ ਕਰਨ ਮਗਰੋਂ 2009 ਤੋਂ 2012 ਤੱਕ ਇੰਗਲੈਂਡ ਜਾ ਕੇ ਵੀ ਕੰਮ ਕਰ ਆਇਆ ਸੀ।

ਤੇ ਵਾਪਸ ਆ ਕੇ 2012 ਤੋਂ 2019 ਤੱਕ ਖੇਤੀਬਾੜੀ ਵੀ ਕਰਦਾ ਰਿਹਾ ਪਰ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਡੁਬਈ ਜਾ ਕੇ ਵੀ ਕੰਮ ਕਰਨ ਲੱਗਾ ਤੇ ਪਿਛਲੇ ਹਫਤੇ ਮਨਹੂਸ ਦਿਨ ਆਇਆ, ਜਿਸ ਦਿਨ ਉਸਦੇ ਟਰੱਕ ਦੀ ਟੱਕਰ ਹੋ ਗਈ ਤੇ ਉਹ ਇਸ ਜਹਾਨ ਨੂੰ ਛੱਡ ਗਿਆ।

ਉਹ ਆਪਣੇ ਪਿੱਛੇ ਰੋਂਦੇ-ਕੁਰਲਾਂਦੇ ਮਾਂ-ਪਿਓ ਪ੍ਰੋ. ਬਲਵਿੰਦਰ ਸਿੰਘ ਬਾਗੀ ਤੇ ਮਾਤਾ ਸੋਮਾਵਤੀ ਤੇ ਭੈਣ ਪਰੀਤਜੋਤ ਕੌਰ (ਇਟਲੀ ਨਿਵਾਸੀ) ਨੂੰ ਛੱਡ ਗਿਆ। ਵਾਹਿਗੁਰੂ ਕੋਲ ਅਸੀਂ ਅਦਾਰਾ 'ਪਰਦੇਸ ਟਾਇਮਜ਼' ਵੱਲੋਂ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ। ਵਾਹਿਗੁਰੂ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ। **- ਬਲਬੀਰ ਸਿੰਘ ਐਮ. ਏ.**

# ਜਲੰਧਰ ਜ਼ਿਮਨੀ ਚੋਣ ਲਈ 16 ਉਮੀਦਵਾਰ ਮੈਦਾਨ ਵਿੱਚ



ਜਲੰਧਰ- ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਲਈ ਪੜਤਾਲ ਦੌਰਾਨ 16 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ। ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕੁੱਲ 23 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ ਸਨ। ਪੜਤਾਲ ਦੌਰਾਨ 7 ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ। ਰਾਜ ਕੁਮਾਰ, ਇੰਦਰਜੀਤ ਸਿੰਘ, ਵਿਸ਼ਾਲ, ਅਜੇ ਕੁਮਾਰ ਭਗਤ, ਨੀਟੂ ਸ਼ਟਰਾਂ ਵਾਲਾ, ਅਜੇ, ਵਰੁਣ ਕਲੇਰ, ਅਮਿਤ ਕੁਮਾਰ, ਆਰਤੀ ਅਤੇ ਦੀਪਕ ਭਗਤ (ਸਾਰੇ ਆਜ਼ਾਦ) ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਸਪਾ ਦੇ ਬਿੰਦਰ ਕੁਮਾਰ ਲਾਖਾ, ਆਮ ਆਦਮੀ ਪਾਰਟੀ ਦੇ ਮਹਿੰਦਰਪਾਲ, ਇੰਡੀਅਨ ਨੈਸ਼ਨਲ ਕਾਂਗਰਸ ਦੇ ਸੁਰਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੁਰਜੀਤ ਕੌਰ ਦੇ ਨਾਮਜ਼ਦਗੀ ਪੱਤਰ ਦਰੁਸਤ ਪਾਏ ਗਏ ਸਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ ਉਨ੍ਹਾਂ ਵਿੱਚ ਅੰਜੂ ਅੰਗੁਰਾਲ ਕਵਰਿੰਗ ਉਮੀਦਵਾਰ ਭਾਜਪਾ, ਕਰਨ ਸੁਮਨ ਕਵਰਿੰਗ ਉਮੀਦਵਾਰ ਕਾਂਗਰਸ, ਅਤੁਲ ਭਗਤ ਕਵਰਿੰਗ ਉਮੀਦਵਾਰ ਆਮ ਆਦਮੀ ਪਾਰਟੀ, ਪਰਮਜੀਤ ਮੱਲ ਕਵਰਿੰਗ ਉਮੀਦਵਾਰ ਬਸਪਾ ਸ਼ਾਮਲ ਹਨ, ਕਿਉਂ ਜੋ ਪਾਰਟੀਆਂ ਦੇ ਮੁੱਖ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ ਹਨ। ਇਸ ਤੋਂ ਇਲਾਵਾ ਇਕਬਾਲ ਚੰਦ, ਬਲਵਿੰਦਰ ਕੁਮਾਰ ਅਤੇ ਮਹਿੰਦਰਪਾਲ ਦੇ ਕਾਗਜ਼ ਰੱਦ ਕੀਤੇ ਗਏ ਹਨ।

# ਸਰਕਾਰ ਤੇ ਵਿਰੋਧੀ ਧਿਰ ਵਿਚਕਾਰ ਸੰਵਿਧਾਨ ਦਾ ਮੁੱਦਾ ਭਖਿਆ

## ਐਮਰਜੰਸੀ ਲਾਉਣ ਵਾਲਿਆਂ ਨੂੰ ਸੰਵਿਧਾਨ ਨਾਲ ਪਿਆਰ ਦਿਖਾਉਣ ਦਾ ਹੱਕ ਨਹੀਂ- ਮੋਦੀ

## 'ਇੰਡੀਆ' ਗੱਠਜੋੜ ਵੱਲੋਂ ਇਕਜੁੱਟਤਾ ਦਾ ਪ੍ਰਗਟਾਵਾ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਐਮਰਜੰਸੀ ਲਗਾ ਕੇ ਬੁਨਿਆਦੀ ਆਜ਼ਾਦੀ ਨੂੰ ਤਬਾਹ ਕੀਤਾ ਅਤੇ ਭਾਰਤ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ, ਉਨ੍ਹਾਂ ਨੂੰ ਸੰਵਿਧਾਨ ਪ੍ਰਤੀ ਪਿਆਰ ਜ਼ਾਹਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਐਮਰਜੰਸੀ ਦੀ ਵਰ੍ਹੇਗੰਢ 'ਤੇ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟਾਂ ਦੀ ਲੜੀ 'ਚ ਕਿਹਾ ਕਿ ਜਿਸ ਮਾਨਸਿਕਤਾ ਕਾਰਨ ਦੇਸ਼ 'ਚ ਐਮਰਜੰਸੀ ਲਗਾਈ ਗਈ ਸੀ, ਉਸ ਪਾਰਟੀ 'ਚ ਉਹ ਮਾਨਸਿਕਤਾ ਹਾਲੇ ਵੀ ਜ਼ਿੰਦਾ ਹੈ।

### ਦੇਸ਼ ਪੱਧਰ 'ਤੇ ਐਮਰਜੈਂਸੀ ਦੀ ਬਰਸੀ ਮਨਾਏਗੀ ਭਾਜਪਾ

ਭਾਜਪਾ ਨੇ ਅੱਜ ਕਿਹਾ ਕਿ ਉਹ 1975 ਦੀ ਐਮਰਜੈਂਸੀ ਦੀ ਬਰਸੀ ਮੌਕੇ ਇੱਕ ਦੇਸ਼ ਪੱਧਰੀ ਪ੍ਰੋਗਰਾਮ ਸ਼ੁਰੂ ਕਰੇਗੀ। ਭਾਜਪਾ ਦੇ ਮੁੱਖ ਬੁਲਾਰੇ ਅਨਿਲ ਬਲੂਨੀ ਨੇ ਕਿਹਾ ਕਿ ਪਾਰਟੀ ਪ੍ਰਧਾਨ ਜੇਪੀ ਨੱਢਾ 25 ਜੂਨ ਨੂੰ ਪਾਰਟੀ ਹੈੱਡਕੁਆਰਟਰ 'ਤੇ 'ਲੋਕਤੰਤਰ ਦੇ ਕਾਲੇ ਦਿਨ' ਦੇ ਸਿਰਲੇਖ ਹੇਠ ਕਰਵਾਏ ਜਾਣ ਵਾਲੇ ਪ੍ਰੋਗਰਾਮ ਨੂੰ ਸੰਬੋਧਨ ਕਰਨਗੇ। ਉਨ੍ਹਾਂ ਕਿਹਾ ਕਿ ਐਮਰਜੈਂਸੀ ਭਾਰਤ ਦੇ ਮਹਾਨ ਲੋਕਤੰਤਰ ਦਾ ਇੱਕ ਕਾਲਾ ਅਧਿਆਏ ਹੈ ਜਿਸ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਦੇਸ਼ 'ਚ ਲੋਕਤੰਤਰ ਦਾ ਗਲਾ ਘੁੱਟਦਿਆਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 25 ਜੂਨ 1975 ਨੂੰ ਦੇਸ਼ 'ਤੇ ਐਮਰਜੈਂਸੀ ਥੋਪੀ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਨੇ 21 ਮਹੀਨੇ ਤੱਕ ਦੇਸ਼ ਦੇ ਲੋਕਤੰਤਰ ਤੇ ਭਾਰਤ ਦੇ ਸੰਵਿਧਾਨ ਨੂੰ ਬੰਦੀ ਬਣਾ ਕੇ ਰੱਖਿਆ ਅਤੇ ਦੇਸ਼ ਦੇ ਲੋਕਾਂ, ਮੀਡੀਆ ਤੇ ਵਿਰੋਧੀ ਧਿਰ ਦੇ ਆਗੂਆਂ 'ਤੇ ਅਣਗਿਣਤ ਜ਼ੁਲਮ ਕੀਤੇ।

### ਕਾਂਗਰਸ ਨੇ ਉਠਾਇਆ ਸੰਵਿਧਾਨ ਦਾ ਮੁੱਦਾ

ਕਾਂਗਰਸ ਸੰਸਦੀ ਪਾਰਟੀ ਦੀ ਮੁਖੀ ਸੋਨੀਆ ਗਾਂਧੀ, ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਵਿਰੋਧੀ ਪਾਰਟੀ ਦੇ ਗੱਠਜੋੜ 'ਇੰਡੀਆ' ਦੀਆਂ ਕਈ ਪਾਰਟੀਆਂ ਦੇ ਨੇਤਾ 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਦੇ ਪਹਿਲੇ ਦਿਨ ਸੰਵਿਧਾਨ ਦੀਆਂ ਕਾਪੀਆਂ ਲੈ ਕੇ ਸਦਨ 'ਚ ਪੁੱਜੇ ਤੇ ਇਕਜੁੱਟਤਾ ਜ਼ਾਹਿਰ ਕੀਤੀ। ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਵਿਰੋਧੀ ਸੰਸਦ ਮੈਂਬਰ ਸੰਸਦ ਦੇ ਗਲਿਆਰੇ 'ਚ ਇਕੱਠੇ ਹੋਏ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ 'ਸੰਵਿਧਾਨ ਦੀ ਰਾਖੀ ਅਸੀਂ ਕਰਾਂਗੇ' ਅਤੇ 'ਤਾਨਾਸ਼ਾਹੀ ਨਹੀਂ ਚੱਲੇਗੀ' ਦੇ ਨਾਅਰੇ ਵੀ ਮਾਰੇ। ਇਸ ਦੌਰਾਨ ਸੋਨੀਆ ਗਾਂਧੀ, ਖੜਗੇ, ਰਾਹੁਲ ਗਾਂਧੀ ਅਤੇ ਡੀਐੱਮਕੇ, ਟੀਐੱਮਸੀ ਤੇ 'ਇੰਡੀਆ' ਗੱਠਜੋੜ ਦੀਆਂ ਕਈ ਹੋਰ ਪਾਰਟੀਆਂ ਦੇ ਸੰਸਦ ਮੈਂਬਰ ਵੀ ਹਾਜ਼ਰ ਸਨ। ਕਾਂਗਰਸ ਦੇ ਜਥੇਬੰਦਕ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਵਿਰੋਧੀ ਮੈਂਬਰਾਂ ਦੇ ਨਾਅਰੇਬਾਜ਼ੀ ਕਰਦਿਆਂ ਦੀ ਵੀਡੀਓ ਸਾਂਝੀ ਕਰਦਿਆਂ ਐਕਸ 'ਤੇ ਲਿਖਿਆ, 'ਅਸੀਂ ਲੋਕਤੰਤਰ ਦੇ ਪਹਿਰੇਦਾਰ ਹਾਂ। ਅਸੀਂ ਸੰਵਿਧਾਨ ਦੀ ਰਾਖੀ ਕਰਨ ਤੇ ਉਸ ਨੂੰ ਕਾਇਮ ਰੱਖਣ ਲਈ ਪ੍ਰਤੀਬੱਧ ਹਾਂ। ਅਸੀਂ ਅਨਿਆਂ ਖ਼ਿਲਾਫ਼ ਲੜਨ ਦੇ ਆਪਣੇ ਦ੍ਰਿੜ੍ਹ ਨਿਸ਼ਚੇ ਲਈ ਇਕਜੁੱਟ ਹਾਂ।' ਉਨ੍ਹਾਂ ਕਿਹਾ ਕਿ 'ਇੰਡੀਆ' ਗੱਠਜੋੜ ਰਾਸ਼ਟਰਪਿਤਾ ਮਹਾਤਮਾ ਗਾਂਧੀ ਦਾ ਆਸ਼ੀਰਵਾਦ ਲੈ ਕੇ ਸੰਸਦ 'ਚ ਲੋਕ ਮੁੱਦਿਆਂ, ਚੁਣੌਤੀਆਂ ਤੇ ਆਸਾਂ ਨੂੰ ਆਵਾਜ਼ ਦੇਣ ਅਤੇ ਸਰਕਾਰ ਨੂੰ ਹਰ ਮਿੰਟ ਕੰਟਰੋਲ ਹੇਠ ਰੱਖਣ ਦੇ ਨਵੇਂ ਅਹਿਦ ਨਾਲ 18ਵੀਂ ਲੋਕ ਸਭਾ ਅੰਦਰ ਦਾਖਲ ਹੋ ਰਿਹਾ ਹੈ।

TANVIR Tour & Travels
FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

Kw SILICON CITY
KELLERWILLIAMS.
To buy Home, business or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422



Please consult before finalizing your deal or decision
REALTOR® OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131

# ਸੰਪਾਦਕੀ

## ਅਕਾਲੀ ਦਲ ਦਾ ਗ੍ਰਹਿ ਯੁੱਧ

ਲੋਕ ਸਭਾ ਚੋਣਾਂ ਤੋਂ ਬਾਅਦ ਜੋ ਵੀ ਨਤੀਜੇ ਆਏ, ਉਸ ਮੁਤਾਬਕ ਭਾਰਤ ਦੀ ਰਾਜਨੀਤੀ ਤਹਿ ਹੋ ਗਈ। ਸਰਕਾਰ ਦੁਬਾਰਾ ਬਣ ਗਈ ਅਤੇ ਵਿਰੋਧੀ ਧਿਰ ਆਪਣੇ ਅਗਲੇਰੇ ਪ੍ਰੋਗਰਾਮ ਵਿਚ ਜੁਟ ਗਈ। ਹਾਲਾਂਕਿ ਸਾਰੀਆਂ ਪਾਰਟੀਆਂ ਜਿੱਤ-ਹਾਰ ਦੀ ਅੰਦਰੂਨੀ ਸਮੀਖਿਆ ਰਵਾਇਤੀ ਤੌਰ ਤੇ ਕਰਦੀਆਂ ਹਨ ਜਿਸ ਵਿਚ ਹਾਰ ਦੇ ਕਾਰਨ ਅਤੇ ਲੋਕ ਫਤਵੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਅਕਾਲੀ ਦਲ ਵਿਚ ਇਸ ਵਾਰ ਆਤਮ ਮੰਥਨ ਗ੍ਰਹਿ ਯੁੱਧ ਦੀ ਸ਼ਕਲ ਅਖਤਿਆਰ ਕਰਦਾ ਨਜ਼ਰ ਆ ਰਿਹਾ ਹੈ। ਅਕਾਲੀ ਦਲ ਦੇ ਬਹੁਤ ਹੀ ਪੁਰਾਣੇ ਅਤੇ ਵੱਡੇ ਮੰਨੇ ਜਾਂਦੇ ਲੀਡਰ ਖੁੱਲ੍ਹੇਆਮ ਹੀ ਸੁਖਬੀਰ ਬਾਦਲ ਦੇ ਖਿਲਾਫ ਬਗਾਵਤ ਦੇ ਸੁਰ ਵਿਚ ਨਜ਼ਰ ਆ ਰਹੇ ਹਨ। ਇੱਧਰ ਸੁਖਬੀਰ ਬਾਦਲ ਨੇ ਵੀ ਆਪਣੀ ਪਰਿਵਾਰਕ ਬਾਦਸ਼ਾਹਤ ਬਚਾਉਣ ਦੇ ਲਈ ਆਪਣੇ ਪਰ ਤੋਲਣੇ ਆਰੰਭ ਕਰ ਦਿੱਤੇ ਹਨ ਅਤੇ ਵੱਖਰੀ ਮੀ-ਟਿੰਗ ਜ਼ਿਲ੍ਹਾ ਪ੍ਰਧਾਨਾਂ ਦੀ ਸੱਦ ਕੇ ਇਹ ਸੰਕੇਤ ਦੇਣੇ ਆਰੰਭ ਕਰ ਦਿੱਤੇ ਹਨ ਕਿ ਅਕਾਲੀ ਦਲ ਤੇ ਤਾਂ ਕਬਜ਼ਾ ਉਸ ਦੇ ਹੀ ਪਰਿਵਾਰ ਦਾ ਰਹੇਗਾ।

ਅਕਾਲੀ ਦਲ ਕਾਂਗਰਸ ਤੋਂ ਬਾਅਦ ਭਾਰਤ ਦੀ ਸਭ ਤੋਂ ਪੁਰਾਣੀ ਪਾਰਟੀ ਮੰਨੀ ਜਾਂਦੀ ਹੈ। ਇਸ ਪਾਰਟੀ ਨੇ ਸਿਰਫ ਪੰਜਾਬ ਨਹੀਂ ਬਲਕਿ ਕੌਮੀ ਪੱਧਰ ਤੇ ਵੀ ਕਾਫੀ ਭੂਮਿਕਾ ਨਿਭਾਈ ਹੈ। ਪੰਜਾਬ ਦੇ ਮੁੱਦਿਆਂ ਸਮੇਤ ਇਸ ਪਾਰਟੀ ਨੇ ਐਮਰਜੈਂਸੀ ਵਰਗੇ ਸਮੇਂ ਵਿਚ ਵੀ ਡਟ ਕੇ ਲੜਾਈ ਲੜੀ ਹੈ ਪਰ ਇਹ ਵੀ ਸੱਚ ਹੈ ਕਿ ਇਹ ਪਾਰਟੀ ਟੁੱਟ-ਭੰਨ ਦੀ ਹਾਲਤ ਵਿਚ ਸ਼ੁਰੂ ਤੋਂ ਹੀ ਰਹੀ ਹੈ। ਆਜ਼ਾਦੀ ਤੋਂ ਬਾਅਦ ਅਕਾਲੀ ਦਲ ਦੀ ਸਿਆਸਤ ਬੁਨਿਆਦੀ ਮੁੱਦਿਆਂ ਤੇ ਹੁੰਦੀ ਸੀ। ਭਾਸ਼ਾ ਦੇ ਆਧਾਰ ਤੇ ਸੂਬਿਆਂ ਦੇ ਪੁਨਰ ਗਠਨ ਸਮੇਂ ਪੰਜਾਬ ਟੁੱਟ ਗਿਆ ਅਤੇ ਸਿੱਖ ਬਹੁਗਿਣਤੀ ਆਬਾਦੀ ਵਾਲਾ ਛੋਟਾ ਜਿਹਾ ਸੂਬਾ ਪੰਜਾਬ ਬਣ ਗਿਆ, ਹਰਿਆਣਾ ਅਤੇ ਹਿਮਾਚਲ ਨਿਕਲ ਗਏ। ਇਸ ਤੋਂ ਬਾਅਦ ਪੰਜਾਬ ਵਿਚ ਸੰਤਾਂ ਦੀ ਅਗਵਾਈ ਦਾ ਦੌਰ ਆਰੰਭ ਹੋਇਆ। ਸੰਤ ਲੌਂਗੋਵਾਲ, ਸੰਤ ਫਤਿਹ ਸਿੰਘ ਅਤੇ ਹੋਰ ਕਈ ਧਾਰਮਿਕ ਆਗੂਆਂ ਨੇ ਅਕਾਲੀ ਦਲ ਦੀ ਅਗਵਾਈ ਕੀਤੀ। ਇਸ ਦਰਮਿਆਨ ਅਕਾਲੀ ਦਲ ਵਿਚ ਪ੍ਰਕਾਸ਼ ਸਿੰਘ ਬਾਦਲ ਉਭਰ ਕੇ ਆਇਆ ਅਤੇ ਬਾਦਲ ਸਾਹਿਬ ਨੇ ਲਗਾਤਾਰ 4 ਸਦੀਆਂ ਅਕਾਲੀ ਦਲ ਤੇ ਆਪਣੀ ਪਕੜ ਬਣਾ ਕੇ ਰੱਖੀ ਅਤੇ 5 ਵਾਰ ਸੂਬੇ ਦੇ ਮੁੱਖ ਮੰਤਰੀ ਵੀ ਬਣੇ। ਉਹਨਾਂ ਨੇ ਆਪਣੇ ਸਮੇਂ 'ਚ ਜਥੇਦਾਰ ਟੌਹੜਾ ਵਰਗੇ ਲੀਡਰਾਂ ਨੂੰ ਵੀ ਖੂੰਜੇ ਲਗਾਉਣ ਵਿਚ ਕਸਰ ਨਹੀਂ ਛੱਡੀ ਅਤੇ ਹੋਰ ਕਈ ਲੀਡਰ ਜੋ ਉਹਨਾਂ ਦੇ ਸੀਨੀਅਰ ਵੀ ਸਨ, ਨੂੰ ਇਕ-ਇਕ ਕਰਕੇ ਖੂੰਜੇ ਲਗਾਉਂਦੇ ਗਏ ਅਤੇ ਆਪਣੀ ਪਰਿਵਾਰਕ ਸਿਆਸਤ ਨੂੰ ਪਕੇਰੀ ਕਰਨ ਦੀ ਕੋਸ਼ਿਸ਼ ਵਿਚ ਲੱਗੇ ਰਹੇ। ਆਖਿਰ ਉਹਨਾਂ ਨੂੰ ਕਾਮਯਾਬੀ ਵੀ ਮਿਲੀ ਅਤੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ 'ਤੇ ਕਾਬਜ਼ ਤਾਂ ਕਰਵਾ ਦਿੱਤਾ ਪਰ ਅਗਲਾ ਕੰਮ ਸੁਖਬੀਰ ਬਾਦਲ ਨੇ ਕਰਨਾ ਸੀ, ਜੋ ਸ਼ਾਇਦ ਉਹ ਕਰ ਨਹੀਂ ਪਾ ਰਹੇ। ਬਾਦਲ ਸਾਹਿਬ ਨੇ ਅਕਾਲੀ ਦਲ ਨੂੰ ਆਪਣੀ ਪਰਿਵਾਰਕ ਪਾਰਟੀ ਬਣਾ ਦਿੱਤਾ, ਜਿਸ ਵਿਚ ਉਹਨਾਂ ਦੇ ਸਾਰੇ ਰਿਸ਼ਤੇਦਾਰ ਵੀ ਵਿਧਾਇਕ ਅਤੇ ਵਜ਼ੀਰ ਬਣੇ।

ਹੁਣ ਸਮੱਸਿਆ ਸੁਖਬੀਰ ਬਾਦਲ ਦੀ ਹੋਰ ਵੱਧ ਗਈ ਹੈ ਕਿਉਂਕਿ ਬਾਦਲ ਦੇ ਜਿਉਂਦੇ ਹੁੰਦਿਆਂ ਹੀ ਸੁਖਬੀਰ ਦੇ ਖਿਲਾਫ ਅਕਾਲੀ ਦਲ ਵਿਚ ਬਗਾਵਤਾਂ ਉਭਰਨ ਲੱਗੀਆਂ ਸਨ ਅਤੇ ਲਗਾਤਾਰ ਹਾਰਾਂ ਨੇ ਸੁਖਬੀਰ ਦੇ ਸਿਆਸੀ ਕੈਰੀਅਰ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਅਕਾਲੀ ਦਲ ਨੂੰ ਸਭ ਤੋਂ ਵੱਡੀ ਸੱਟ ਕਿਸਾਨ ਅੰਦੋਲਨ ਨੇ ਮਾਰੀ, ਹਾਲਾਂਕਿ ਉਹ ਦਿੱਲੀ ਦੀ ਸਿਆਸਤ ਵਿਚੋਂ ਨਿਕਲ ਗਏ ਪਰ ਆਮ ਲੋਕਾਂ ਦੀ ਨਜ਼ਰ ਵਿਚ ਉਹ ਦਿੱਲੀ ਦੀ ਸਰਕਾਰ ਦੇ ਹਿਤੈਸ਼ੀ ਹੀ ਬਣੇ ਰਹੇ। ਉਧਰ ਭਾਜਪਾ ਨੇ ਵੀ ਹੁਣ ਅਕਾਲੀ ਦਲ ਨੂੰ ਜ਼ਿਆਦਾ ਤਵੱਜੋਂ ਨਹੀਂ ਦੇਣ ਦਾ ਫੈਸਲਾ ਕੀਤਾ ਹੈ ਅਤੇ ਹਾਲ ਦੀਆਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਤੋਂ ਜ਼ਿਆਦਾ ਵੋਟ ਹਾਸਲ ਕਰਕੇ ਆਪਣੀ ਤਾਕਤ ਦਿਖਾ ਦਿੱਤੀ ਹੈ। ਜੇਕਰ ਅਕਾਲੀ ਦਲ ਭਾਜਪਾ ਵਿਚ ਬੈਠਾ ਰਹਿੰਦਾ, ਹਾਰਾਂ ਤਾਂ ਵੀ ਹੁੰਦੀਆਂ ਪਰ ਇੱਕ ਵੱਡੀ ਪਾਰਟੀ ਦਾ ਸਾਥ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਉਸਨੂੰ ਫਾਇਦਾ ਪਹੁੰਚਾ ਸਕਦਾ ਸੀ ਕਿਉਂਕਿ 11 ਅਤੇ 18 ਫੀਸਦੀ ਵੋਟ ਜੇਕਰ ਇਕੱਠੇ ਪੈ ਜਾਂਦੇ ਤਾਂ ਅਕਾਲੀ ਦਲ ਅਤੇ ਭਾਜਪਾ ਦੇ ਕਈ ਉਮੀਦਵਾਰ ਜਿੱਤ ਰਹੇ ਸਨ। ਪਰ ਹੁਣ ਸਮਾਂ ਲੰਘ ਚੁੱਕਾ ਹੈ ਅਤੇ ਸੁਖਬੀਰ ਬਾਦਲ ਲਈ ਵੱਡੀ ਸਮੱਸਿਆ ਆਪਣੀ ਪਰਿਵਾਰਕ ਵਿਰਾਸਤ ਬਚਾਉਣ ਦੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਪੰਜਾਬ ਦੇ ਆਰਥਿਕ ਵਿਕਾਸ ਦੀਆਂ ਔਕੜਾਂ

**ਲਖਵਿੰਦਰ ਸਿੰਘ**

ਪਿਛਲੇ ਚਾਲੀ ਸਾਲਾਂ ਤੋਂ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਨਿਘਾਰ ਹੁੰਦਾ ਆ ਰਿਹਾ ਹੈ। ਲੰਮੇ ਅਰਸੇ ਤੋਂ ਪੰਜਾਬ ਦੇ ਅਰਥਚਾਰੇ ਵਿੱਚ ਤਰੱਕੀ ਦੀ ਰਫ਼ਤਾਰ ਮੱਠੀ ਬਣੀ ਹੋਈ ਹੈ ਜਿਸ ਦੇ ਗੰਭੀਰ ਸਿੱਟੇ ਨਿਕਲ ਰਹੇ ਹਨ। ਮਸਲਨ, ਪ੍ਰਤੀ ਜੀਅ ਆਮਦਨ, ਉੱਚ ਬੇਰੁਜ਼ਗਾਰੀ ਦਰ, ਵੱਡੇ ਪੱਧਰ 'ਤੇ ਪਰਵਾਸ, ਵਾਤਾਵਰਨ ਸਰੋਤਾਂ ਦੀ ਬਰਬਾਦੀ ਅਤੇ ਖੇਤੀਬਾੜੀ ਸੰਕਟ ਅਤੇ ਦਿਹਾਤੀ ਖ਼ੁਦਕੁਸ਼ੀਆਂ ਜਿਹੇ ਮਾਮਲਿਆਂ ਵਿੱਚ ਸੂਬੇ ਦੀ ਦਰਜਾਬੰਦੀ ਡਿੱਗਦੀ ਜਾ ਰਹੀ ਹੈ। ਬਹੁਤ ਸਾਰੇ ਹੋਰਨਾਂ ਦੇਸ਼ਾਂ ਵਿੱਚ ਵੱਸਦੇ ਪੰਜਾਬੀ ਅਕਸਰ ਇਹ ਸਵਾਲ ਪੁੱਛਦੇ ਹਨ ਕਿ ਕੀ ਪੰਜਾਬ ਦੀ ਗੁਆਚੀ ਹੋਈ ਸ਼ਾਨ ਕਦੇ ਬਹਾਲ ਹੋ ਸਕੇਗੀ? ਪੰਜਾਬ ਦੇ ਅਰਥਚਾਰੇ ਬਾਰੇ ਖੋਜ ਕਰਨ ਵਾਲੇ ਅਰਥਸ਼ਾਸਤਰੀ ਇਸ ਸਵਾਲ ਦਾ ਹਾਂਦਰੂ ਜਵਾਬ ਦਿੰਦੇ ਹਨ। ਉਂਝ, ਪੰਜਾਬ ਦੇ ਅਰਥਚਾਰੇ ਦੀਆਂ ਮੂਲ ਸ਼ਕਤੀਆਂ ਨੂੰ ਸੁਰਜੀਤ ਕਰਨ ਦੇ ਰਾਹ ਵਿੱਚ ਕਈ ਕਾਰਕ ਰੋੜਾ ਬਣੇ ਹੋਏ ਹਨ ਜਿਨ੍ਹਾਂ ਦੀ ਸ਼ਨਾਖਤ ਕਰਨ ਅਤੇ ਦਰੁਸਤੀ ਕਦਮ ਚੁੱਕਣ ਦੀ ਲੋੜ ਹੈ। ਜੇ ਇਨ੍ਹਾਂ ਕਦਮਾਂ ਨੂੰ ਅਮਲ ਵਿੱਚ ਲਿਆਂਦਾ ਜਾਵੇ ਤਾਂ ਪੰਜਾਬ ਦੇ ਅਰਥਚਾਰੇ ਦੀ ਸ਼ਾਨ ਹੀ ਬਹਾਲ ਨਹੀਂ ਹੋਵੇਗੀ ਸਗੋਂ ਇਹ ਇੱਕ ਮਿਸਾਲੀ ਆਰਥਿਕ ਅਗਵਾਈ ਵੀ ਦੇ ਸਕਦਾ ਹੈ।

ਪੰਜਾਬ ਦੇ ਅਰਥਚਾਰੇ ਦੀ ਗਤੀਸ਼ੀਲਤਾ ਨੂੰ ਡੱਕ ਰਹੀ ਪਹਿਲੀ ਰੁਕਾਵਟ ਹੈ ਇਸ ਦਾ ਚਲੰਤ ਪੈਦਾਵਾਰੀ ਢਾਂਚਾ। ਹਾਲਾਂਕਿ ਪੰਜਾਬ ਦੇ ਅਰਥਚਾਰੇ ਦਾ ਢਾਂਚਾ ਹੌਲੀ-ਹੌਲੀ ਖੇਤੀਬਾੜੀ ਤੋਂ ਸੇਵਾਵਾਂ ਵੱਲ ਮੁੜ ਗਿਆ ਹੈ, ਫਿਰ ਵੀ ਭਾਰਤ ਦੇ ਹੋਰਨਾਂ ਗਤੀਸ਼ੀਲ ਸੂਬਿਆਂ ਅਤੇ ਨਵੇਂ ਸਨਅਤੀਕ੍ਰਿਤ ਪੂਰਬੀ ਏਸ਼ਿਆਈ ਦੇਸ਼ਾਂ ਦੀ ਤੁਲਨਾ ਵਿੱਚ ਸੂਬਾਈ ਕੁੱਲ ਘਰੋਗੀ ਪੈਦਾਵਾਰ (ਐੱਸਜੀਡੀਪੀ) ਵਿੱਚ ਬਹੁਤਾ ਯੋਗਦਾਨ ਅਤੇ ਰੋਜ਼ੀ ਰੋਟੀ ਕਮਾਉਣ ਲਈ ਕਿਰਤ ਸ਼ਕਤੀ ਦਾ ਵੱਡਾ ਹਿੱਸਾ ਖੇਤੀਬਾੜੀ ਤੋਂ ਹੀ ਆਉਂਦਾ ਹੈ। ਪੰਜਾਬ ਦੇ ਅਰਥਚਾਰੇ ਦੀ ਫਿਤਰਤ ਅਤੇ ਢਾਂਚੇ ਦੇ ਮੱਦੇਨਜ਼ਰ ਇਸ ਦੀ ਗਤੀਸ਼ੀਲਤਾ ਦੇ ਰਾਹ ਦੀ ਸਭ ਤੋਂ ਅਹਿਮ ਰੁਕਾਵਟ ਵੱਖ-ਵੱਖ ਖੇਤਰਾਂ ਦਰਮਿਆਨ ਲੋੜੀਂਦੇ ਸੂਤਰਾਂ ਦੀ ਘਾਟ ਹੈ। ਇਸ ਕਰ ਕੇ ਆਮਦਨੀ 'ਚ ਵਾਧੇ ਨੂੰ ਉਸ ਪੱਧਰ 'ਤੇ ਨਹੀਂ ਲਿਜਾਇਆ ਜਾ ਰਿਹਾ ਹੈ ਜੋ ਕਿ ਆਰਥਿਕ ਵਿਕਾਸ ਦੀ ਉੱਚੀ ਦਰ ਲਈ ਜ਼ਰੂਰੀ ਹੈ।

ਲੰਮੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਜਾਬ ਦਾ ਅਰਥਚਾਰਾ ਖੇਤੀਬਾੜੀ ਉੱਪਰ ਲੋੜੋਂ ਵੱਧ ਨਿਰਭਰ ਹੈ ਅਤੇ ਇਸ ਲਈ ਅਰਥਚਾਰੇ ਅਤੇ ਖੇਤੀਬਾੜੀ ਖੇਤਰ ਵਿੱਚ ਵੀ ਤਬਦੀਲੀ ਦੀ ਲੋੜ ਹੈ। ਦੇਸ਼ ਦੀ ਖ਼ੁਰਾਕ ਸੁਰੱਖਿਆ ਲਈ ਪੰਜਾਬ 'ਤੇ ਲੋੜੋਂ ਵੱਧ ਨਿਰਭਰਤਾ ਕਰ ਕੇ ਇਸ ਮੁਤੱਲਕ ਸੁਝਾਈ ਗਈ ਰਣਨੀਤੀ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ। ਪੰਜਾਬ ਸਰਕਾਰ ਅਤੇ ਕਿਸਾਨਾਂ ਨੇ ਆਪਣੇ ਤੌਰ 'ਤੇ ਖੇਤੀਬਾੜੀ ਦੀ ਫ਼ਸਲੀ ਵਿਭਿੰਨਤਾ ਅਪਣਾਉਣ ਦੇ ਯਤਨ ਕੀਤੇ ਸਨ ਪਰ ਇਹ ਇਸ ਕਰ ਕੇ ਫੇਲ੍ਹ ਸਾਬਿਤ ਹੋਏ ਕਿਉਂਕਿ ਢੁਕਵੀਂ ਪ੍ਰਾਸੈਸਿੰਗ ਦੀ ਅਣਹੋਂਦ ਵਿੱਚ ਨਵੀਆਂ ਫ਼ਸਲਾਂ ਦੀ ਵਾਧੂ ਉਪਜ ਨੂੰ ਸਮੋਣ ਲਈ ਮੰਡੀ 'ਤੇ ਟੇਕ ਰੱਖੀ ਗਈ ਸੀ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਅਜੇ ਵੀ ਕਣਕ-ਝੋਨੇ ਦੇ ਚੱਕਰ ਵਿੱਚ ਘੁੰਮ ਰਿਹਾ ਹੈ ਅਤੇ ਇਸ ਨਾਲ ਕਰ ਕੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗ ਰਿਹਾ ਹੈ ਅਤੇ ਫ਼ਸਲੀ ਰਹਿੰਦ-ਖੂੰਹਦ ਨੂੰ ਸਾੜਨ ਦਾ ਸਿਲਸਿਲਾ ਚੱਲ ਰਿਹਾ ਹੈ। ਆਮ ਤੌਰ 'ਤੇ ਪੰਜਾਬ ਦੇ ਅਰਥਚਾਰੇ ਨੂੰ ਅਤੇ ਖ਼ਾਸ ਤੌਰ 'ਤੇ ਖੇਤੀਬਾੜੀ ਖੇਤਰ ਵਿੱਚ ਵਿਭਿੰਨਤਾ ਲਈ ਸੂਬਾ ਅਤੇ ਕੇਂਦਰ ਦੋਵੇਂ ਸਰਕਾਰਾਂ ਦੇ ਸਾਂਝੇ ਯਤਨਾਂ ਦੀ ਲੋੜ ਹੈ। ਇਸ ਲਈ ਹਰੇ ਇਨਕਲਾਬ ਤੋਂ ਪਹਿਲਾਂ ਦੋਵੇਂ ਸਰਕਾਰਾਂ ਦੇ ਯਤਨਾਂ ਵਾਂਗ ਲੋੜ ਹੈ ਅਤੇ ਨਵੇਂ ਬੁਨਿਆਦੀ ਢਾਂਚੇ ਅਤੇ ਇਸ ਲਈ ਢੁਕਵੇਂ ਮਾਹੌਲ ਲਈ ਇੱਕ ਵਾਰ ਦੀ ਤਬਦੀਲੀ ਲਾਗਤ ਦਾ ਬੋਝ ਚੁੱਕਣ ਦੀ ਲੋੜ ਹੈ। ਸਿਆਸੀ ਲੀਡਰਸ਼ਿਪ ਦੀ ਇੱਛਾ ਇਸ ਔਕੜ 'ਤੇ ਕਾਬੂ ਪਾ ਸਕਦੀ ਹੈ।

ਦੂਜੀ ਔਕੜ ਪਿਛਲੇ ਕਈ ਸਾਲਾਂ ਤੋਂ ਆਰਥਿਕ ਨੀਤੀ ਦੇ ਨਕਾਰਾਪਣ ਦੀ ਹੈ। ਜੇ ਅਸੀਂ 1980ਵਿਆਂ ਦੇ ਮੱਧ ਨੂੰ ਚੇਤੇ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਦਾ ਇੱਕ ਸਰਪਲੱਸ ਮਾਲੀਏ ਵਾਲਾ ਸੂਬਾ ਪਹਿਲੀ ਵਾਰ ਮਾਲੀਆ ਘਾਟੇ ਵਿੱਚ ਗਿਆ ਸੀ। ਪੰਜਾਬ ਵਿੱਚ ਉਦੋਂ ਗੜਬੜ ਸਿਖਰਾਂ 'ਤੇ ਸੀ ਜਦੋਂ ਇਸ ਦੇ ਜ਼ਿਆਦਾਤਰ ਅਦਾਰਿਆਂ ਦਾ ਕੰਮ-ਕਾਜ ਲੀਹੋਂ ਲਹਿ ਗਿਆ ਸੀ ਜਿਸ ਕਰ ਕੇ ਮਾਲੀਆ ਇਕੱਤਰ ਕਰਨ ਵਾਲੀ ਮਸ਼ੀਨਰੀ ਠੱਪ ਹੋ ਗਈ ਅਤੇ ਇਸ ਦੇ ਨਾਲ ਹੀ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਦੇ ਖਰਚੇ ਦਾ ਵਾਧੂ ਬੋਝ ਚੁੱਕਣਾ ਪੈ ਗਿਆ। ਇਹ ਪੰਜਾਬ ਦੇ ਖਜ਼ਾਨੇ 'ਤੇ ਦੋਹਰਾ ਭਾਰ ਸੀ ਅਤੇ ਸਿੱਟੇ ਵਜੋਂ ਸੂਬਾ ਸਰਕਾਰ ਨੇ ਕਰਜ਼ਾ ਲੈਣਾ ਸ਼ੁਰੂ ਕਰ ਦਿੱਤਾ ਅਤੇ ਹੌਲੀ ਹੌਲੀ ਇਹ ਸਰਪਲੱਸ ਮਾਲੀਏ ਤੋਂ ਕਰਜ਼ੇ ਦੇ ਬੋਝ ਹੇਠ ਆ ਗਿਆ।

ਲੋਕਰਾਜ ਅਤੇ ਚੁਣੀਆਂ ਹੋਈਆਂ ਸਰਕਾਰਾਂ ਦੀ ਬਹਾਲੀ ਤੋਂ ਤਿੰਨ ਦਹਾਕਿਆਂ ਬਾਅਦ ਵੀ ਪੰਜਾਬ ਹਰ ਸਾਲ ਕਰਜ਼ੇ ਦੀ ਦਲਦਲ ਵਿੱਚ ਗਹਿਰਾ ਧੱਸਦਾ ਚਲਿਆ ਗਿਆ। ਪੰਜਾਬ ਸਿਰ 3.51 ਲੱਖ ਕਰੋੜ ਰੁਪਏ ਤੋਂ ਵੱਧ ਕਰਜ਼ਾ ਹੋ ਚੁੱਕਿਆ ਹੈ ਜੋ ਇਸ ਦੀ ਕੁੱਲ ਘਰੇਲੂ ਪੈਦਾਵਾਰ ਦਾ 47 ਫ਼ੀਸਦੀ ਬਣਦਾ ਹੈ। ਕੁੱਲ ਕਰਜ਼ੇ 'ਚੋਂ 92.2 ਫ਼ੀਸਦੀ ਹਿੱਸਾ ਇਸ ਦੀਆਂ ਕਿਸ਼ਤਾਂ ਤਾਰਨ ਦੇ ਹਿੱਸੇ ਲੱਗ ਰਿਹਾ ਹੈ। ਇਸ ਦੇ ਪੱਕੇ ਖਰਚੇ ਰਾਜ ਸਰਕਾਰ ਵੱਲੋਂ ਇਕੱਤਰ ਕੀਤੇ ਜਾਂਦੇ ਮਾਲੀਏ ਨਾਲੋਂ ਵਧ ਜਾਂਦੇ ਹਨ। ਕੋਵਿਡ-19 ਦੌਰਾਨ ਵੀ ਇਹ ਮਹਿਸੂਸ ਕੀਤਾ ਗਿਆ ਸੀ ਕਿ ਕੇਂਦਰ ਸਰਕਾਰ ਦਾ ਰਾਜਕੋਸ਼ੀ ਘਾਟਾ ਵਧ ਸਕਦਾ ਹੈ ਪਰ ਰਾਜ ਸਰਕਾਰ ਉੱਪਰ ਕਰਜ਼ ਲੈਣ 'ਤੇ ਰੋਕ ਲਾ ਦਿੱਤੀ ਗਈ ਅਤੇ ਇੱਕ ਖ਼ਾਸ ਕਿਸਮ ਦੇ ਖਰਚ ਵਿੱਚ ਅੱਧਾ ਫ਼ੀਸਦੀ ਤੱਕ ਲਚਕਤਾ ਜੋੜ ਦਿੱਤੀ ਗਈ। ਰਾਜ ਸਰਕਾਰ ਲਈ ਬੰਧਕ ਆਰਥਿਕ ਨੇਮਾਂ ਅਤੇ ਗਤੀਸ਼ੀਲ ਟੈਕਸ ਲਾਉਣ ਦੇ ਅਖ਼ਤਿਆਰ ਕੇਂਦਰ ਦੇ ਹੱਥਾਂ ਵਿੱਚ ਚਲੇ ਜਾਣ ਕਰ ਕੇ ਰਾਜ ਸਰਕਾਰ ਕੋਲ ਵਿਕਾਸ ਦੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ ਮਾਲੀਆ ਜੁਟਾਉਣ ਦੇ ਸਾਧਨ ਸੀਮਤ ਹੋ ਗਏ ਹਨ। ਉਂਝ, ਬਿਜਲੀ ਸਬਸਿਡੀ ਜਿਹੀਆਂ ਤਰਕਹੀਣ ਸਬਸਿਡੀਆਂ ਦਾ ਬੋਝ ਵਧਣ ਕਰ ਕੇ ਆਰਥਿਕ ਨੀਤੀ ਪੰਗੂ ਹੋ ਕੇ ਰਹਿ ਗਈ ਹੈ ਅਤੇ ਪੰਜਾਬ ਦੇ ਅਰਥਚਾਰੇ ਦੇ ਪੈਦਾਵਾਰੀ ਢਾਂਚੇ ਨੂੰ ਦਿਸ਼ਾ ਦੇਣ ਵਿਚ ਸਰਕਾਰ ਨਾਕਾਮ ਰਹੀ ਹੈ।

ਤੀਜਾ ਵੱਡਾ ਅੜਿੱਕਾ ਗ਼ੈਰ-ਆਰਥਿਕ ਕਾਰਕਾਂ ਦਾ ਸਿੱਟਾ ਹੈ ਜੋ ਕਿ ਪੰਜਾਬ ਦੇ ਲੋਕਾਂ ਦੇ ਗਰਮ ਮਿਜ਼ਾਜ ਨਾਲ ਜੁੜੇ ਹੋਏ ਹਨ ਜਿਨ੍ਹਾਂ ਕਰ ਕੇ ਇਸ ਨਿਵੇਸ਼ ਵਿੱਚ ਕਮੀ ਆ ਗਈ ਹੈ। ਧਰਮ ਨੂੰ ਸਿਆਸੀ ਮੰਤਵਾਂ ਲਈ ਵਰਤਣ ਕਰ ਕੇ ਬਹੁਤ ਹੀ ਵਾਜਿਬ ਸਮਾਜਿਕ ਆਰਥਿਕ ਔਕੜਾਂ ਨੂੰ ਧਰਮ ਅਤੇ ਸ਼ਨਾਖਤ ਦੇ ਮੁੱਦੇ ਬਣ ਜਾਣ ਕਰ ਕੇ ਤਣਾਅਪੂਰਨ ਮਾਹੌਲ ਪੈਦਾ ਹੋ ਗਿਆ ਹੈ ਅਤੇ ਇਸ ਕਰ ਕੇ ਸ਼ਾਂਤੀ ਭੰਗ ਹੁੰਦੀ ਹੈ ਜੋ ਕਿ ਆਰਥਿਕ ਗਤੀਵਿਧੀਆਂ ਵਿੱਚ ਦੀਰਘਕਾਲੀ ਨਿੱਜੀ ਨਿਵੇਸ਼ ਲਈ ਜ਼ਰੂਰੀ ਹੁੰਦੀ ਹੈ। ਨਿੱਜੀ ਨਿਵੇਸ਼ ਦੇ ਬਾਹਰ ਜਾਣ ਦਾ ਇਹ ਰੁਝਾਨ ਅੱਸੀਵਿਆਂ ਦੇ ਮੱਧ ਵਿਚ ਸ਼ੁਰੂ ਹੋਇਆ ਸੀ ਜੋ ਅੱਜ ਵੀ ਜਾਰੀ ਹੈ। ਮੰਡੀ ਗੋਬਿੰਦਗੜ੍ਹ ਅਤੇ ਬਟਾਲਾ 'ਉਲਟ ਸਨਅਤੀਕਰਨ' ਅਤੇ ਪੰਜਾਬ ਦੇ ਹੋਰਨਾਂ ਸਨਅਤੀ ਸ਼ਹਿਰਾਂ 'ਚੋਂ ਨਿਵੇਸ਼ ਘਟਣ ਦਾ ਸਬੂਤ ਹਨ। ਪੰਜਾਬ ਵਿੱਚ ਨਿਵੇਸ਼ ਦੀ ਕਮੀ ਦਾ ਪੂਰਕ ਕਾਰਨ ਇਹ ਹੈ ਕਿ ਇਸ ਦੀ ਪਾਕਿਸਤਾਨ ਨਾਲ ਲੰਮੀ ਸਰਹੱਦ ਲੱਗਦੀ ਹੈ ਅਤੇ 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ ਬਹੁਤਾ ਸਮਾਂ ਭਾਰਤ-ਪਾਕਿਸਤਾਨ ਦੇ ਸਬੰਧ ਆਮ ਵਰਗੇ ਨਾ ਰਹੇ ਜਿਸ ਕਰ ਕੇ ਪੰਜਾਬ ਘਰੋਗੀ ਅਤੇ ਵਿਦੇਸ਼ੀ ਨਿਵੇਸ਼ ਦਾ ਟਿਕਾਣਾ ਨਾ ਬਣ ਸਕਿਆ। ਇਸ ਦੇ ਸਿੱਟੇ ਕਰ ਕੇ ਹੀ ਸਾਲ 2023 ਵਿੱਚ ਐੱਸਜੀਡੀਪੀ ਵਿੱਚ ਕੁੱਲ ਨਿਸ਼ਚਤ ਪੂੰਜੀ ਨਿਵੇਸ਼ ਘਟ ਕੇ 14 ਫ਼ੀਸਦੀ ਰਹਿ ਗਿਆ ਹੈ।

ਪੰਜਾਬ ਦੇ ਵਿਕਾਸ ਲਈ ਚੌਥਾ ਵੱਡਾ ਰੁਕਾਵਟ ਮਨੁੱਖੀ ਸਰਮਾਏ ਦੀ ਘਾਟ ਹੈ। ਇਹ ਇਤਿਹਾਸਕ ਤੱਥਾਂ ਦੇ ਉਲਟ ਹੈ ਕਿ ਪੰਜਾਬੀਆਂ ਕੋਲ ਉੱਤਮ ਉੱਦਮੀ ਅਤੇ ਅਗਵਾਈ ਦਾ ਹੁਨਰ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵਿਦਿਅਕ ਅਤੇ ਸਿਹਤ ਨਾਲ ਸਬੰਧਿਤ ਸੰਸਥਾਵਾਂ ਦੋਵੇਂ ਜਨਤਕ ਨਿਵੇਸ਼ ਦੀ ਘਾਟ ਅਤੇ ਮੁਨਾਫ਼ੇ ਦੀ ਘਾਟ ਦੇ ਕਾਰਨ ਨੁਕਸਾਨ ਝੱਲ ਰਹੀਆਂ ਹਨ ਪਰ ਘੱਟ ਗੁਣਵੱਤਾ ਵਾਲੇ ਨਿੱਜੀ ਵਿਦਿਅਕ ਅਤੇ ਸਿਹਤ ਸੰਸਥਾਵਾਂ ਨੇ ਵਪਾਰ ਦੁਆਰਾ ਮੰਗ ਦੇ ਹੁਨਰ ਅਤੇ ਪੈਦਾ ਕੀਤੀ ਘੱਟ ਹੁਨਰਮੰਦ ਮਨੁੱਖੀ ਪੂੰਜੀ ਵਿਚਕਾਰ ਤਾਲਮੇਲ ਤੋੜ ਦਿੱਤਾ ਹੈ। ਪੱਛਮੀ ਦੇਸ਼ਾਂ ਵਿੱਚ ਮੁਕਾਬਲਤਨ ਉੱਤਮ ਹੁਨਰ ਅਤੇ ਵਿੱਤੀ ਸਰੋਤ ਅਧਾਰਤ ਮਨੁੱਖੀ ਪੂੰਜੀ ਦੇ ਪਰਵਾਸ ਨੇ ਰਾਜ ਵਿੱਚ ਲਾਭਕਾਰੀ ਨਵੀਆਂ ਆਰਥਿਕ ਗਤੀਵਿਧੀਆਂ ਜਿਵੇਂ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਲਈ ਲੋੜੀਂਦੇ ਮਨੁੱਖੀ ਸਰੋਤਾਂ ਦੀ ਘਾਟ ਨੂੰ ਵਧਾਇਆ ਹੈ। ਆਖ਼ਰੀ ਪਰ ਓਨਾ ਹੀ ਅਹਿਮ ਅੜਿੱਕਾ ਵਿਕਾਸ ਦੀ ਅਣਹੋਂਦ ਅਤੇ ਵਿਕਾਸੀ ਸੰਸਥਾਵਾਂ ਦੇ ਵਿਕੇਂਦਰੀਕਰਨ ਦੀ ਘਾਟ ਹੈ। ਸਾਰਾ ਵਿਕਾਸ ਸੰਸਥਾਗਤ ਢਾਂਚਾ ਸਵਾਰਥੀ ਹਿੱਤਾਂ ਦੇ ਕਬਜ਼ੇ ਵਿੱਚ ਆ ਗਿਆ ਹੈ ਜਿਸ ਨੂੰ ਪੁਲੀਸ-ਨੌਕਰਸ਼ਾਹੀ-ਸਿਆਸੀ ਕੁਲੀਨ ਵਰਗ ਦੀ ਇੱਕ ਜਕੜ ਕਿਹਾ ਜਾ ਸਕਦਾ ਹੈ। ਨੀਤੀ ਬਣਾਉਣ, ਲਾਗੂ ਕਰਨ ਅਤੇ ਮੁਲਾਂਕਣ ਸਵਾਰਥੀ ਹਿੱਤ ਸਮੂਹ ਦੇ ਹੱਥਾਂ ਵਿੱਚ ਕੇਂਦਰਿਤ ਹੋ ਗਿਆ ਹੈ ਜੋ ਆਪਣੇ ਸਮੂਹ ਦੇ ਹਿੱਤਾਂ ਨੂੰ ਵੱਧ ਤੋਂ ਵੱਧ ਤਰਜੀਹ ਦਿੰਦੇ ਹਨ ਅਤੇ ਵੱਡੇ ਪੱਧਰ 'ਤੇ ਨਜ਼ਰਾਨਾ ਵਸੂਲੀ ਦੇ ਵਿਵਹਾਰ ਅਤੇ ਨਸ਼ਿਆਂ ਅਤੇ ਸਿੰਥੈਟਿਕ ਨਸ਼ੀਲੇ ਪਦਾਰਥਾਂ ਅਤੇ ਰੇਤ-ਬਜਰੀ ਦੇ ਗ਼ੈਰ-ਕਾਨੂੰਨੀ ਕਾਰੋਬਾਰ ਸਮੇਤ ਵੱਖ-ਵੱਖ ਕਿਸਮਾਂ ਦੇ ਗਰੋਹਾਂ ਨੂੰ ਉਤਸ਼ਾਹਿਤ ਕਰਨ ਵਿੱਚ ਸ਼ਾਮਿਲ ਹਨ। ਇਸ ਨਾਲ ਪੰਜਾਬ ਵਿੱਚ ਨਿੱਜੀ ਉਦਯੋਗਾਂ ਦੇ ਨਿਵੇਸ਼ ਦੇ ਵਧਣ-ਫੁੱਲਣ ਦੇ ਮੌਕੇ ਘਟੇ ਹਨ ਅਤੇ ਇਸ ਤਰ੍ਹਾਂ ਪੰਜਾਬ ਦੇ ਕੀਮਤੀ ਮਨੁੱਖੀ ਅਤੇ ਪੂੰਜੀ ਸਰੋਤਾਂ ਦਾ ਪਲਾਇਨ ਹੋ ਗਿਆ ਹੈ। ਇਕੱਠੇ ਮਿਲ ਕੇ, ਇਨ੍ਹਾਂ ਪੰਜ ਅੜਿੱਕਿਆਂ ਨੇ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਪੰਜਾਬ ਦੀ ਗੁਆਚੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਲਈ ਜਨਤਕ ਨੀਤੀ ਦੇ ਕਿਸੇ ਵੀ ਯਤਨ ਨੂੰ ਜੀਵੰਤ, ਟਿਕਾਊ ਅਤੇ ਸਮਾਵੇਸ਼ੀ ਵਿਕਾਸ ਲਈ ਰੁਕਾਵਟਾਂ ਨੂੰ ਦੂਰ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਦੀ ਆਮ ਤੌਰ 'ਤੇ ਜਨਤਕ ਨੀਤੀ ਅਤੇ ਵਪਾਰਕ ਪਹੁੰਚ ਨੇ ਸਥਿਤੀ ਨੂੰ ਬਦਤਰ ਬਣਾ ਦਿੱਤਾ ਹੈ ਅਤੇ ਵਿਕਾਸ ਪ੍ਰਕਿਰਿਆ ਵਿੱਚ ਦਰਪੇਸ਼ ਰੁਕਾਵਟਾਂ ਨਾਲ ਨਜਿੱਠਣ ਲਈ ਔਕੜਾਂ ਪੈਦਾ ਕੀਤੀਆਂ ਹਨ। ਪੰਜਾਬ ਸਰਕਾਰ ਵੱਲੋਂ ਸੰਪੂਰਨ ਜਨਤਕ ਨੀਤੀਗਤ ਪਹੁੰਚ ਦੇ ਨਾਲ ਸੁਹਿਰਦ ਯਤਨ ਅਤੇ ਪਰਵਾਸੀਆਂ ਸਮੇਤ ਪੰਜਾਬ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਵਿੱਚ ਸ਼ਾਮਿਲ ਕਰਨ ਨਾਲ ਹਾਲਾਤ ਬਦਲ ਸਕਦੇ ਹਨ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਗੁਰਨਾਮ ਸਿੰਘ ਪੰਮਾ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਭੁਪਿੰਦਰ ਸਿੰਘ ਪਦਮ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਗੁਰਵਿੰਦਰ ਸਿੰਘ ਮਾਵੀ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਰਣਬੀਰ ਸਿੰਘ, ਬੇਕਰਸਫੀਲਡ

# Balbir Singh M.A.
## A Youtube Show
ਇਹ ਚੈਨਲ ਪੰਜਾਬੀ ਮਾਂ-ਬੋਲੀ 'ਚ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ। ਵੇਖਣ ਲਈ ਸਾਨੂੰ ਸਬਸਕ੍ਰਾਈਬ ਕਰੋ।


# ਹੁਸ਼ਿਆਰਪੁਰ ਤੋਂ 4 ਵਾਰ ਐੱਮਪੀ ਰਹੇ ਕਮਲ ਚੌਧਰੀ ਦਾ ਦੇਹਾਂਤ



ਹੁਸ਼ਿਆਰਪੁਰ- ਹੁਸ਼ਿਆਰਪੁਰ ਤੋਂ ਚਾਰ ਵਾਰ ਲੋਕ ਸਭਾ ਮੈਂਬਰ ਰਹੇ ਕਮਲ ਚੌਧਰੀ ਦਾ ਲੰਬੀ ਬਿਮਾਰੀ ਤੋਂ ਬਾਅਦ ਅੱਜ ਸਵੇਰੇ ਦਿੱਲੀ ਵਿਖੇ ਆਪਣੇ ਨਿਵਾਸ 'ਤੇ ਦੇਹਾਂਤ ਹੋ ਗਿਆ। ਉਹ 76 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ, ਪੁੱਤਰ ਅਤੇ ਧੀ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਸ਼ਾਮ ਦਿੱਲੀ ਦੇ ਲੋਧੀ ਰੋਡ ਸ਼ਮਸ਼ਾਨ ਘਾਟ 'ਚ ਕੀਤਾ ਜਾਵੇਗਾ। ਕਮਲ ਚੌਧਰੀ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਭਾਰਤੀ ਹਵਾਈ ਫ਼ੌਜ 'ਚ ਲੜਾਕੂ ਪਾਇਲਟ ਸਨ। ਉਹ ਤਿੰਨ ਵਾਰ ਕਾਂਗਰਸ ਅਤੇ ਇੱਕ ਵਾਰ ਭਾਜਪਾ ਦੀ ਟਿਕਟ 'ਤੇ ਲੋਕ ਸਭਾ ਮੈਂਬਰ ਬਣੇ। ਉਨ੍ਹਾਂ ਦੇ ਪਿਤਾ ਚੌਧਰੀ ਬਲਬੀਰ ਸਿੰਘ ਵੀ ਐੱਮਪੀ ਅਤੇ ਵਿਧਾਇਕ ਰਹੇ ਸਨ।

1985 ਵਿੱਚ ਆਪਣੇ ਪਿਤਾ, ਸੁਤੰਤਰਤਾ ਸੈਨਾਨੀ ਅਤੇ ਉੱਘੇ ਸਮਾਜਵਾਦੀ ਨੇਤਾ ਚੌਧਰੀ ਬਲਵੀਰ ਸਿੰਘ ਦੀ ਅੱਤਵਾਦੀਆਂ ਦੁਆਰਾ ਹੱਤਿਆ ਤੋਂ ਬਾਅਦ ਕਮਲ ਚੌਧਰੀ ਪਹਿਲੀ ਵਾਰ ਕਾਂਗਰਸ ਦੀ ਟਿਕਟ 'ਤੇ ਸੰਸਦ ਮੈਂਬਰ ਬਣੇ ਸਨ। ਉਹ ਕਾਂਗਰਸ ਦੀ ਟਿਕਟ 'ਤੇ 1985, 1989 ਅਤੇ 1992 ਵਿੱਚ ਤਿੰਨ ਵਾਰ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਚੁਣੇ ਗਏ। 1998 ਵਿੱਚ, ਉਹ ਭਾਰਤੀ ਜਨਤਾ ਪਾਰਟੀ ਦੀ ਟਿਕਟ 'ਤੇ ਸੰਸਦ ਮੈਂਬਰ ਚੁਣੇ ਗਏ ਸਨ। ਸੰਸਦ ਮੈਂਬਰ ਹੁੰਦਿਆਂ ਉਹ ਰੱਖਿਆ ਬਾਰੇ ਸੰਸਦੀ ਸਥਾਈ ਕਮੇਟੀ ਦੇ ਚੇਅਰਮੈਨ ਵੀ ਰਹੇ।

# ਨਸ਼ਾ ਸਮਗਲਰਾਂ ਦੀਆਂ ਜਾਇਦਾਦਾਂ ਦੇ ਵੇਰਵੇ ਪੁਲਿਸ ਨਾਲ ਸਾਂਝੇ ਕਰਨ ਦੇ ਹੁਕਮ

ਚੰਡੀਗੜ੍ਹ- ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਰਹੀਆਂ ਹਨ। ਹੁਣ ਇਹ ਜਾਇਦਾਦਾਂ ਕੇਸ ਦਰਜ ਹੋਣ ਮਗਰੋਂ ਕੁਝ ਦਿਨਾਂ ਦੇ ਵਿਚਕਾਰ ਹੀ ਜ਼ਬਤ ਕਰ ਲਈਆਂ ਜਾਣਗੀਆਂ।

ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਖ਼ਤੀ ਨਾਲ ਆਦੇਸ਼ ਜਾਰੀ ਕਰ ਦਿੱਤੇ ਹਨ। ਅੱਜ ਮੁੱਖ ਸਕੱਤਰ ਨੇ ਵੀ ਸੂਬੇ ਦੇ ਸਾਰੇ ਡੀਸੀ'ਜ਼ ਨੂੰ ਪੱਤਰ ਲਿੱਖ ਕੇ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਨਾਮਜ਼ਦ ਵਿਅਕਤੀਆਂ ਦੀ ਜਾਇਦਾਦ ਦੇ ਵੇਰਵੇ ਜਲਦ ਪੁਲੀਸ ਨਾਲ ਸਾਂਝੇ ਕਰਨ ਦੇ ਹੁਕਮ ਦਿੱਤੇ ਹਨ।

ਪੱਤਰ ਵਿੱਚ ਕਿਹਾ ਕਿ ਜੇ ਕਿਸੇ ਵੀ ਪੁਲੀਸ ਕਮਿਸ਼ਨਰ, ਐੱਸਐੱਸਪੀ ਜਾਂ ਹੋਰ ਪੁਲੀਸ ਅਧਿਕਾਰੀਆਂ ਵੱਲੋਂ ਅਜਿਹੇ ਵਿਅਕਤੀਆਂ ਦੀ ਜਾਇਦਾਦ ਜ਼ਬਤ ਕਰਨ ਦੇ ਮੰਤਵ ਨਾਲ ਕੋਈ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਉਹ ਫੌਰੀ ਤੌਰ 'ਤੇ ਸਬੰਧਤ ਪੁਲੀਸ ਅਧਿਕਾਰੀ ਨੂੰ ਦਿੱਤੀ ਜਾਵੇ।

ਇਸ ਤਰ੍ਹਾਂ ਪੰਜਾਬ ਵਿੱਚ ਨਸ਼ੀਲੇ ਪਦਾਰਥ ਵੇਚਣ ਵਾਲਿਆਂ ਦੀ ਜਾਇਦਾਦ ਕੇਸ ਦਰਜ ਹੋਣ ਤੋਂ ਕੁਝ ਦਿਨਾਂ ਵਿੱਚ ਹੀ ਜ਼ਬਤ ਕੀਤੀ ਜਾ ਸਕੇਗੀ।


# ਅੱਜ ਹੀ ਆਪਣਾ ਫ਼ੋਨ ਠੀਕ ਕਰਵਾਓ
## CELL PHONE REPAIR BY SYCAMORE TECH
**Location: 6170 Thornton Avenue Suite C, Newark, CA, 94560**

ਸੈਕਿੰਡ ਹੈਂਡ ਮੋਬਾਇਲ ਫੋਨ ਲੈਣਾ ਹੋਵੇ
ਮੋਬਾਇਲ ਦੀ ਤੁਰੰਤ ਅਤੇ ਉਸੇ ਦਿਨ (Same Day Repair) ਰਿਪੇਅਰ ਕਰਵਾਉਣੀ ਹੋਵੇ
ਸਾਡੇ ਨਾਲ ਜ਼ਰੂਰ ਸੰਪਰਕ ਕਰੋ ਜੀ:

## Phone: 510-894-9607

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10.00 ਵਜੇ ਤੋਂ ਸ਼ਾਮੀ 7 ਵਜੇ ਤੱਕ,
ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ ਸ਼ਾਮੀ 5 ਵਜੇ ਤੱਕ, ਐਤਵਾਰ ਬੰਦ

**Services We Offer:**
* iPhone and iPad Repair
* Samsung Phones Repair
* PC and Mac Repair
* Sell Unlocked Phones
* Screen/LCD Replacement
* Battery and Charging Issue
* Back Glass and Camera Lens
* Water Damaged and Locked Phones

10% Off



CELL PHONE REPAIR BY SYCAMORE TECH

**Same Day Repair.**
**Get Your Phone Fixed Today!**
www.sycamoretechca.com





'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: **510-938-7771** **shaadi@pardestimes.com**

### ਵਰ ਦੀ ਲੋੜ

Match for; PQM working in USA for beautiful Arora Sikh B.Tech.Girl 5'-2.5" born in Sept.,1986 VegetarianDivorcee( Issueless) Engineer in top MNC California on H1 B Visa(G.C.in process) @Package of 2.5 lack $. Contact; +91 94163 84158 (on WhatsApp only)

### ਲੜਕੀ ਦੀ ਲੋੜ

ਜੱਟ ਸਿੱਖ US, CPA ਕੈਨੇਡੀਅਨ ਸਿਟੀਜ਼ਨ, ਕੱਦ 5 ਫੁੱਟ 7 ਇੰਚ, ਉਮਰ 37 ਸਾਲ ਦੇ ਕੁਆਰੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਨੂੰ ਤਰਜੀਹ ਦਿੱਤੀ ਜਾਵੇਗੀ। ਈਮੇਲ pammi341@outlook.com ਫੋਨ 510-461-6629

### ਵਰ ਦੀ ਲੋੜ

31 ਸਾਲਾ 'ਸੱਗੂ' ਰਾਮਗੜ੍ਹੀਆ ਲੜਕੀ, ਜੋ ਐਮ. ਡੀ. ਹੈ, ਕੱਦ 5 ਫੁੱਟ 3 ਇੰਚ ਹੈ। ਕਨੇਡੀਅਨ ਸਿਟੀਜ਼ਨ ਜੋ ਕੈਲੇਫੋਰਨੀਆ 'ਚ ਡਾਕਟਰ ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ- ਤਰਲੋਚਨ ਸਿੰਘ ਸੱਗੂ 416-886-9197 saggutarlochan@yahoo.com

### ਵਰ ਦੀ ਲੋੜ

33 ਸਾਲਾ ਕੱਦ 5 ਫੁੱਟ 4 ਇੰਚ, ਨਿਊਯਾਰਕ ਵਿਖੇ ਅਟਾਰਨੀ ਦੇ ਤੌਰ ਤੇ ਕੰਮ ਕਰਦੀ ਸਿੱਖ ਲੜਕੀ, ਜਿਸਨੇ ਬੀ. ਐਸ. ਸੀ., ਸਾਈਕਲੌਜੀ ਤੇ ਜੇ. ਡੀ. ਐਲ ਐਲ ਬੀ ਦੀ ਸਿੱਖਿਆ ਹਾਸਲ ਕੀਤੀ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ 315-395-2585 Rimmi.kailey@gmail.com

# ਸ਼੍ਰੋਮਣੀ ਅਕਾਲੀ ਦਲ ਦਾ ਅੰਦਰੂਨੀ ਕਲੇਸ਼ ਸਿਖਰ 'ਤੇ ਪੁੱਜਾ

ਚੰਡੀਗੜ- ਸ਼੍ਰੋਮਣੀ ਅਕਾਲੀ ਦਲ ਵਿੱਚ ਅੱਜ ਉਦੋਂ ਬਗ਼ਾਵਤ ਸਾਹਮਣੇ ਆ ਗਈ ਜਦੋਂ ਪਾਰਟੀ ਦੇ ਦਰਜਨਾਂ ਸੀਨੀਅਰ ਆਗੂਆਂ ਨੇ ਜਲੰਧਰ ਵਿਚ ਮੀਟਿੰਗ ਕਰ ਕੇ ਲੋਕ ਸਭਾ ਚੋਣਾਂ 'ਚ ਪਾਰਟੀ ਨੂੰ ਮਿਲੀ ਕਰਾਰੀ ਹਾਰ ਦੇ ਹਵਾਲੇ ਨਾਲ ਸੁਖਬੀਰ ਸਿੰਘ ਬਾਦਲ ਤੋਂ ਅਸਤੀਫ਼ਾ ਮੰਗ ਲਿਆ। ਦੂਜੇ ਪਾਸੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਅੱਜ ਦੋ ਪੜਾਵਾਂ ਵਿੱਚ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਹਲਕਾ ਇੰਚਾਰਜਾਂ ਨਾਲ ਮੀਟਿੰਗਾਂ ਕੀਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀਆਂ ਦੋ ਸਮਾਨੰਤਰ ਮੀਟਿੰਗਾਂ ਨੇ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਹੈ।

ਸੂਤਰਾਂ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਮੀਟਿੰਗਾਂ ਵਿੱਚ ਆਪਣੇ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਪਰ ਮੀਟਿੰਗ ਵਿਚ ਹਾਜ਼ਰ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਇਸ ਪੇਸ਼ਕਸ਼ ਨੂੰ ਠੁਕਰਾ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਭਰੋਸਾ ਪ੍ਰਗਟ ਕੀਤਾ। ਇਸ ਫ਼ੈਸਲੇ ਮਗਰੋਂ ਹੁਣ ਸੁਖਬੀਰ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਰਹਿਣਗੇ। ਇਸ ਤੋਂ ਪਹਿਲਾਂ ਕੁਝ ਸਮਾਂ ਪਹਿਲਾਂ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਹੋਈ ਸੀ ਜਿਸ 'ਚ ਕਮੇਟੀ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਤੇ ਤਸੱਲੀ ਜ਼ਾਹਰ ਕੀਤੀ ਸੀ। ਪਾਰਟੀ ਅੰਦਰ ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਲਾਗੂ ਨਾ ਕੀਤੇ ਜਾਣ ਤੋਂ ਘੁਟਣ ਬਣੀ ਹੋਈ ਸੀ। ਬਾਗ਼ੀ ਆਗੂਆਂ ਦੀ ਮੰਗ ਨੂੰ ਦਰਕਿਨਾਰ ਕਰਦਿਆਂ ਪਾਰਟੀ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦੀ ਪਿੱਠ ਥਾਪੜ ਦਿੱਤੀ ਹੈ। ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਮਤਾ ਪਾਸ ਕਰਕੇ ਜਲੰਧਰ ਵਿਚ ਬਾਗ਼ੀ ਆਗੂਆਂ ਦੀ ਮੀਟਿੰਗ ਪਿੱਛੇ ਭਾਜਪਾ ਅਤੇ ਏਜੰਸੀਆਂ ਦਾ ਹੱਥ ਦੱਸਿਆ ਗਿਆ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਭਾਜਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਸਮਾਨੰਤਰ ਪਾਰਟੀ ਬਣਾਉਣ ਅਤੇ ਪਾਰਟੀ ਨੂੰ ਅੰਦਰੋਂ ਕਮਜ਼ੋਰ ਕਰਨ ਲਈ ਮੌਕਾਪ੍ਰਸਤ ਲੋਕ ਖੜ੍ਹੇ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹਤਾਸ਼ ਸਿਆਸਤਦਾਨਾਂ ਨੂੰ ਮਹਾਰਾਸ਼ਟਰ ਤੋਂ ਸਿੱਖਣ ਦੀ ਲੋੜ ਹੈ ਜਿੱਥੇ ਭਾਜਪਾ ਨੇ ਮਹਾਰਾਸ਼ਟਰ ਦੀ ਖੇਤਰੀ ਪਾਰਟੀ ਨੂੰ ਤੋੜ ਦਿੱਤਾ ਪਰ ਫਿਰ ਵੀ ਲੋਕਾਂ ਨੇ ਜਾਅਲੀ ਪਾਰਟੀ ਨੂੰ ਨਕਾਰ ਦਿੱਤਾ।

ਉਨ੍ਹਾਂ ਬਾਗ਼ੀ ਆਗੂਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਹ ਅਕਾਲੀ ਦਲ ਨੂੰ ਪੰਥ ਵਿਰੋਧੀ ਸਾਜ਼ਿਸ਼ਾਂ ਦੀ ਕਠਪੁਤਲੀ ਬਣਨ ਦੀ ਇਜਾਜ਼ਤ ਨਹੀਂ ਦੇ ਸਕਦੇ ਜਿਨ੍ਹਾਂ ਤੋਂ ਪੰਥ ਤੇ ਪੰਜਾਬ ਨਾਲ ਧੋਖਾ ਕੀਤੇ ਜਾਣ ਦਾ ਡਰ ਹੈ। ਉਨ੍ਹਾਂ ਕਿਹਾ ਕਿ ਉਹ ਭਾਜਪਾ ਨਾਲ ਗੈਰ ਸਿਧਾਂਤਕ ਤੌਰ 'ਤੇ ਗੱਠਜੋੜ ਕਰਨ ਦੇ ਖ਼ਿਲਾਫ਼ ਹਨ। ਸੂਤਰ ਦੱਸਦੇ ਹਨ ਕਿ ਮੀਟਿੰਗ ਵਿੱਚ ਇੱਕ ਪੱਖ ਇਹ ਵੀ ਉੱਭਰਿਆ ਸੀ ਕਿ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਪਾਰਟੀ ਦੀ ਕਮਾਨ ਸੌਂਪ ਦਿੱਤੀ ਜਾਵੇ।

ਮੀਟਿੰਗ ਵਿਚ ਪਾਰਟੀ ਨੇ ਮਤਾ ਪਾਸ ਕਰਕੇ ਕਿਹਾ ਕਿ ਸੁਖਬੀਰ ਬਾਦਲ ਨੇ ਭਾਜਪਾ ਨਾਲ ਬੇਅਸੂਲਾ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਰਕੇ ਸਰਕਾਰੀ ਸ਼ਕਤੀਆਂ ਹੁਣ ਪਾਰਟੀ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ। ਸਰਬਸੰਮਤੀ ਨਾਲ ਮਤਾ ਪਾਸ ਕਰਕੇ ਸੁਖਬੀਰ ਬਾਦਲ ਦੀ ਅਗਵਾਈ ਦੀ ਭਰਪੂਰ ਸ਼ਲਾਘਾ ਕੀਤੀ ਗਈ। ਸੀਨੀਅਰ ਆਗੂ ਡਾ। ਦਲਜੀਤ ਸਿੰਘ ਚੀਮਾ ਨੇ ਮੀਟਿੰਗ ਦੌਰਾਨ ਮਤਾ ਪੜ੍ਹ ਕੇ ਸੁਣਾਇਆ। ਉਨ੍ਹਾਂ ਕਿਹਾ ਕਿ ਸਮੁੱਚੀ ਪਾਰਟੀ ਨੇ ਸੁਖਬੀਰ ਬਾਦਲ ਦੀ ਅਗਵਾਈ 'ਤੇ ਤਸੱਲੀ ਜ਼ਾਹਰ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਦੀਆਂ ਮੀਟਿੰਗਾਂ ਵਿੱਚ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਸਮੀਖਿਆ ਕੀਤੀ ਗਈ। ਪਾਰਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਭਲਕੇ 12 ਵਜੇ ਹੋਵੇਗੀ। ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਝੂੰਦਾਂ ਕਮੇਟੀ ਦੀ ਰਿਪੋਰਟ ਨੂੰ ਲਾਗੂ ਕੀਤੇ ਜਾਣ ਬਾਰੇ ਲਏ ਸਟੈਂਡ 'ਤੇ ਕਾਇਮ ਹਨ ਅਤੇ ਉਨ੍ਹਾਂ ਅੱਜ ਕਿਸੇ ਵੀ ਮੀਟਿੰਗ ਵਿਚ ਸ਼ਮੂਲੀਅਤ ਨਹੀਂ ਕੀਤੀ।

ਸ਼੍ਰੋਮਣੀ ਅਕਾਲੀ ਦਲ ਨੇ ਦਾਅਵਾ ਕੀਤਾ ਕਿ ਅੱਜ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਹੋਈ ਮੀਟਿੰਗ 'ਚ 35 ਜ਼ਿਲ੍ਹਾ ਪ੍ਰਧਾਨਾਂ 'ਚੋਂ 33 ਅਤੇ 105 ਵਿੱਚੋਂ 96 ਹਲਕਾ ਇੰਚਾਰਜ ਸ਼ਾਮਲ ਹੋਏ ਹਨ।

**ਪਾਰਟੀ ਦੇ 99 ਫ਼ੀਸਦੀ ਆਗੂ ਸੁਖਬੀਰ ਬਾਦਲ ਨਾਲ: ਭੂੰਦੜ**

ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ 99 ਫ਼ੀਸਦੀ ਆਗੂ ਅੱਜ ਸੁਖਬੀਰ ਸਿੰਘ ਬਾਦਲ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਜੋ ਦੋ-ਚਾਰ ਲੋਕ ਉੱਧਰ ਗਏ ਹਨ ਤਾਂ ਉਨ੍ਹਾਂ ਨੂੰ ਪਾਰਟੀ ਦੇ ਮੰਚ 'ਤੇ ਆਪਣੀ ਗੱਲ ਰੱਖਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਚੰਦ ਲੋਕਾਂ ਦੀ ਰਾਇ ਨੂੰ ਬਹੁਗਿਣਤੀ 'ਤੇ ਥੋਪਿਆ ਨਹੀਂ ਜਾ ਸਕਦਾ ਹੈ।

# ਪੰਜਾਬ ਦਾ ਪਾਣੀ ਆਖਿਰ ਮੁੱਕ ਹੀ ਗਿਆ



ਬਲਬੀਰ ਸਿੰਘ ਐਮ. ਏ.


ਪੰਜਾਬ 'ਚ ਪਾਣੀ ਦਾ ਪੱਧਰ ਏਨਾ ਨੀਵਾਂ ਹੋ ਗਿਆ ਕਿ ਸਮਝੋ ਮੁੱਕ ਹੀ ਗਿਆ! ਪੰਜਾਬ ਵਿਚ ਕਿਸਾਨਾਂ ਵੱਲੋਂ ਫਸਲਾਂ ਦੇ ਬਦਲ 'ਚ ਜਦੋਂ ਤੋਂ ਝੋਨਾ ਲਾਉਣ ਦੀ ਰੀਤ ਵਧੀ ਹੈ, ਉਸੇ ਸਾਲ ਤੋਂ ਲੈ ਕੇ ਅੱਜ-ਕੱਲ੍ਹ ਤੱਕ ਪਾਣੀ ਦਾ ਪੱਧਰ ਬਹੁਤ ਹੀ ਨੀਵਾਂ ਚਲਾ ਗਿਆ ਹੈ।

ਪਾਣੀ ਧਰਤੀ ਦੇ ਥੱਲੇ ਜੋ 10-11 ਸਾਲ ਪਹਿਲਾਂ 9-10 ਮੀਟਰ ਦੀ ਗਹਿਰਾਈ 'ਤੇ ਸੀ, ਹੁਣ ਉਹ 100-150 ਮੀਟਰ ਦੀ ਗਹਿਰਾਈ 'ਤੇ ਚਲਾ ਗਿਆ ਹੈ।

ਇਸ ਪਾਣੀ ਦੇ ਪੱਧਰ ਦਾ ਘਟਣਾ ਸਿਰਫ ਕਿਸਾਨਾਂ ਲਈ ਹੀ ਘਾਤਕ ਨਹੀਂ ਸਗੋਂ ਹਰ ਪੰਜਾਬ ਵਾਸੀ ਲਈ ਬਹੁਤ ਹੀ ਨੁਕਸਾਨਦਾਇਕ ਸਮੇਂ ਵਜੋਂ ਅੱਗੇ ਆ ਰਿਹਾ ਹਨੇਰਾ ਹੈ।

ਪੰਜਾਬ 'ਚ ਇਹ ਪਾਣੀ ਦਾ ਘਟਣਾ ਕੁਦਰਤੀ ਨਹੀਂ ਹੈ, ਇਸ ਸਭ ਤੋਂ ਪਹਿਲਾਂ ਸਰਕਾਰਾਂ ਨੂੰ ਰਾਜ ਕਰਨ ਦੀ ਨੀਅਤ ਨਾਲ ਬਣਾਏ ਕਾਨੂੰਨਾਂ ਕਰਕੇ ਵੀ ਹੈ, ਜਿਸ ਵਿਚ ਅਕਾਲੀ ਦਲ ਨੇ 1997 ਦੇ ਕਰੀਬ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦੀ ਗੱਲ ਕੀਤੀ ਤੇ ਉਧਰੋਂ ਨਹਿਰਾਂ ਦਾ ਪਾਣੀ ਵੀ ਬੰਦ ਕਰ ਦਿੱਤਾ।







ਜੋ ਕੁਝ ਨਹਿਰਾਂ ਹਨ ਵੀ ਉਹ ਸਭ ਬਹੁਤ ਸਾਲਾਂ ਤੋਂ ਸੁੱਕੀਆਂ ਪਈਆਂ ਹਨ ਜਦਕਿ ਅਲੱਗ ਵਾਇਦਿਆਂ ਦੇ ਕਰਨ ਕਰਕੇ ਦੂਸਰੇ ਸੂਬਿਆਂ ਨੂੰ ਪਾਣੀ ਦੀਆਂ ਡਗਡੀਗ ਨਹਿਰਾਂ ਭਰ-ਭਰ ਪਾਣੀ ਪਹੁੰਚਾਇਆ ਜਾ ਰਿਹਾ ਹੈ।

1969-70 'ਚ ਪੰਜਬ ਵਿਚ ਬਹੁਤੇ ਜ਼ਿਲ੍ਹਿਆਂ ਤੇ ਪਾਣੀ 49 ਫੁੱਟ ਤੱਕ ਹੀ ਪੀਣਯੋਗ ਅਤੇ ਸਾਫ ਅਤੇ ਬਹੁਤਾਤ ਵਾਲਾ ਪਾਣੀ ਮਿਲ ਜਾਂਦਾ ਸੀ, ਜੋ 2013-14 ਦੇ ਆਉਂਦੇ-ਆਉਂਦੇ 128 ਫੁੱਟ ਤੇ ਜਾ ਪਿਆ ਹੈ। ਪੰਜਾਬ ਦੇ ਘੱਟੋ-ਘੱਟ 15 ਜ਼ਿਲ੍ਹਿਆਂ 'ਚ ਇਵੇਂ ਹੀ ਹੋਇਆ ਹੈ।





ਪੰਜਾਬ ਵਿਚ 1939-40 ਤੱਕ ਸਿਰਫ 9 ਫੀਸਦੀ (2.37 ਲੱਖ ਹੈਕਟੇਅਰ) ਝੋਨਾ ਹੀ ਲੱਗਦਾ ਸੀ, ਜੋ 1970-71 ਤੱਕ ਆਉਂਦਿਆਂ ਹੀ 9.62 ਫੀਸਦੀ ਤੱਕ ਝੋਨਾ ਲਾਉਣਾ ਸ਼ੁਰੂ ਹੋ ਗਿਆ ਜੋ ਕਿ 1940 ਦੇ ਮੁਕਾਬਲੇ ਤੀਹ ਸਾਲਾਂ 'ਚ 72 ਫੀਸਦੀ ਉਪਰ ਚਲਾ ਗਿਆ, 2015-16 'ਚ ਜਾ ਕੇ।

ਹਰੀ ਕ੍ਰਾਂਤੀ ਦੇ ਅਧੀਨ ਪੰਜਾਬ ਦੀਆਂ ਫਸਲਾਂ ਮੱਕੀ, ਕਣਕ, ਗੰਨਾ ਵਗੈਰਾ ਸੀ, ਨੂੰ ਬਦਲ ਕੇ ਕਣਕ-ਝੋਨਾ ਕਰ ਦਿੱਤਾ ਗਿਆ। ਵੈਸੇ ਵੀ ਦੇਸ਼ ਦੀ ਆਬਾਦੀ 40-50 ਕਰੋੜ ਤੋਂ ਵੱਧ ਕੇ ਇਕ ਲੱਖ 40 ਕਰੋੜ ਹੋ ਗਈ ਤੇ ਕਿਉਂਕਿ ਮੋਹਰੀ ਰਾਜ ਸੀ, ਇਸੇ ਦੇ ਮੋਢਿਆਂ 'ਤੇ ਸਾਰਾ ਭਾਰ ਪਾਉਣ ਦੀ ਸੋਚੀ ਗਈ।

ਪੰਜਾਬ ਦੀ ਸਿੰਚਾਈ 1970-71 'ਚ ਜੋ 56 ਫੀਸਦੀ ਪਾਣੀ ਨਾਲ ਹੁੰਦੀ ਸੀ, 2014-15 'ਚ 71 ਫੀਸਦੀ ਨਾਲ ਹੋਣ ਲੱਗ ਪਈ।

ਦੂਜੇ ਪਾਸੇ ਨਹਿਰੀ ਪਾਣੀ ਜੋ 45 ਫੀਸਦੀ ਮਿਲਦਾ ਸੀ, ਉਹ ਸਿਰਫ 29 ਫੀਸਦੀ ਰਹਿ ਗਿਆ, ਜੋ ਹੁਣ 2024 'ਚ ਨਾਮਾਤਰ ਹੀ ਹੈ ਕਿਉਂਕਿ ਨਹਿਰਾਂ ਸੁੱਕੀਆਂ ਪਈਆਂ ਹਨ, ਦਰਿਆਵਾਂ 'ਚ ਪਾਣੀ ਹੈ ਨਹੀਂ। ਨਹਿਰਾਂ ਪੱਕੀਆਂ ਕਰਕੇ ਵੀ ਬਹੁਤ ਵੱਡੀ ਮੁਸੀਬਤ ਬਣੀ ਹੈ। ਉਹ ਇਹ ਕਿਸਾਨਾਂ ਦੀ ਖੇਤੀ ਜੋ ਨਹਿਰਾਂ ਦੇ ਲਾਗੇ-ਲਾਗੇ ਹੁੰਦੀ ਹੈ, ਚੰਗੀ ਹੋ ਜਾਂਦੀ ਹੈ ਕਿਉਂਕਿ ਪਾਣੀ ਜ਼ਮੀਨ 'ਚ ਵੀ ਰਿਸਦਾ ਸੀ ਜੋ ਟਿਊਬਵੈਲਾਂ ਰਾਹੀਂ ਜਾਂ ਜ਼ਮੀਨ ਅੰਦਰੋਂ ਗਿੱਲੀ ਰਹਿਣ ਨਾਲ ਵੀ ਲਾਭਦਾਇਕ ਸੀ।

ਹੁਣ ਝੋਨਾ ਮੁੱਖ ਫਸਲ ਸਮਝੀ ਜਾ ਰਹੀ ਹੈ। ਇਸ ਝੋਨੇ ਦੀ ਫਸਲ ਦਾ ਇਕ ਕਿਲੋ ਝਾੜ ਲੈਣ ਲਈ 2013-14 ਤੱਕ 5337 ਲੀਟਰ ਪਾਣੀ ਚਾਹੀਦਾ ਹੈ, ਜਦਕਿ ਭਾਰਤ ਦੇ ਦੂਜੇ ਸੂਬਿਆਂ 'ਚ ਇਹ ਸਿਰਫ 3875 ਲੀਟਰ ਪਾਣੀ ਨਾਲ ਇਕ ਕਿਲੋ ਝੋਨਾ ਹੁੰਦਾ ਹੈ।

ਪੰਜਾਬ ਦੀ ਝੋਨੇ ਦੀ ਫਸਲ ਲਈ 16642 (ਜੋ 13,449 ਅਰਬ ਲੀਟਰ ਪਾਣੀ ਦੀ ਲੋੜ ਹੈ ਜੋ 81 ਫੀਸਦੀ ਸੈਂਟਰਲ ਪੂਲ ਦਾ ਹਿੱਸਾ ਹੈ ਜੋ 1980-81 ਵਿਚ ਸਿਰਫ 59047 (73 ਫੀਸਦੀ ਸੈਂਟਰਲ ਪੂਲ) ਅਰਬ ਲੀਟਰ ਪਾਣੀ 2013-14 'ਚ ਸੀ।

ਇੱਥੋਂ ਪਾਣੀ ਦੂਜੇ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ।

ਇਹ ਪਾਣੀ ਜੋ ਖੇਤਾਂ ਨੂੰ ਦਿੱਤਾ ਜਾਂਦਾ ਹੈ, ਉਹ 2015-16 ਤੱਕ 1.38 ਫੀਸਦੀ ਹੋਰ ਵੱਧ ਗਿਆ ਹੈ। ਟਿਊਬਵੈਲਾਂ ਦੀ ਗਿਣਤੀ ਪੰਜਾਬ 'ਚ ਜੋ 1970-71 ਤੋਂ ਵਧਦੀ-ਵਧਦੀ 2009 'ਚ ਜੋ 6.2 ਲੱਖ ਸੀ, ਉਹ ਹੁਣ ਵੱਧ ਕੇ 2014-15 'ਚ 8.4 ਲੱਖ ਹੋ ਗਈ ਹੈ (ਪੰਜਾਬ ਦੇ 12 ਹਜ਼ਾਰ ਤੋਂ ਵੱਧ ਪਿੰਡਾਂ 'ਚ)।

ਝੋਨੇ ਦੀ ਬਿਜਾਈ ਦਾ ਕੰਮ ਮਈ 10 ਤੋਂ ਜੂਨ 15 ਤੱਕ ਮਿੱਥਿਆ ਗਿਆ ਹੈ। 1970-71 'ਚ ਪੰਜਾਬ ਵਿਚ ਹਰ ਪਾਸੇ ਦਰੱਖਤ ਹੁੰਦੇ ਸਨ ਤੇ ਉਹਨਾਂ ਨਾਲ ਪੰਜਾਬ ਤਪਦਾ ਘੱਟ ਸੀ। ਹੁਣ 2024 'ਚ ਜੰਗਲ ਵੀ ਕੱਟ ਦਿੱਤੇ ਗਏ, ਦਰੱਖਤ ਵੀ ਕੱਟ ਦਿੱਤੇ ਗਏ ਤੇ ਪੰਜਾਬ 'ਚ ਤਾਪਮਾਨ ਜੋ 1990 ਦੇ ਦਹਾਕੇ ਵਿਚ ਕਦੇ 40-42 ਡਿਗਰੀ ਤੋਂ ਟੱਪਿਆ ਨਹੀਂ ਸੀ, ਹੁਣ 2024 ਵਿਚ ਤਾਪਮਾਨ 50 ਡਿਗਰੀ ਦੇ ਕਰੀਬ ਪਹੁੰਚ ਗਿਆ ਹੈ।

ਪੰਜਾਬ ਦੇ ਲੋਕ ਤਰਾਹ-ਤਰਾਹ ਕਰ ਰਹੇ ਹਨ। ਪੰਜਾਬ ਸਰਕਾਰ ਨੂੰ ਇਕਦਮ ਦਰੱਖਤ ਵੱਢਣ ਤੇ ਰੋਕ ਲਗਾਉਣੀ ਚਾਹੀਦੀ ਹੈ ਤੇ ਆਪ ਸਕੀਮ ਚਲਾ ਕੇ ਦਰੱਖਤ ਲਾਉਣ ਦੀ ਵਿਧੀ ਅਪਣਾਉਣੀ ਚਾਹੀਦੀ ਹੈ।

1986 ਅਤੇ 2002 ਗੌਰਮਿੰਟ ਨੇ ਜੌਹਲ ਕਮੇਟੀ ਨੂੰ ਇਸ ਦਾ ਹੱਲ ਲੱਭਣ ਲਈ ਸੰਗਠਨ ਕੀਤਾ ਸੀ ਪਰ ਕੁਝ ਨਹੀਂ ਹੋਇਆ ਤੇ ਹੁਣ ਵੇਲਾ ਹੈ ਕੁਝ ਕਰਨ ਦਾ, ਨਹੀਂ ਤਾਂ ਪੰਜਾਬ ਦਾ ਹਰ ਘਰ ਸਵੇਰੇ ਬਾਲਟੀ, ਡਰੰਮ ਲੈ ਕੇ ਸਰਕਾਰੀ ਪਾਣੀ ਦੇ ਟਰੱਕਾਂ ਨੂੰ ਚੌਂਕਾਂ 'ਚ ਖੜ੍ਹ ਕੇ ਉਡੀਕਿਆ ਕਰੇਗਾ। ਪਾਣੀ ਦੇ ਇਕ-ਇਕ ਕਤਰੇ ਲਈ ਲਾਲਾਂ ਟਪਕਾਇਆ ਕਰਨਗੇ। ਪੰਜਾਬ ਸਰਕਾਰ ਨੂੰ ਝੋਨੇ ਦੀ ਫਸਲ ਦੇ ਤੋੜ 'ਚ ਦਾਲਾਂ, ਮੂੰਗਫਲੀ, ਮਟਰ ਤੇ ਹੋਰ ਘੱਟ ਪਾਣੀ ਖਪਤ ਵਾਲੇ ਪਾਣੀ ਦੀਆਂ ਫਸਲਾਂ ਬੀਜਣ ਦੀਆਂ ਸਿਫਾਰਸ਼ਾਂ ਕਰਨੀਆਂ ਚਾਹੀਦੀਆਂ ਹਨ।

ਅਮਰੀਕਾ 'ਚ ਸਰਕਾਰ ਹੁਕਮ ਦਿੰਦੀ ਹੈ ਕਿ ਕਿਸਾਨ ਇਸ ਵਾਹ ਬੀਜਣਗੇ ਜਾਂ ਨਹੀਂ। ਇਸੇ ਤਰ੍ਹਾਂ ਉਹ ਸਰਕਾਰ ਵੱਲੋਂ ਨਾ ਬੀਜ ਕੇ ਆਪਣੀ ਬਣਦੀ ਕਮਾਈ ਲੈ ਲੈਂਦੇ ਹਨ।

ਕਿਸਾਨਾਂ ਕੋਲੋਂ ਜਦੋਂ ਪੁੱਛਿਆ ਜਾਂਦਾ ਹੈ ਕਿ ਪਾਣੀ ਦੀ ਸਤਹਿ ਕਿੰਨੀ ਕੁ ਹੋਰ ਡੂੰਘੀ ਹੋ ਗਈ ਹੈ। ਹਰਜੀਤ ਸਿੰਘ ਨਾਂ ਦੇ ਕਿਸਾਨ ਨੇ ਦੱਸਿਆ ਕਿ ਉਹਨਾਂ ਦੇ ਜ਼ਮੀਨੀ ਪਾਣੀ ਪਿਛਲੇ ਦਸ ਸਾਲਾਂ ਵਿਚ 4.5 ਮੀਟਰ ਤੋਂ ਥੱਲੇ ਜਾ ਕੇ ਹੁਣ 21 ਮੀਟਰ 'ਤੇ ਪਾਣੀ ਮਿਲਦਾ ਹੈ। ਨਹਿਰੀ ਪਾਣੀ ਹੁਣ ਹੈ ਕੋਈ ਨਹੀਂ। ਜੇ ਹੁੰਦਾ ਤਾਂ ਸਾਨੂੰ ਧਰਤੀ ਥੱਲਿਉਂ ਜ਼ਿਆਦਾ ਪਾਣੀ ਦੀ ਲੋੜ ਨਾ ਪੈਂਦੀ।

ਜੇ ਕਿਸਾਨਾਂ ਨੂੰ ਕਿਹਾ ਜਾਵੇ ਕਿ ਪਾਣੀ ਬਹੁਤਾ ਨਾ ਵਰਤੋ। ਇਹ ਨਹੀਂ ਹੋ ਸਕਣਾ। ਜੇਕਰ ਕਿਸਾਨਾਂ ਨੂੰ, ਜੋ ਝੋਨੇ ਦੇ ਬਦਲ 'ਚ ਹੋਰ ਫਸਲ ਬੀਜਣ ਲਈ ਕਿਹਾ ਜਾਂਦਾ ਹੈ ਤਾਂ ਉਹ ਮੰਨਣ ਨੂੰ ਤਿਆਰ ਨਹੀਂ ਕਿਉਂਕਿ ਕਿਸਾਨ ਹੀ ਭਾਰਤ ਦੀ ਕਿਸਾਨੀ ਦਾ ਧੁਰਾ ਹੈ। ਜਿਹਨਾਂ ਇਲਾਕਿਆਂ 'ਚ ਪਾਣੀ ਦੀ ਘਾਟ ਹੋ ਰਹੀ ਹੈ, ਉਹਨਾਂ 'ਚ ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਮੋਗਾ, ਮੁਹਾਲੀ, ਪਠਾਨਕੋਟ, ਪਟਿਆਲਾ, ਸੰਗਰੂਰ ਆਦਿ ਜ਼ਿਲ੍ਹੇ ਹਨ, ਜਿੱਥੇ ਪਾਣੀ ਬਹੁਤ ਹੀ ਜਲਦੀ ਖਤਮ ਹੋਣ ਵਾਲਾ ਹੈ।

ਜੇਕਰ 2029 ਤੱਕ 100 ਮੀਟਰ (328 ਫੁੱਟ) ਥੱਲੇ ਚਲਾ ਜਾਂਦਾ ਹੈ ਤੇ 2039 ਤੱਕ ਇਹ ਪਾਣੀ 300 ਮੀਟਰ ਯਾਨਿ ਕਿ 1000 ਫੁੱਟ ਹੋਰ ਡੂੰਘਾ ਹੋ ਜਾਵੇਗਾ। ਜੇ ਇਸੇ ਤਰ੍ਹਾਂ ਪਾਣੀ ਘਟਦਾ ਰਿਹਾ ਤੇ ਨਲਕਾ ਜਾਂ ਪੰਪ ਲਾਉਣ ਲਈ 40-50 ਲੱਖ ਰੁਪਏ ਲੱਗਿਆ ਕਰਨਗੇ।

ਹੁਣ ਸਮਾਂ ਆ ਗਿਆ ਹੈ ਕਿ ਝੋਨੇ ਦੀ ਫਸਲ ਦਾ ਬਦਲ ਇਕ-ਦੋ ਸਾਲਾਂ 'ਚ ਹੀ ਲੱਭਣਾ ਪਵੇਗਾ। ਜੇ ਇਹ ਨਾ ਹੋਇਆ ਤਾਂ ਦਿੱਲੀ ਵਿਚ ਟਰੱਕਾਂ 'ਚ ਪਾਣੀ ਜਿਵੇਂ ਵੰਡਿਆ ਜਾਂਦਾ ਹੈ, ਉਸੇ ਤਰ੍ਹਾਂ ਪੰਜਾਬ ਦੇ ਲੋਕ ਵੀ ਹੱਥਾਂ 'ਚ ਬਾਲਟੀਆਂ/ਘੜੇ ਲੈ ਕੇ ਪਾਣੀ ਦੇ ਟਰੱਕ ਨੂੰ ਉਡੀਕਿਆ ਕਰਨਗੇ।

ਇਕ ਗੱਲ ਇਹ ਵੀ ਹੋ ਸਕਦੀ ਹੈ ਕਿ ਜੇ ਲੋਕਾਂ ਨੇ ਪੱਥਰ ਚੱਟ ਕੇ ਹੀ ਮੁੜਨਾ ਹੈ ਤਾਂ ਕਿਸਾਨ ਆਪਣੇ-ਆਪਣੇ ਇਲਾਕਿਆਂ, ਪਿੰਡਾਂ 'ਚ ਵਾਰੀਆਂ ਪਾ-ਪਾ ਕੇ ਫਸਲ ਬੀਜਿਆ ਕਰਨ। ਅੱਧੇ ਕਿਸਾਨ ਕੋਈ ਹੋਰ ਫਸਲ ਜਿਸ ਵਿਚ ਦਾਲਾਂ, ਮਟਰ, ਫਲੀਆਂ ਜਾਂ ਘੱਟ ਪਾਣੀ ਵਰਤਣ ਵਾਲੀਆਂ ਫਸਲਾਂ ਬੀਜਣ।

ਪੰਜਾਬ ਕੋਲ ਭਾਰਤ ਦੀ ਸਿਰਫ 1.5 ਫੀਸਦੀ ਜ਼ਮੀਨ ਹੈ ਪਰ ਦੇਸ਼ ਲਈ 20 ਫੀਸਦੀ ਤੱਕ ਕਣਕ ਅਤੇ 12 ਫੀਸਦੀ ਤੱਕ ਝੋਨਾ ਹਰ ਸਾਲ ਪੈਦਾ ਕਰਦਾ ਹੈ। ਇਸ 1.5 ਪਰਸੈਂਟ ਧਰਤੀ ਨੂੰ ਸਿੰਜਣ ਲਈ 14 ਅਰਬ ਕਿਊਬਿਕ ਮੀਟਰ ਜ਼ਮੀਨੀ ਪਾਣੀ ਦੀ ਲੋੜ ਜਾਂ ਨਹਿਰੀ ਪਾਣੀ ਦੀ ਲੋੜ ਹੈ। ਇਹ ਸਿਰਫ ਅੱਜਕਲ੍ਹ ਦੇ ਹਾਲਾਤਾਂ ਅਨੁਸਾਰ ਹੈ। ਅਗਲੇ 5 ਸਾਲਾਂ 'ਚ ਕਿਸਾਨਾਂ ਨੇ ਹੋਰ ਕੀ ਕਰਨਾ ਜਾਂ ਕਿਹੋ ਜਿਹੇ ਬੁਰੇ ਵਕਤ 'ਚ ਫਸਣਗੇ, ਹਾਲੇ ਕਿਹਾ ਨਹੀਂ ਜਾ ਸਕਦਾ।

**ਕੀਤਾ ਕੀ ਜਾਵੇ ਹੁਣ**

ਖੇਤੀਬਾੜੀ ਸੁਧਾਰ ਐਕਟ ਲਿਆਂਦਾ ਜਾਵੇ। ਝੋਨੇ ਦੀ ਫਸਲ ਵਾਲਾ ਆਰਥਿਕ, ਸਮਾਜਿਕ ਤੇ ਫਾਇਦੇ ਵਾਲਾ ਸਮਾਂ 2021 ਤੱਕ ਲੰਘ ਗਿਆ।

ਪੰਜਾਬ ਦੀ ਸਰਕਾਰ ਦਿੱਲੀ 'ਚ ਕੇਂਦਰ ਦੀ ਸਰਕਾਰ ਨਾਲ ਜਾ ਕੇ ਇਸ ਦਾ ਹੱਲ ਕੱਢਣ ਲਈ ਕੁਝ ਬੁੱਧੀਜੀਵੀਆਂ ਨੂੰ ਚੁਣਨ, ਜਿਹਨਾਂ ਦਾ ਮੁੱਖ ਕੰਮ ਖੇਤੀਬਾੜੀ ਦੇ ਮਹਿਕਮਿਆਂ ਨੂੰ ਵੇਖਣਾ ਹੈ।

ਇਕ ਹੋਰ ਵੀ ਪੰਜਾਬ ਨਾਲ ਵਿਤਕਰਾ ਹੋ ਰਿਹਾ ਹੈ। ਜੇ ਕਿਸੇ ਕਿਸਾਨ ਨੇ ਮੱਕੀ ਬੀਜੀ ਸੀ, ਉਸ ਦੀ ਫਸਲ 800-900 ਰੁਪਏ ਕੁਇੰਟਲ ਰੇਟ 'ਤੇ ਲਈ ਜਾਂਦੀ ਹੈ, ਜਦਕਿ ਐਮ. ਐਸ. ਪੀ. 1850 ਰੁਪਏ ਹੈ।

ਜੇ ਕਿਸਾਨ ਝੋਨੇ ਦਾ ਬਦਲ ਫਸਲ ਬੀਜਦੇ ਹਨ ਤਾਂ ਸਰਕਾਰ ਨੂੰ ਪੂਰੀ ਕੀਮਤ ਦੇਣੀ ਪਵੇਗੀ ਅਤੇ ਫਸਲ ਨੂੰ ਸਮੇਂ ਸਿਰ ਵੀ ਖਰੀਦਿਆ ਜਾਵੇ, ਨਾ ਕਿ ਕਿਸਾਨ ਮੰਡੀਆਂ 'ਚ ਰੁਲਦੇ ਰਹਿਣ।

ਸਰਕਾਰ ਜਲਦੀ ਹੀ ਕਿਸੇ ਪ੍ਰੋਗਰਾਮ ਅਧੀਨ ਕਿਸਾਨਾਂ ਦਾ ਪੂਰਾ ਹੱਕ ਤੇ ਰੇਟ ਦੇਣ ਦੀ ਗੱਲ ਕਹੇ ਤਾਂ ਕਿ ਪੰਜਾਬ ਦਾ ਪਾਣੀ ਬਚ ਸਕੇ।

**ਆਸ ਨਾਲ**
**ਬਲਬੀਰ ਸਿੰਘ ਐਮ. ਏ.**

# ‘ਪਰਦੇਸ ਟਾਇਮਜ਼’ ਦੇ ਸੰਪਾਦਕ ਬਲਬੀਰ ਸਿੰਘ ਐਮ.ਏ (ਯੂਐਸਏ) ਦੀ 'ਮਾਵਾਂ ਦੇ ਪਰਛਾਵੇ ਵਾਲਾ ਪੰਜਾਬ’ ਪੁਸਤਕ ਦੀ ਧਨੌਲਾ ’ਚ ਹੋਈ ਘੁੰਡ ਚੁਕਾਈ








ਧਨੌਲਾ ਮੰਡੀ (ਸੰਜੀਵ ਗਰਗ ਕਾਲੀ)- ਧਨੌਲਾ ’ਚ ਦਵਿੰਦਰਪਾਲ ਸਿੰਘ ਪਾਲੀ ਧਨੌਲਾ (ਮਸਹੂਰ ਭੰਗੜਚੀ ਅਤੇ ਫਿਲਮ ਡਾਇਰੈਕਟਰ) ਯੂਐਸਏ ਵਾਲੇ ਦੁਆਰਾ ਕੀਤੇ ਉਪਰਾਲੇ ਤਹਿਤ ਮਿਠਾਸ ਹਵੇਲੀ ’ਚ ਲੇਖਕ ਤੇ ਸੰਪਾਦਕ ਸ. ਬਲਬੀਰ ਸਿੰਘ ਐਮਏ (ਯੂਐਸਏ) ਜੋ ਕਿ ਅੱਜਕੱਲ ਕੈਲੀਫੋਰਨੀਆ ਵਿਖੇ ਰਹੇ ਹਨ ਅਤੇ ਜਿਲਾ ਨਵਾਂ ਸਹਿਰ ਦੇ ਨਿਵਾਸੀ ਹਨ, ਤੇ ਅਮਰੀਕਾ ’ਚ ਸੰਨ 2006 ਤੋਂ ਇੱਕ ਪੰਜਾਬੀ ਅਖਬਾਰ 'ਪਰਦੇਸ ਟਾਇਮਜ਼ ਵੀ ਕੱਢ ਰਹੇ ਹਨ, ਦੁਆਰਾ ਲਿਖੀ ਗਈ ਪੁਸਕਤ 'ਮਾਵਾਂ ਦੇ ਪਰਛਾਵੇ ਵਾਲਾ ਪੰਜਾਬ’ ਵਿੱਚ ਭਾਰੀ ਗਿਣਤੀ ਪਹੁੰਚੇ ਬੁੱਧੀਜੀਵੀਆਂ ਲੇਖਕਾਂ ਅਤੇ ਪੱਤਰਕਾਰਾਂ ਦੀ ਮੌਜੂਦਗੀ ਵਿੱਚ ਰਿਲੀਜ ਕੀਤੀ ਗਈ। ਇਸ ਸਮੇਂ ਬਲਬੀਰ ਸਿੰਘ ਐਮਏ ਉਨਾਂ ਦੀ ਪਤਨੀ ਰਜਿੰਦਰ ਕੌਰ ਅਤੇ ਉਨਾਂ ਦੇ ਪਰਮ ਮਿੱਤਰ ਸ. ਨਰਿੰਦਰ ਸਿੰਘ ਰੰਧਾਵਾ ਅਤੇ ਉਹਨਾਂ ਦੀ ਪਤਨੀ ਸੁਖਵਿੰਦਰ ਕੌਰ, ਪੰਜਾਬੀ ਫਿਲਮਾਂ ਦੀ ਮਸਹੂਰ ਅਦਾਕਾਰਾ ਰੁਪਿੰਦਰ ਕੌਰ ਰੂਪੀ ਉਨਾਂ ਦੇ ਪਤੀ ਭੁਪਿੰਦਰ ਸਿੰਘ ਬਰਨਾਲਾ, ਪ੍ਰਸਿੱਧ ਨਾਵਲਕਾਰ ਯਾਦਵਿੰਦਰ ਸਿੰਘ ਭੁੱਲਰ, ਪ੍ਰਸਿੱਧ ਗਾਇਕ ਤੇ ਭੰਗੜਾ ਕਲਾਕਾਰ ਜੱਸੀ ਲੋਂਗੋਵਾਲੀਆ ਨੇ ਪਹੁੰਚ ਕੇ ਹਿੱਸਾ ਲਿਆ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਹਾਜਰੀ ਬੁੱਧੀਜੀਵੀਆ ਮਨਜੀਤ ਸਿੰਘ, ਮਹਿੰਦਰ ਪਾਲ ਭੱਠਲ, ਬਾਬੂ ਬਿਰਜ ਲਾਲ, ਨਿਰਮਲ ਸਿੰਘ,ਦਲਵਾਰ ਸਿੰਘ ਫੌਜੀ, ਰਘਵੀਰ ਸਿੰਘ ਕੱਟੂ, ਪਰਮਜੀਤ ਸਿੰਘ ਪੱਪੂ ਪੰਜਾਬੀ ਲਿਖਾਰੀ ਵੱਲੋਂ ਮਾਵਾਂ ਨਾਲ ਸੰਬੰਧਿਤ ਆਪਣੀਆਂ ਰਚਨਾਵਾਂ ਅਤੇ ਹੋਰ ਕਵਿਤਾਵਾਂ ਪੇਸ ਕੀਤੀਆਂ ਗਈਆਂ। ਬਲਵੀਰ ਸਿੰਘ ਐਮਏ ਵੱਲੋਂ ਹਾਜਰੀਨ ਨਾਲ ਦਿਲ ਦੀਆਂ ਗੱਲਾਂ, ਆਪਣੀ ਮਾਂ ਨਾਲ ਗੱਲ ਕੀਤੀਆਂ ਗੱਲਾਂ, ਮਾਂਵਾਂ ਦੇ ਪਰਛਾਵੇਂ ਵਾਲੇ ਪੰਜਾਬ ਦੀਆਂ ਗੱਲਾਂ ,ਅਤੇ ਹੋਰ ਕਿਤਾਬਾਂ ਬਾਰੇ ਗੱਲਾਂ, ਫਿਲਮੀ ਗੱਲਾਂ, ਨਵੀ ਪੀੜੀ ਦੀਆਂ ਗੱਲਾਂ ਤੇ ਅੱਜ ਦੇ ਪੰਜਾਬ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਗਈਆਂ। ਉਹਨਾਂ ਦੱਸਿਆ ਕਿ ਉਹ ਹੁਣ ਤੱਕ 10 ਦੇ ਕਰੀਬ ਕਿਤਾਬਾਂ ਲਿਖ ਚੁੱਕੇ ਹਨ। ਪਾਲੀ ਧਨੌਲਾ ਇੰਟਰਨੈਸਨਲ ਭੰਗੜਾ ਕਲਾਕਾਰ ਵੱਲੋਂ ਆਈਆਂ ਸਖਸੀਅਤਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਜਥੇਦਾਰ ਜਗਤਾਰ ਸਿੰਘ ਦਾਨਗੜ੍ਹ, ਵੱਲੋਂ ਨਿਭਾਈ ਗਈ। ਇਸ ਮੌਕੇ ਤੇ ਜਸਪ੍ਰੀਤ ਸਿੰਘ ਗੋਲਡੀ ਕਾਹਲੋਂ, ਸੁਖਰਾਜ ਸਿੰਘ ਪ੍ਰਧਾਨ ਗੁਰਦੁਆਰਾ ਰਾਮਸਰ ਸਾਹਿਬ ਕਮੇਟੀ ਧਨੌਲਾ, ਹਰਿੰਦਰਜੀਤ ਸਿੰਘ ਢੀਂਡਸਾ, ਜਗਦੀਪ ਸਿੰਘ ਰੱਬੀ, ਇੰਦਰਜੀਤ ਸਿੰਘ, ਜਗਤਾਰ ਸਿੰਘ ਜਖਮੀ, ਸਰਪੰਚ ਕਰਮਜੀਤ ਸਿੰਘ ਗੁਰਦਾਸਪੁਰ, ਕਿਸਾਨ ਆਗੂ ਕੋਮਲਦੀਪ ਸਿੰਘ, ਧਨੌਲਾ. ਪ੍ਰਧਾਨ ਪ੍ਰੈੱਸ ਕਲੱਬ ਧਨੌਲਾ ਚਮਕੌਰ ਸਿੰਘ ਗੱਗੀ, ਕਰਮਜੀਤ ਸਿੰਘ ਸਾਗਰ, ਸੰਜੀਵ ਗਰਗ ਕਾਲੀ, ਗੁਰਚਰਨ ਸਿੰਘ ਚੰਨਾ, ਡਾਕਟਰ ਸਰਾਜ ਘਨੌਰ, ਸੁਖਪਾਲ ਸਿੰਘ ਬਰਨ (ਆਸਟ੍ਰੇਲੀਆ) ਕਰਮਜੀਤ ਸਿੰਘ ਫਿਨੀ ਵਾਲੀਆ, ਚਰਨੀ ਬੇਦਿਲ, ਆਦਿ ਨੇ ਹਾਜਰੀ ਲਗਵਾਈ।




## ਅਮਰੀਕਾ ’ਚ 32 ਸਾਲਾ ਭਾਰਤੀ ਨੂੰ ਗੋਲੀ ਮਾਰ ਕੇ ਮਾਰਨ ਵਾਲਾ ਗ੍ਰਿਫ਼ਤਾਰ



ਹਿਊਸਟਨ- ਅਮਰੀਕਾ ਦੇ ਟੈਕਸਾਸ ਸੂਬੇ ਦੀ ਪੁਲਿਸ ਨੇ ਡਲਾਸ ਵਿਚ ਰਿਟੇਲ ਸਟੋਰ ਵਿਚ ਲੁੱਟ ਦੌਰਾਨ 32 ਸਾਲਾ ਭਾਰਤੀ ਨਾਗਰਿਕ ਦੀ ਹੱਤਿਆ ਦੇ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਦਾਸਾਰੀ ਗੋਪੀਕ੍ਰਿਸ਼ਨ ਦੀ 21 ਜੂਨ ਨੂੰ ਡਲਾਸ ਦੇ ਪਲੇਜ਼ੈਂਟ ਗਰੋਵ ਵਿੱਚ ਰਿਟੇਲ ਸਟੋਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਆਂਧਰਾ ਪ੍ਰਦੇਸ਼ ਦੇ ਬਾਪਟਲਾ ਜ਼ਿਲ੍ਹੇ ਦੇ ਪਿੰਡ ਯਾਜਲੀ ਦਾ ਰਹਿਣ ਵਾਲਾ ਗੋਪੀਕ੍ਰਿਸ਼ਨ ਅੱਠ ਮਹੀਨੇ ਪਹਿਲਾਂ ਅਮਰੀਕਾ ਆਇਆ ਸੀ। ਪੁਲੀਸ ਨੇ ਗੋਪੀਕ੍ਰਿਸ਼ਨ ਦੇ ਕਤਲ ਦੇ ਦੋਸ਼ ਵਿੱਚ 21 ਸਾਲਾ ਡੇਵੋਂਟਾ ਮੈਥਿਸ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ’ਤੇ ਗੋਪੀਕ੍ਰਿਸ਼ਨ ਨੂੰ ਗੋਲੀ ਮਾਰਨ ਦਾ ਦੋਸ਼ ਹੈ। ਪੁਲੀਸ ਨੇ ਦੱਸਿਆ ਕਿ ਲੁੱਟ ਦੌਰਾਨ ਮੈਥਿਸ ਸਟੋਰ ’ਚ ਦਾਖਲ ਹੋਇਆ ਅਤੇ ਕਾਊਂਟਰ ‘ਤੇ ਪਹੁੰਚ ਕੇ ਗੋਪੀਕ੍ਰਿਸ਼ਨ ਨੂੰ ਗੋਲੀ ਮਾਰ ਦਿੱਤੀ। ਉਸ ਨੇ ਭੱਜਣ ਤੋਂ ਪਹਿਲਾਂ ਸਾਮਾਨ ਲੁੱਟ ਲਿਆ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# 2024 ਦੀਆਂ ਚੋਣਾਂ ਦੇ ਨਤੀਜੇ ਅਤੇ ਭਵਿੱਖ ਦੀ ਰਾਜਨੀਤੀ



ਜਗਰੂਪ ਸਿੰਘ ਸੇਖੋਂ

ਦੇਸ਼ ਦੀਆਂ 18ਵੀਆਂ ਲੋਕ ਸਭਾ ਚੋਣਾਂ ਸੱਤ ਪੜਾਵਾਂ ਵਿੱਚ 19 ਅਪਰੈਲ ਤੋਂ ਸ਼ੁਰੂ ਹੋ ਕੇ ਪਹਿਲੀ ਜੂਨ ਨੂੰ ਸਮਾਪਤ ਹੋਈਆਂ। ਪੰਜਾਬ ਵਿੱਚ ਵੋਟਾਂ ਸੱਤਵੇਂ ਪੜਾਅ ਦੌਰਾਨ ਪਈਆਂ। ਇਨ੍ਹਾਂ ਚੋਣਾਂ ਵਿੱਚ ਕੇਵਲ 62.80 ਫ਼ੀਸਦੀ ਲੋਕਾਂ ਨੇ ਹਿੱਸਾ ਲਿਆ ਜਿਹੜਾ 2019 ਵਿੱਚ 65.77 ਫ਼ੀਸਦੀ ਅਤੇ 2014 ਵਿੱਚ 70.60 ਫ਼ੀਸਦੀ ਸੀ। ਇਹ ਚੋਣਾਂ ਸਿਵਾਇ ਅਜਨਾਲੇ ਦੇ ਨੇੜੇ ਪਿੰਡ ਵਿੱਚ ਇਕ ਸ਼ਖ਼ਸ ਦੇ ਕਤਲ ਤੋਂ, ਆਮ ਤੌਰ ’ਤੇ ਸ਼ਾਂਤੀ ਨਾਲ ਸਮਾਪਤ ਹੋ ਗਈਆਂ। ਮੋਟੇ ਤੌਰ ’ਤੇ ਇਨ੍ਹਾਂ ਚੋਣਾਂ ਵਿੱਚ ਲੋਕਾਂ ਦਾ ਉਤਸ਼ਾਹ ਕਾਫ਼ੀ ਮੱਠਾ ਰਿਹਾ ਕਿਉਂਕਿ ਰਾਜਨੀਤਕ ਪਾਰਟੀਆਂ ਦੁਆਰਾ ਲੰਮੇ ਸਮੇਂ ਤੋਂ ਲੋਕਾਂ ਦੇ ਢਾਂਚਾਗਤ ਮੁੱਦੇ ਅਣਗੌਲੇ ਕੀਤੇ ਗਏ। ਪੰਜਾਬ ਉਨ੍ਹਾਂ ਰਾਜਾਂ ਵਿੱਚੋਂ ਇੱਕ ਹੈ ਜਿੱਥੇ ਚੋਣਾਂ ਵਿੱਚ ਲੋਕਾਂ ਦੀ ਭਾਗੀਦਾਰੀ ਦੇਸ਼ ਭਰ ਵਿੱਚੋਂ ਹਮੇਸ਼ਾ ਜ਼ਿਆਦਾ ਰਹਿੰਦੀ ਸੀ।

ਪੰਜਾਬ ਵਿੱਚ ਇਨ੍ਹਾਂ ਚੋਣਾਂ ਵਿੱਚ ਕੁਲ ਉਮੀਦਵਾਰਾਂ ਦੀ ਗਿਣਤੀ 329 ਸੀ; 2019 ਵਿੱਚ ਇਹ 266 ਸੀ। ਇਸ ਵਿੱਚੋਂ ‘ਨੋਟਾ’ ਵੀ ਇੱਕ ਉਮੀਦਵਾਰ ਦੇ ਤੌਰ ’ਤੇ ਗਿਣਿਆ ਜਾਂਦਾ ਹੈ। ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਸੀ ਕਿ ਮੁਕਾਬਲਾ ਚਾਰ ਤੋਂ ਵੱਧ ਧਿਰਾਂ ਵਿਚਕਾਰ ਸੀ ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ, ਬੀਐੱਸਪੀ ਤੇ ਹੋਰ ਪਾਰਟੀਆਂ ਸ਼ਾਮਿਲ ਹਨ। ਇਸ ਤੋਂ ਇਲਾਵਾ ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਦੋ ਆਜ਼ਾਦ ਉਮੀਦਵਾਰ ਸਨ ਜਿਨ੍ਹਾਂ ਨੂੰ ਗਰਮਖਿਆਲ ਲੋਕਾਂ ਜਾਂ ਜਥੇਬੰਦੀਆਂ ਦੀ ਹਮਾਇਤ ਪ੍ਰਾਪਤ ਹੈ। ਇਸ ਤਰੀਕੇ ਨਾਲ ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ ’ਤੇ ਦੇਸ਼ ਅਤੇ ਦੁਨੀਆ ਭਰ ਦੇ ਲੋਕਾਂ ਦੀ ਨਜ਼ਰ ਰਹੀ। ਇਨ੍ਹਾਂ ਨਤੀਜਿਆਂ ਦਾ ਅਸਰ ਨਾ ਕੇਵਲ ਪੰਜਾਬ ਸਗੋਂ ਦੇਸ਼ ਦੀ ਰਾਜਨੀਤੀ ’ਤੇ ਪਵੇਗਾ।

ਇਹ ਚੋਣਾਂ ਪਿਛਲੀਆਂ ਚੋਣਾਂ ਵਾਂਗ ਹੀ ਕੇਂਦਰ ਵਿੱਚ ਬਣਨ ਵਾਲੀ ਸਰਕਾਰ ਦੇ ਹੱਕ ਵਿੱਚ ਦਿੱਤੇ ਫ਼ਤਵੇ ਦੇ ਖ਼ਿਲਾਫ਼ ਗਈਆਂ ਹਨ। 2019 ਵਿੱਚ ਮੁਲਕ ਵਿੱਚ ਨਰਿੰਦਰ ਮੋਦੀ ਦੀ ਲਹਿਰ ਹੋਣ ਦੇ ਬਾਵਜੂਦ ਕਾਂਗਰਸ ਪਾਰਟੀ ਨੂੰ ਪੰਜਾਬ ਦੀਆਂ ਕੁਲ 13 ਸੀਟਾਂ ਵਿੱਚੋਂ 8 ਮਿਲੀਆਂ ਸਨ; ਭਾਜਪਾ ਤੇ ਅਕਾਲੀ ਗੱਠਜੋੜ ਨੂੰ ਦੋ-ਦੋ ਅਤੇ ਆਮ ਆਦਮੀ ਪਾਰਟੀ ਨੂੰ ਇੱਕ ਸੀਟ ਮਿਲੀ ਸੀ। 2024 ਦੀਆਂ ਚੋਣਾਂ ਵਿੱਚ ਪੰਜਾਬ ਹੀ ਉੱਤਰ ਭਾਰਤ ਦਾ ਇਕੱਲਾ ਰਾਜ ਹੈ ਜਿੱਥੇ ਭਾਜਪਾ ਦਾ ਖਾਤਾ ਨਹੀਂ ਖੁੱਲ੍ਹਿਆ ਅਤੇ ਇਸ ਦੇ 5 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਹਨ ਭਾਵੇਂ ਇਸ ਨੇ ਹਰ ਹੀਲੇ ਆਪਣੇ ਸਾਧਨਾਂ ਅਤੇ ਤਾਕਤ ਦੀ ਵਰਤੋਂ ਕਰ ਕੇ ਲੋਕਾਂ, ਖ਼ਾਸ ਕਰ ਕੇ ਹਿੰਦੂ ਤੇ ਦਲਿਤ ਭਾਈਚਾਰੇ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ। ਪ੍ਰਧਾਨ ਮੰਤਰੀ ਦੀਆਂ ਚਾਰ ਰੈਲੀਆਂ ਵੀ ਭਾਜਪਾ ਲਈ ਕੋਈ ਰਾਜਨੀਤਕ ਜ਼ਮੀਨ ਤਿਆਰ ਨਹੀਂ ਕਰ ਸਕੀਆਂ। ਕਾਂਗਰਸ ਪਾਰਟੀ ਇਸ ਵਾਰ ਫਿਰ ਕੁੱਲ ਪਈਆਂ ਵੋਟਾਂ ਦਾ 26.13 ਫ਼ੀਸਦੀ ਲੈ ਕੇ ਸੱਤ ਸੀਟਾਂ ਜਿੱਤਣ ਵਿੱਚ ਕਾਮਯਾਬ ਹੋਈ ਹੈ। ਸੂਬੇ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ 26.02 ਫ਼ੀਸਦੀ ਵੋਟ ਲੈ ਕੇ ਕੇਵਲ 3 ਸੀਟਾਂ ਹੀ ਜਿੱਤ ਸਕੀ। ਕਾਂਗਰਸ ਪਾਰਟੀ ਨੇ 2019 ਵਿੱਚ 40 ਫ਼ੀਸਦੀ ਵੋਟਾਂ ਲੈ ਕੇ 8 ਸੀਟਾਂ ਜਿੱਤੀਆਂ ਸਨ। ਆਮ ਆਦਮੀ ਪਾਰਟੀ 7.14 ਫ਼ੀਸਦੀ ਵੋਟਾਂ ਲੈ ਕੇ ਕੇਵਲ ਸੰਗਰੂਰ ਦੀ ਸੀਟ ਹੀ ਜਿੱਤ ਸਕੀ ਸੀ। ਪਾਰਟੀ ਦੇ ਬਾਕੀ 12 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਅਕਾਲੀ-ਭਾਜਪਾ ਗੱਠਜੋੜ ਨੂੰ 2-2 ਸੀਟਾਂ ’ਤੇ ਜਿੱਤ ਪ੍ਰਾਪਤ ਹੋਈ ਸੀ ਅਤੇ ਇਨ੍ਹਾਂ ਦਾ ਕ੍ਰਮਵਾਰ ਵੋਟ ਸ਼ੇਅਰ 27.18 ਫ਼ੀਸਦੀ ਤੇ 9.17 ਫ਼ੀਸਦੀ ਸੀ। ਇਸ ਵਾਰ ਅਕਾਲੀ ਦਲ ਕੇਵਲ ਆਪਣੀ ਰਵਾਇਤੀ ਸੀਟ ਬਠਿੰਡਾ ਹੀ ਜਿੱਤ ਸਕਿਆ ਤੇ ਕੁਲ ਪਈਆਂ ਵੋਟਾਂ ਦਾ ਕੇਵਲ 13.42 ਫ਼ੀਸਦੀ ਹੀ ਲੈ ਸਕਿਆ ਜੋ 1996 ਤੋਂ ਬਾਅਦ ਹੋਈਆਂ ਚੋਣਾਂ ਵਿੱਚ ਸਭ ਤੋਂ ਘੱਟ ਹੈ। ਇਹ ਆਉਣ ਵਾਲੇ ਸਮੇਂ ਵਿੱਚ ਪਾਰਟੀ ਲਈ ਵੱਡੀ ਚੁਣੌਤੀ ਹੈ। ਭਾਜਪਾ 18.56 ਫ਼ੀਸਦੀ ਵੋਟਾਂ ਲੈ ਕੇ ਵੀ ਆਪਣਾ ਖਾਤਾ ਨਹੀਂ ਖੋਲ੍ਹ ਸਕੀ। ਇਨ੍ਹਾਂ ਚੋਣਾਂ ਵਿੱਚ ਦੋ ਆਜ਼ਾਦ ਉਮੀਦਵਾਰਾਂ- ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਫਰੀਦਕੋਟ ਤੋਂ ਸਰਬਜੀਤ ਸਿੰਘ ਦਾ ਬਿਨਾਂ ਸਾਧਨਾਂ ਤੋਂ ਵੱਡੇ ਪੱਧਰ ਦੀ ਜਿੱਤ ਪ੍ਰਾਪਤ ਕਰਨਾ ਮੌਜੂਦਾ ਰਾਜਨੀਤਕ ਪਾਰਟੀਆਂ, ਖ਼ਾਸ ਕਰ ਕੇ ਰਾਜ ਕਰ ਰਹੀ ਧਿਰ ਲਈ ਵੱਡੇ ਸਵਾਲ ਹਨ।




ਇਨ੍ਹਾਂ ਚੋਣ ਨਤੀਜਿਆਂ ਨੇ ਸਭ ਤੋਂ ਵੱਡੇ ਸਵਾਲ ਪੰਜਾਬ ਵਿੱਚ ਰਾਜ ਕਰ ਰਹੀ ਧਿਰ ਲਈ ਖੜ੍ਹੇ ਕੀਤੇ ਹਨ। ਪਾਰਟੀ ਨੇ 2022 ਵਿੱਚ 44 ਫ਼ੀਸਦੀ ਵੋਟਾਂ ਲੈ ਕੇ ਕੁੱਲ 117 ਸੀਟਾਂ ਵਿੱਚੋਂ 92 ਉੱਤੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਸੀ। ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਪੰਜਾਬ ਨੂੰ ਛੱਡ ਕੇ ਰਾਜਨੀਤਕ ਸਮਝੌਤਾ ਸੀ ਪਰ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿੱਚ 2022 ਦਾ ਇਤਿਹਾਸ ਦੁਹਰਾਉਣਾ ਚਾਹੁੰਦੇ ਸਨ। ਉਨ੍ਹਾਂ ਚੋਣਾਂ ਸ਼ੁਰੂ ਹੋਣ ਤੋਂ ਪਹਿਲਾਂ ਪਾਰਟੀ ਲਈ 13 ਸੀਟਾਂ ’ਤੇ ਜਿੱਤ ਦਾ ਦਾਅਵਾ ਕੀਤਾ ਸੀ ਪਰ ਕੇਵਲ ਤਿੰਨ ਸੀਟਾਂ ਜਿੱਤਣ ਨਾਲ ਉਨ੍ਹਾਂ ਦੇ ਅਕਸ ਅਤੇ ਪ੍ਰਬੰਧਕੀ ਕਾਰਗੁਜ਼ਾਰੀ ’ਤੇ ਸਵਾਲ ਖੜ੍ਹੇ ਹੋ ਗਏ ਹਨ। ਪਾਰਟੀ ਨੂੰ ਦੋ ਸਾਲ ਦੀ ਕਾਰਗੁਜ਼ਾਰੀ ਤੋਂ ਬਾਅਦ ਵੱਡੇ ਇਮਤਿਹਾਨ ਵਿਚੋਂ ਲੰਘਣਾ ਪਿਆ ਹੈ। ਜ਼ਮੀਨੀ ਹਾਲਾਤ ਦੱਸਦੇ ਹਨ ਕਿ ਉਹ 2022 ਵਿੱਚ ਲੋਕਾਂ ਦੁਆਰਾ ਦਿੱਤੇ ਵੱਡੇ ਫ਼ਤਵੇ ’ਤੇ ਖਰੇ ਉਤਰਨ ਵਿੱਚ ਕਾਫ਼ੀ ਹੱਦ ਤਕ ਨਾਕਾਮ ਹੋਏ ਲਗਦੇ ਹਨ। ਇਸ ਦਾ ਮੁੱਖ ਕਾਰਨ ਸਰਕਾਰ ਦਾ ਪੰਜਾਬ ਦੇ ਲੋਕਾਂ ਦੇ ਢਾਂਚਾਗਤ ਮੁੱਦਿਆਂ ਜਿਵੇਂ ਕਿਸਾਨੀ ਸੰਕਟ, ਨਸ਼ੇ, ਰਿਸ਼ਵਤਖੋਰੀ, ਕਾਨੂੰਨ ਵਿਵਸਥਾ ਤੇ ਰਾਜ ਪ੍ਰਬੰਧ ਵਿੱਚ ਸੁਧਾਰ ਕਰਨ ਦੇ ਮਾਮਲੇ ਵਿੱਚ ਜ਼ਿਆਦਾ ਕਾਮਯਾਬ ਨਹੀਂ ਹੋਏ। ਬਹੁਤ ਸਾਰੇ ਮੰਤਰੀਆਂ, ਵਿਧਾਇਕਾਂ ਅਤੇ ਹੋਰ ਪਾਰਟੀ ਤੋਂ ਆਏ ਨੇਤਾਵਾਂ ਨੂੰ ਚੋਣ ਲੜਾਉਣ ਨਾਲ ਵੀ ਪਾਰਟੀ ਦੇ ਅਕਸ ਨੂੰ ਫ਼ਰਕ ਪਿਆ ਹੈ। ਲੀਡਰ, ਪਾਰਟੀ ਅਤੇ ਦਿੱਲੀ ਦਰਬਾਰ ਦੇ ਅਹੁਦੇਦਾਰਾਂ ਦੀ ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਪਹਿਲਾਂ ਜਿੰਨੀ ਚਾਹਤ ਨਹੀਂ ਰਹੀ ਹੈ। ਅਸਲ ਵਿੱਚ ਦੋ ਆਜ਼ਾਦ ਉਮੀਦਵਾਰਾਂ ਦੀ ਜਿੱਤ ਵੀ ਸਰਕਾਰ ਦੀਆਂ ਨਾਕਾਮੀਆਂ ਵਿੱਚੋਂ ਹੀ ਪੈਦਾ ਹੋਈਆਂ ਘਟਨਾਵਾਂ ਹਨ। ਜੇ ਪਾਰਟੀ ਅਤੇ ਸਰਕਾਰ ਦੇ ਕੰਮ-ਕਾਰ ਨੂੰ ਲੋਕ ਪੱਖੀ ਨਾ ਬਣਾਇਆ ਗਿਆ ਤਾਂ 2027 ਵਿੱਚ ਪਾਰਟੀ ਨੂੰ ਹੋਰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

ਅਕਾਲੀ ਦਲ ਜਿਹੜਾ ਕਿਸੇ ਸਮੇਂ ਨਾ ਕੇਵਲ ਪੰਜਾਬ ਦੀ ਆਵਾਜ਼ ਬਣਦਾ ਸੀ ਸਗੋਂ ਕੇਂਦਰੀ ਪੱਧਰ ’ਤੇ ਰਾਜਾਂ ਦੇ ਅਧਿਕਾਰਾਂ ਦੀ ਵਕਾਲਤ ਕਰਦਾ ਹੁੰਦਾ ਸੀ, ਹੁਣ ਆਪਣੀ ਹੋਂਦ ਬਰਕਰਾਰ ਰੱਖਣ ਦੀ ਲੜਾਈ ਲੜ ਰਿਹਾ ਹੈ। 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਲਗਾਤਾਰ ਪਛਾੜ ਖਾ ਰਹੀ ਹੈ। ਇਸ ਦੇ ਭਾਵੇਂ ਬਹੁਤ ਸਾਰੇ ਕਾਰਨ ਹਨ ਪਰ ਇਸ ਦੇ 2007-17 ਵਾਲੇ ਰਾਜ ਵਿਚ ਹੋਈਆਂ ਬਹੁਤ ਸਾਰੀਆਂ ਘਟਨਾਵਾਂ ਅਜੇ ਵੀ ਪਾਰਟੀ ਦੀ ਲੀਡਰਸ਼ਿਪ ਦਾ ਖਹਿੜਾ ਨਹੀਂ ਛੱਡ ਰਹੀਆਂ। ਪੰਜਾਬ ਦੇ ਬਹੁਤ ਸਾਰੇ ਲੋਕ ਅਜੇ ਵੀ ਪੰਜਾਬ ਦੇ ਵੱਡੇ ਮਸਲੇ ਕਿਸਾਨੀ ਸੰਕਟ, ਨਸ਼ਿਆਂ, ਰਿਸ਼ਵਤਖੋਰੀ, ਬਦਲਾਖੋਰੀ, ਧੱਕੇਸ਼ਾਹੀ ਆਦਿ ਲਈ ਦੂਜੀਆਂ ਪਾਰਟੀਆਂ ਦੇ ਨਾਲ-ਨਾਲ ਇਸ ਨੂੰ ਵੀ ਜ਼ਿੰਮੇਵਾਰ ਮੰਨਦੇ ਹਨ। ਅਕਾਲੀ ਦਲ ਦੀ ਭਾਜਪਾ ਨਾਲ ਭਾਈਵਾਲੀ ਨੇ ਵੀ ਇਸ ਦੇ ਅਕਸ ਨੂੰ ਸੱਟ ਮਾਰੀ ਹੈ ਤੇ ਇਹ ਆਪਣਾ ਰਵਾਇਤੀ ਰਾਜਨੀਤਕ ਆਧਾਰ, ਭਾਵ ਕਿਸਾਨੀ ਤੇ ਸਿੱਖ ਵੋਟਰ, ਕਾਫ਼ੀ ਹੱਦ ਤਕ ਗੁਆ ਚੁੱਕੀ ਹੈ। ਇਸ ਤੋਂ ਇਲਾਵਾ ਪਾਰਟੀ ਲੀਡਰਸ਼ਿਪ ਦੀ ਰਾਜਨੀਤਕ ਯੋਗਤਾ ’ਤੇ ਅਜੇ ਲੋਕਾਂ ਦਾ ਜ਼ਿਆਦਾ ਵਿਸ਼ਵਾਸ ਬਣਦਾ ਨਜ਼ਰ ਨਹੀਂ ਆ ਰਿਹਾ। ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਵੋਟਰਾਂ ਦਾ ਵੱਡਾ ਫ਼ਤਵਾ ਕਾਂਗਰਸ ਦੇ ਹੱਕ ਵਿੱਚ ਜਾਣ ਕਾਰਨ ਕਾਂਗਰਸ ਦਾ ਆਧਾਰ ਆਉਣ ਵਾਲੇ ਸਮੇਂ ਵਿੱਚ ਵਧੇਗਾ; ਲਗਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਕਾਰ ਹੋਵੇ। ਲੋਕਾਂ ਦਾ ਕਾਂਗਰਸ ਪਾਰਟੀ ਪ੍ਰਤੀ ਮੋਹ ਪਾਰਟੀ ਦੇ ਵੱਡੇ ਲੀਡਰਾਂ ਦਾ ਹੋਰ ਪਾਰਟੀਆਂ ਵਿੱਚ ਚਲੇ ਜਾਣ ਦੇ ਬਾਅਦ ਵੀ ਕਾਇਮ ਰਿਹਾ ਹੈ। ਮੌਜੂਦਾ ਸਮੇਂ ਵਿੱਚ ਇਸ ਦਾ ਮੁੱਖ ਕਾਰਨ ਕੇਂਦਰ ਸਰਕਾਰ ਖਿਲਾਫ ਕਾਂਗਰਸ ਆਗੂ ਰਾਹੁਲ ਗਾਂਧੀ ਦੀਆਂ ਭਾਰਤ ਜੋੜੋ ਯਾਤਰਾਵਾਂ ਤੋਂ ਬਾਅਦ ‘ਰਾਜਨੀਤਕ ਮਨੁੱਖ’ ਦੇ ਤੌਰ ’ਤੇ ਉਭਰ ਕੇ ਆਉਣਾ ਤੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਕਾਂਗਰਸ ਦੇ ਕੇਂਦਰੀ ਬਿੰਦੂ ਵਿੱਚ ਲਿਆਉਣਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਵਿੱਚ ਫਿਰਕੂ ਭਾਸ਼ਨਾਂ ਦੇ ਬਾਵਜੂਦ ਸਿੱਖ ਭਾਈਚਾਰੇ ਅਤੇ ਹੋਰਨਾਂ ਦਾ ਕਾਂਗਰਸ ਵਿੱਚ ਵਿਸ਼ਵਾਸ ਪੰਜਾਬ ਦੇ ਲੋਕਾਂ ਦੀ ਸਦਾ ਅਗਾਂਹ ਵਧਣ ਵਾਲੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ ਪੰਜਾਬ ਦੀ ਰਾਜਨੀਤੀ ’ਤੇ ਵੱਡਾ ਅਸਰ ਕਰਨਗੇ। ਕਿਸਾਨੀ ਅੰਦੋਲਨ ਤੋਂ ਬਾਅਦ ਪੰਜਾਬ ਦੇ ਆਮ ਲੋਕ ਆਪਣੇ ਮੁੱਦੇ ਬਿਨਾਂ ਕਿਸੇ ਝਿਜਕ ਅਤੇ ਭੈਅ ਤੋਂ ਸਿਆਸਤਦਾਨਾਂ ਅੱਗੇ ਉਠਾ ਰਹੇ ਹਨ। ਇਹ ਗੱਲ ਵੀ ਦੇਖਣ ਨੂੰ ਮਿਲੀ ਕਿ ਰਾਜਨੀਤਕ ਜਮਾਤਾਂ ਦੇ ਵਿਹਾਰ ਵਿੱਚ ਕੋਈ ਤਬਦੀਲੀ ਨਹੀਂ ਆਈ, ਇਸੇ ਕਰ ਕੇ ਇਨ੍ਹਾਂ ਚੋਣਾਂ ਵਿੱਚ ਲੋਕਾਂ ਦੁਆਰਾ ਉਠਾਏ ਮੁੱਦੇ 2014 ਦੀਆਂ ਚੋਣਾਂ ਵਾਲੇ ਹੀ ਹਨ। ਇਹ ਉਹ ਮੁੱਦੇ ਸਨ ਜਿਸ ਕਰ ਕੇ ਪੰਜਾਬ ਵਿੱਚ ਬਿਨਾਂ ਕਿਸੇ ਢਾਂਚੇ ਅਤੇ ਪੈਸੇ ਨਾਲ ਉਸ ਸਮੇਂ ਆਮ ਆਦਮੀ ਪਾਰਟੀ ਨੇ 4 ਸੀਟਾਂ ਜਿੱਤੀਆਂ ਸਨ। ਮੁੱਦਿਆਂ ਦੀ ਡੂੰਘਾਈ ਨਾਲ ਪੁਣ-ਛਾਣ ਤੋਂ ਬਾਅਦ ਪਤਾ ਲਗਦਾ ਹੈ ਕਿ ਮੁੱਦੇ ਤਾਂ ਉਹੀ ਹਨ ਪਰ ਰਾਜ ਕਰਨ ਵਾਲੀਆਂ ਧਿਰਾਂ ਬਦਲ ਜਾਂਦੀਆਂ ਹਨ। ਉਂਝ, ਇਹ ਵਰਤਾਰਾ ਵੀ ਲੋਕ ਜ਼ਿਆਦਾ ਦੇਰ ਸਹਿਣ ਨਹੀਂ ਕਰਨਗੇ ਅਤੇ ਖਡੂਰ ਸਾਹਿਬ ਤੇ ਫਰੀਦਕੋਟ ਵਰਗੇ ਨਵੇਂ ਵਰਤਾਰੇ ਰਾਜਨੀਤਕ ਪਾਰਟੀਆਂ ਲਈ ਸਵਾਲ ਪੈਦਾ ਕਰਦੇ ਰਹਿਣਗੇ।

# ਪਰਵਾਸ ਦਾ ਸੰਤਾਪ ਵੀ ਹੰਢਾ ਰਹੇ ਨੇ ਪੰਜਾਬੀ



ਜਤਿੰਦਰ ਸਿੰਘ ਪਮਾਲ

ਅੱਜ-ਕੱਲ੍ਹ ਪੰਜਾਬ ਦੇ ਨੌਜਵਾਨਾਂ ਵਿਚ ਜ਼ਿਆਦਾ ਕਮਾਈ ਕਰਨ ਲਈ ਵਿਦੇਸ਼ਾਂ ਵਿਚ ਜਾਣ ਦਾ ਰੁਝਾਨ ਵਧਦਾ ਹੀ ਜਾ ਰਿਹਾ ਹੈ। ਨੌਜਵਾਨ ਆਪਣੇ ਮਾਪਿਆਂ ਦੇ ਗ਼ਲ ਅੰਗੂਠਾ ਦੇ ਕੇ ਜ਼ਮੀਨਾਂ ਗਹਿਣੇ ਰੱਖ ਕੇ ਅਤੇ ਕਰਜ਼ੇ ਚੁੱਕ ਕੇ ਵਿਦੇਸ਼ਾਂ ਨੂੰ ਭੱਜੇ ਜਾ ਰਹੇ ਹਨ। ਵਿਦੇਸ਼ਾਂ ਵਿਚ ਗਏ ਸਾਡੇ ਪੰਜਾਬੀ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਸਭ ਲਈ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਨਸਾਨ ਲਈ ਪੈਸਾ ਹੀ ਸਭ ਕੁਝ ਨਹੀਂ ਹੈ। ਪੈਸਾ ਤਾਂ ਹੱਥਾਂ ਦੀ ਮੈਲ ਹੈ। ਪੈਸੇ ਨਾਲ ਭਾਵੇਂ ਤੁਸੀਂ ਸਭ ਕੁਝ ਖ਼ਰੀਦ ਸਕਦੇ ਹੋ ਪ੍ਰੰਤੂ ਪਰਿਵਾਰਕ ਰਿਸ਼ਤੇ ਜਿਵੇਂ ਮਾਂ-ਬਾਪ, ਭੈਣ-ਭਰਾ ਆਦਿ ਨਹੀਂ ਖ਼ਰੀਦੇ ਜਾ ਸਕਦੇ। ਸਿਆਣਿਆਂ ਦਾ ਕਥਨ ਹੈ ਕਿ ਇੱਜ਼ਤ, ਅਣਖ, ਸਵੈਮਾਣ ਅਤੇ ਮਾਨਸਿਕ ਸ਼ਾਂਤੀ ਲਈ ਸਾਰੀ ਨਾਲੋਂ ਅੱਧੀ ਖਾ ਲੈਣੀ ਕਿਤੇ ਬਿਹਤਰ ਹੈ।

ਮੈਂ ਇਹ ਸੰਖੇਪ ਜਿਹਾ ਵਰਣਨ ਇਸ ਲਈ ਕੀਤਾ ਹੈ ਕਿਉਂਕਿ ਇਸ ਸਾਲ 15 ਅਪ੍ਰੈਲ ਤੋਂ 12 ਜੂਨ ਤੱਕ ਲਗਪਗ ਡੇਢ ਦਰਜਨ ਨੌਜਵਾਨ ਜੋ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ਾਂ ਵਿਚ ਗਏ ਸਨ, ਉਨ੍ਹਾਂ ਦੀ ਮੌਤ ਹੋ ਗਈ। ਜ਼ਿਆਦਾਤਰ ਨੌਜਵਾਨ ਪੰਜਾਬ ਵਿਚ ਰਹਿ ਕੇ ਕੋਈ ਵੀ ਕੰਮ ਕਰਨ ਨੂੰ ਤਿਆਰ ਨਹੀਂ ਹਨ ਅਤੇ ਵਿਦੇਸ਼ਾਂ ਵਿਚ ਜਾ ਕੇ ਬੁਰੇ ਹਾਲਾਤ ਵਿਚ ਰਹਿ ਕੇ ਹਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਪੰਦਰਾਂ ਅਪ੍ਰੈਲ ਨੂੰ ਕੈਨੇਡਾ ਦੇ ਵੈਨਕੂਵਰ ਵਿਚ 24 ਸਾਲਾ ਭਾਰਤੀ ਵਿਦਿਆਰਥੀ ਚਿਰਾਗ ਦੀ ਗੋ.ਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਆਪਣੀ ਕਾਰ ਵਿਚ ਮਰਿਆ ਮਿਲਿਆ। ਪੁਲਿਸ ਅਨੁਸਾਰ ਚਿਰਾਗ ਹਰਿਆਣੇ ਦੇ ਸੋਨੀਪਤ ਦਾ ਰਹਿਣ ਵਾਲਾ ਸੀ। ਇਸੇ ਤਰ੍ਹਾਂ 20 ਅਪ੍ਰੈਲ ਤੋਂ ਪਹਿਲਾਂ ਬਟਾਲਾ ਦੇ ਨੇੜਲੇ ਪਿੰਡ ਰਲ੍ਹਸਪੁਰ ਦੇ ਨੌਜਵਾਨ ਅਮਨਦੀਪ ਸਿੰਘ ਦੀ ਸਾਉਦੀ ਅਰਬ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ। ਉੱਥੇ ਉਹ ਇਕ ਕੰਪਨੀ ਦਾ ਟਰਾਲਾ ਡਰਾਈਵਰ ਸੀ। ਟਰਾਲਾ ਖੜ੍ਹਾ ਕਰ ਕੇ ਵਾਪਸ ਕੰਪਨੀ ਵੱਲ ਆ ਰਿਹਾ ਸੀ ਤਾਂ ਫਲਾਈਓਵਰ ’ਤੇ ਅਚਾਨਕ ਸੰਤੁਲਨ ਵਿਗੜਨ ਕਾਰਨ ਟਰਾਲਾ ਪਲਟ ਗਿਆ ਅਤੇ ਅਮਨਦੀਪ ਦੀ ਮੌਤ ਹੋ ਗਈ। ਅੱਪਰਾ ਇਲਾਕੇ ਦੇ ਪਿੰਡ ਚੱਖਮਾਜਰਾ ਦੇ ਹਰਪਾਲ ਰਾਮ ਦੀ ਮੌਤ ਦੀ 24 ਅਪ੍ਰੈਲ ਨੂੰ ਅਖ਼ਬਾਰਾਂ ਵਿਚ ਖ਼ਬਰ ਛਪੀ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਹਰਪਾਲ ਪੁੱਤਰ ਨੰਜੂ ਰਾਮ 6 ਸਾਲ ਪਹਿਲਾਂ ਇਟਲੀ ਗਿਆ ਸੀ। ਉੱਥੇ ਉਹ ਸੈਲਰੋਨ ਸ਼ਹਿਰ ਵਿਚ ਇਕ ਰੈਸਟੋਰੈਂਟ ਵਿਚ ਕੰਮ ਕਰਦਾ ਸੀ। ਕੰਮ ਤੋਂ ਘਰ ਪਰਤਣ ਮਗਰੋਂ ਰਾਤ ਨੂੰ ਉਸ ਦੀ ਸਿਹਤ ਵਿਗੜ ਗਈ ਅਤੇ ਮੌਤ ਹੋ ਗਈ। ਕੈਨੇਡਾ ਵਿਚ ਇਕ ਸੜਕ ਹਾਦਸੇ ’ਚ ਫਿਰੋਜ਼ਪੁਰ ਦੇ ਪਿੰਡ ਰਾਮਪੁਰ ਦੇ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਕੈਨੇਡਾ ਦੇ ਸ਼ਹਿਰ ਸਰੀ ਨਜ਼ਦੀਕ ਬੀਸੀ ਹਾਈਵੇ 5 ਨੇੜੇ ਕਲੀਅਰ ਵਾਟਰ ਕੋਲ ਦੋ ਟਰੱਕਾਂ ਵਿਚਕਾਰ ਭਿਆਨਕ ਟੱਕਰ ਹੋ ਗਈ। ਦੋਹਾਂ ਟਰੱਕਾਂ ਨੂੰ ਅੱਗ ਲੱਗ ਗਈ ਅਤੇ ਰਾਮਪੁਰ ਨਾਲ ਸਬੰਧਤ ਧਰਮਿੰਦਰ ਸਿੰਘ (37) ਪੁੱਤਰ ਬਖ਼ਸ਼ੀਸ ਸਿੰਘ ਦੀ ਮੌਤ ਹੋ ਗਈ। ਉਣੱਤੀ ਅਪ੍ਰੈਲ ਦੇ ਅਖ਼ਬਾਰਾਂ ਵਿਚ ਛਪਿਆ ਕਿ ਸਮਾਣਾ ਦੇ ਨਜ਼ਦੀਕੀ ਪਿੰਡ ਕਕਰਾਲਾ ਭਾਈਕਾ ਦੇ ਪੰਜਾਬੀ ਨੌਜਵਾਨ ਦਿਲਪ੍ਰੀਤ ਸਿੰਘ ਦੀ ਕੈਨੇਡਾ ਵਿਖੇ ਮੌਤ ਹੋ ਗਈ। ਉਹ ਦੋ ਮਹੀਨੇ ਪਹਿਲਾਂ ਹੀ ਵਿਜ਼ਟਰ ਵੀਜ਼ੇ ’ਤੇ ਸਰੀ ਵਿਚ ਰਹਿੰਦੀ ਆਪਣੀ ਭੈਣ ਕੋਲ ਗਿਆ ਸੀ। ਉੱਥੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਚਮਿਆਰੀ ਕਸਬੇ ਦੇ ਨੌਜਵਾਨ ਅੰਮ੍ਰਿਤਪਾਲ ਸਿੰਘ ਦੀ ਇੰਗਲੈਂਡ ਵਿਚ ਬਿਮਾਰੀ ਕਾਰਨ ਮੌਤ ਹੋ ਗਈ। ਉਸ ਦੇ ਪਿਤਾ ਅੰਗਰੇਜ਼ ਸਿੰਘ ਨੇ ਦੱਸਿਆ ਕਿ ਅੱਠ ਮਹੀਨੇ ਪਹਿਲਾਂ ਹੀ ਜ਼ਮੀਨ ਗਹਿਣੇ ਰੱਖ ਕੇ ਉਨ੍ਹਾਂ ਨੇ ਉਸ ਨੂੰ ਇੰਗਲੈਂਡ ਪੜ੍ਹਨ ਲਈ ਭੇਜਿਆ ਸੀ।



ਭੀਖੀ ਦੇ ਨੇੜਲੇ ਪਿੰਡ ਖੀਵਾ ਖੁਰਦ ਦੇ ਨੌਜਵਾਨ ਭੁਪਿੰਦਰ ਸਿੰਘ ਜੋ ਸੱਤ ਸਾਲ ਪਹਿਲਾਂ ਰੋਜ਼ੀ-ਰੋਟੀ ਦੀ ਭਾਲ ਵਿਚ ਵਰਕ ਪਰਮਿਟ ’ਤੇ ਸਾਈਪ੍ਰਸ ਗਿਆ ਸੀ, ਉੱਥੇ ਉਹ ਗਊਆਂ ਦੇ ਫਾਰਮ ਵਿਚ ਕੰਮ ਕਰਦਾ ਸੀ, ਜਿਸ ਦੀ 14 ਮਈ ਨੂੰ ਇਕ ਸਾਨ੍ਹ ਵੱਲੋਂ ਟੱਕਰ ਮਾਰਨ ਕਾਰਨ ਮੌਤ ਹੋ ਗਈ। ਸੋਲਾਂ ਮਈ ਨੂੰ ਹੀ ਇਹ ਵੀ ਖ਼ਬਰ ਛਪੀ ਕਿ ਕਰੀਬ ਇਕ ਸਾਲ ਪਹਿਲਾਂ ਡੰਕੀ ਲਾ ਕੇ ਅਮਰੀਕਾ ਗਏ 30 ਸਾਲਾ ਤੀਰਥ ਸਿੰਘ ਪਿੰਡ ਮਹਿੰਦੀਪੁਰ (ਨਵਾਂਸ਼ਹਿਰ) ਦੀ ਮੌਤ ਹੋ ਗਈ। ਤੀਰਥ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਦਸੂਹਾ ਦੇ 22 ਸਾਲਾ ਨੌਜਵਾਨ ਮਨਪ੍ਰੀਤ ਸਿੰਘ ਦੀ ਅਮਰੀਕਾ ਵਿਚ ਪਾਣੀ ਵਿਚ ਡੁੱਬ ਜਾਣ ਕਾਰਨ ਮੌਤ ਹੋ ਗਈ। ਉਸ ਦੇ ਪਿਤਾ ਨੇ ਦੱਸਿਆ ਕਿ 2019 ਵਿਚ ਮਨਪ੍ਰੀਤ ਸਿੰਘ ਅਮਰੀਕਾ ਗਿਆ ਸੀ। ਆਪਣੇ ਦੋਸਤ ਨਾਲ ਕਿਸੇ ਥਾਂ ਨਹਾਉਣ ਗਿਆ ਸੀ ਤੇ ਡੁੱਬ ਗਿਆ। ਇਹ ਖ਼ਬਰ ਵੀ 23 ਮਈ ਨੂੰ ਅਖ਼ਬਾਰਾਂ ’ਚ ਛਪੀ ਕਿ ਕਸਬਾ ਭਿਖੀਵਿੰਡ ਦੇ ਨੌਜਵਾਨ ਤਰਵਿੰਦਰ ਸਿੰਘ ਦੀ ਭੇਤਭਰੇ ਹਾਲਾਤ ਵਿਚ ਮੌਤ ਹੋ ਗਈ। ਪਰਿਵਾਰ ਅਨੁਸਾਰ ਹਰਵਿੰਦਰ ਸਿੰਘ ਦੋ ਮਈ ਨੂੰ ਹੀ ਕ੍ਰੋਏਸ਼ੀਆ ਗਿਆ ਸੀ ਜਿੱਥੋਂ ਉਹ ਪੁਰਤਗਾਲ ਚਲਿਆ ਗਿਆ ਅਤੇ ਉੱਥੇ ਉਸ ਦੀ ਅਚਾਨਕ ਮੌਤ ਹੋ ਗਈ। ਨੂਰਮਹਿਲ ਦੇ ਪਿੰਡ ਭੰਡਾਲ ਬੂਟਾਂ ਦੇ ਇਕ ਵਿਅਕਤੀ ਜਗਦੀਸ਼ ਸਿੰਘ ਚੌਹਾਨ ਦੇ ਦਰਦਨਾਕ ਕਤਲ ਦੀ ਖ਼ਬਰ 3 ਜੂਨ ਦੇ ਅਖ਼ਬਾਰਾਂ ’ਚ ਛਪੀ। ਜਗਦੀਸ਼ ਸਿੰਘ ਕਈ

(ਬਾਕੀ ਅਗਲੇ ਸਫੇ ‘ਤੇ)

# ਅੱਗ ਉਗਲਦਾ ਆਸਮਾਨ ਅਤੇ ਮੌਸਮੀ ਤਬਦੀਲੀਆਂ

ਜਾਨਲੇਵਾ ਗਰਮੀ ਕਾਰਨ ਸਾਊਦੀ ਅਰਬ ਦੀ ਮੁਕੱਦਸ ਨਗਰੀ ਮੱਕਾ 'ਚ ਇਕ ਹਜ਼ਾਰ ਦੇ ਕਰੀਬ ਹਾਜੀਆਂ ਦੀ ਅਣਿਆਈ ਮੌਤ ਪਿੱਛੋਂ ਸਵੀਡਨ ਦੀ ਬਾਲੜੀ ਗਰੇਟਾ ਥਨਬਰਗ ਦਾ 'ਆਲਮੀ ਤਪਸ਼' ਬਾਰੇ ਦਿੱਤਾ ਗੁੰਦਵਾਂ ਭਾਸ਼ਣ ਰਹਿ-ਰਹਿ ਕੇ ਯਾਦ ਆਇਆ ਜਿਸ ਨੇ ਵਿਸ਼ਵ ਭਰ ਦੇ ਵਾਤਾਵਰਨ ਪ੍ਰੇਮੀਆਂ ਨੂੰ ਹਲੂਣ ਕੇ ਰੱਖ ਦਿੱਤਾ ਸੀ। ਪੰਦਰਾਂ ਸਾਲਾ ਮਾਸੂਮ ਗਰੇਟਾ ਵੱਲੋਂ ਸੰਨ 2018 ਵਿਚ ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ਦੌਰਾਨ ਦਿੱਤੀ ਚੰਦ ਸ਼ਬਦਾਂ ਦੀ ਤਕਰੀਰ, ਤਵਾਰੀਖ਼ੀ ਤਹਿਰੀਕ (ਅੰਦੋਲਨ) ਬਣ ਜਾਵੇਗੀ, ਇਸ ਦਾ ਸ਼ਾਇਦ ਹੀ ਉਸ ਨੇ ਤਸੱਵਰ ਕੀਤਾ ਹੋਵੇਗਾ। ਵਿਸ਼ਵ ਦੇ ਸਿਰਮੌਰ ਹਫ਼ਤਾਵਾਰੀ ਮੈਗਜ਼ੀਨ 'ਟਾਈਮ' ਨੇ ਗਰੇਟਾ ਦੀ ਤਸਵੀਰ ਸਰਵਰਕ 'ਤੇ ਲਗਾ ਕੇ ਉਸ ਨੂੰ ਸਾਲ 2019 ਦਾ 'ਪਰਸਨ ਆਫ ਯੀਅਰ' ਗਰਦਾਨਿਆ ਸੀ। ਟਾਈਮ ਦੇ ਟਾਈਟਲ 'ਤੇ ਛਪਣ ਲਈ ਵਿਸ਼ਵ ਭਰ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਕਹਿੰਦੇ-ਕਹਾਉਂਦੇ ਖ਼ਰਬਾਂਪਤੀ ਲੋਕ ਤਰਸਦੇ ਹਨ। ਇੰਨੀ ਛੋਟੀ ਉਮਰ ਵਿਚ ਅੰਤਾਂ ਦੀ ਸ਼ੋਹਰਤ ਮਿਲਣ ਦਾ ਕਾਰਨ ਜਲਵਾਯੂ ਤਬਦੀਲੀ ਬਾਰੇ ਚਿੰਤਾਵਾਂ ਨੂੰ ਬੁਲੰਦੀਆਂ 'ਤੇ ਪਹੁੰਚਾਉਣਾ ਸੀ। ਆਪਣੇ ਸੰਖੇਪ ਜਿਹੇ ਭਾਸ਼ਣ ਵਿਚ ਉਹ ਹਟਕੋਰੇ ਲੈਂਦੀ ਪ੍ਰਤੀਤ ਹੋਈ। ਗਰੇਟਾ ਦੇ ਹੌਕਿਆਂ ਤੇ ਸਿਸਕੀਆਂ ਨੇ ਉਸ ਨੂੰ ਛੋਟੀ ਉਮਰੇ ਵਿਸ਼ਵ ਦੀ ਸਭ ਤੋਂ ਵੱਡੀ ਵਾਤਾਵਰਨ ਕਾਰਕੁਨ ਬਣਾ ਦਿੱਤਾ ਸੀ। ਤਕਰੀਰ ਦੌਰਾਨ ਉਹ ਕਈ ਵਾਰ ਫਿੱਸਦੀ ਦਿਸੀ। ਵਾਤਾਵਰਨ ਨੂੰ ਗੰਧਲਾ ਬਣਾਉਣ ਲਈ ਉਹ ਹੁਣ ਤੱਕ ਦੀਆਂ ਪੀੜ੍ਹੀਆਂ ਨੂੰ ਲਾਹਨਤਾਂ ਪਾਉਂਦੀ ਸੁਣਾਈ ਦਿੱਤੀ। ਉਸ ਦੀ ਆਵਾਜ਼ 'ਚ ਗਰਜ ਤੇ ਗੜਗੜਾਹਟ ਸੀ। ਹਾਜ਼ਰੀਨ ਨੂੰ ਆਲਮੀ ਤਪਸ਼ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਉਹ ਪੁੱਛਦੀ ਹੈ ਕਿ ਤੁਹਾਡੀ ਹਿੰਮਤ ਕਿਵੇਂ ਪਈ! ਸਵਾਲ-ਦਰ-ਸਵਾਲ ਕਰਦੀ ਦਾ ਉਸ ਦਾ ਗੱਚ ਭਰਦਾ ਹੈ। ਉਹ ਕਹਿੰਦੀ ਹੈ ਕਿ ਇਹ ਉਮਰ ਸਕੂਲ ਜਾਣ ਦੀ ਸੀ ਤੇ ਉਸ ਨੂੰ ਇਸ ਵਿਸ਼ੇ 'ਤੇ ਬੋਲਣ ਲਈ ਇੱਥੇ ਨਹੀਂ ਸੀ ਹੋਣਾ ਚਾਹੀਦਾ। ਰੋਣਹਾਕੀ ਗਰੇਟਾ ਪੁਰਾਣੀਆਂ ਪੀੜ੍ਹੀਆਂ 'ਤੇ ਦੋਸ਼ ਧਰ ਹੋਈ ਕਹਿੰਦੀ ਹੈ ਕਿ ਉਨ੍ਹਾਂ ਨੇ ਉਸ ਦੇ ਸੁਪਨੇ ਚੁਰਾਏ/ਤੋੜੇ ਹਨ। ਅਜਿਹੇ ਹਾਲਾਤ ਪੈਦਾ ਕਰਨ ਲਈ ਤੁਹਾਡੀ ਜੁਰਅਤ ਕਿਵੇਂ ਪਈ, ਉਹ ਦਹਾੜਦੀ ਹੈ। ਹਾਜ਼ਰੀਨ ਉਸ ਦੀ ਜ਼ਮੀਰਾਂ ਨੂੰ ਝੰਜੋੜਨ ਵਾਲੀ ਤਕਰੀਰ 'ਤੇ ਵਾਰ-ਵਾਰ ਤਾੜੀਆਂ ਮਾਰਦੇ ਰਹੇ। ਗਰੇਟਾ ਅੰਦਰ ਜਿਵੇਂ ਕੋਈ ਘੂਕ ਸੁੱਤਾ ਬੱਦਲ ਫਟਿਆ ਸੀ। ਅਸਮਾਨੀ ਬਿਜਲੀ ਜਿਵੇਂ ਉਸ ਦੀਆਂ ਅੱਖਾਂ ਥੀ ਸਰੋਤਿਆਂ 'ਤੇ ਡਿੱਗ ਰਹੀ ਸੀ। ਗਰੇਟਾ ਮਹਿਜ਼ ਅੱਠ ਕੁ ਸਾਲ ਦੀ ਸੀ ਜਦੋਂ ਉਸ ਦੀ ਅਧਿਆਪਕਾ ਨੇ ਉਸ ਨੂੰ ਸਮੁੰਦਰ ਵਿਚ ਢੇਰ ਕੀਤੇ ਗਏ ਪਲਾਸਟਿਕ ਦੀ ਤਸਵੀਰ ਦਿਖਾਈ ਸੀ। ਦੂਜੀ ਤਸਵੀਰ ਦੂਧੀਆ ਧਰੁਵੀ ਭਾਲੂਆਂ (ਪੋਲਰ ਬੀਅਰਾਂ) ਦੀ ਸੀ ਜੋ ਗਲੇਸ਼ੀਅਰਾਂ ਦੇ ਪਿਘਲਣ ਨਾਲ ਭੁੱਖਮਰੀ ਦਾ ਸ਼ਿਕਾਰ ਸਨ। ਜ਼ਮੀਨ 'ਤੇ ਰਹਿਣ ਵਾਲੇ ਭੂਰੇ ਭਾਲੂਆਂ ਦੀ ਬਜਾਏ ਧਰੁਵੀ ਭਾਲੂਆਂ ਦਾ ਰੈਣ-ਬਸੇਰਾ ਗਲੇਸ਼ੀਅਰ ਹੁੰਦੇ ਹਨ। ਬਰਫ਼ ਦੀਆਂ ਪਰਤਾਂ 'ਤੇ ਉਹ ਸਾਰੀ ਉਮਰ ਬਿਤਾਉਂਦੇ ਹਨ। ਯੱਖ ਗਤੀਸ਼ੀਲ ਪਾਣੀਆਂ 'ਚੋਂ ਉਹ ਸੀਲ ਮੱਛੀਆਂ ਦਾ ਸ਼ਿਕਾਰ ਕਰਦੇ ਹਨ। ਆਲਮੀ ਤਪਸ਼ ਕਾਰਨ ਧਰੁਵੀ ਭਾਲੂਆਂ ਦਾ ਜੀਣਾ ਮੁਹਾਲ ਹੋ ਗਿਆ ਹੈ। ਅਮਰੀਕਾ ਦੇ ਅਲਾਸਕਾ , ਕੈਨੇਡਾ, ਰੂਸ, ਨਾਰਵੇ ਅਤੇ ਗ੍ਰੀਨਲੈਂਡ ਦੀਆਂ ਸੀਮਾਵਾਂ ਵਿਚ ਪਾਏ ਜਾਂਦੇ ਪੋਲਰ ਬੀਅਰ ਲੁਪਤ ਹੋਣੇ ਸ਼ੁਰੂ ਹੋ ਗਏ ਹਨ। ਇਕ ਅੰਦਾਜ਼ੇ ਮੁਤਾਬਕ ਉਨ੍ਹਾਂ ਦੀ ਗਿਣਤੀ ਮਹਿਜ਼ 25-30 ਹਜ਼ਾਰ ਰਹਿ ਗਈ ਹੈ। ਗਲੋਬਲ ਵਾਰਮਿੰਗ ਦਾ ਕੋਈ ਹੱਲ ਨਾ ਨਿਕਲਿਆ ਤਾਂ ਸਮੁੰਦਰੀ ਭਾਲੂਆਂ ਦੀ ਪ੍ਰਜਾਤੀ ਲੋਪ ਹੋਣ ਦਾ ਖ਼ਦਸ਼ਾ ਹੈ। ਮਈ 2008 ਵਿਚ ਇਨ੍ਹਾਂ ਨੂੰ ਲੁਪਤ ਹੋਣ ਵਾਲੀ ਪ੍ਰਜਾਤੀ ਵਿਚ ਸ਼ੁਮਾਰ ਕੀਤਾ ਗਿਆ ਸੀ ਤੇ ਕੁਝ ਸਾਲਾਂ ਬਾਅਦ ਇਹ ਲੁਪਤ ਹੋ ਜਾਣ ਵਾਲੀ ਅੱਤ ਨਾਜ਼ੁਕ ਸੂਚੀ ਵਿਚ ਆ ਗਏ। ਗਰੇਟਾ ਦੀ ਉਮਰ ਗੁੱਡੀਆਂ-ਪਟੋਲੇ ਖੇਡਣ ਵਾਲੀ ਸੀ ਜਦੋਂ ਉਸ ਨੇ ਗਲੋਬਲ ਵਾਰਮਿੰਗ ਦਾ ਸੇਕ ਮਹਿਸੂਸ ਕੀਤਾ ਸੀ। ਧਰੁਵੀ ਭਾਲੂਆਂ ਦੀ ਤਰਸਯੋਗ ਹਾਲਤ ਉਸ ਨੂੰ ਵੱਢ-ਵੱਢ ਖਾ ਰਹੀ ਸੀ। ਸੰਵੇਦਨਸ਼ੀਲ ਬੱਚੀ ਦੇ ਨਾਜ਼ੁਕ ਦਿਲ 'ਤੇ ਐਸਾ ਅਸਰ ਹੋਇਆ ਕਿ ਉਹ ਦੋ-ਤਿੰਨ ਸਾਲ ਚੁੱਪ-ਗੜੁੱਪ ਰਹੀ। ਗਲੋਬਲ ਵਾਰਮਿੰਗ ਬਾਰੇ 24 ਸਾਲਾਨਾ ਕਾਨਫਰੰਸਾਂ ਹੋ ਚੁੱਕੀਆਂ ਸਨ। ਵਾਤਾਵਰਨ ਨੂੰ ਬਚਾਉਣ ਖ਼ਾਤਰ ਇਸ ਨੰਨ੍ਹੀ ਪਰੀ ਨੇ ਹਰ ਸ਼ੁੱਕਰਵਾਰ ਸਕੂਲ ਜਾਣ ਦੀ ਬਜਾਏ ਸਵੀਡਿਸ਼ ਸਦਨ ਦੀਆਂ ਪੌੜੀਆਂ 'ਤੇ ਝੰਡਾ ਲੈ ਕੇ ਬੈਠਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਸਕੂਲੀ ਬੱਚੇ ਉਸ ਨਾਲ ਜੁੜਦੇ ਰਹੇ ਤੇ ਕਾਫ਼ਲਾ ਵਧਦਾ ਗਿਆ। ਉਸ ਨੇ ਓਪੇਰਾ ਗਾਇਕਾ ਮਾਂ ਮਲੇਨਾ ਐਕਰਮੈਨ ਤੇ ਅਦਾਕਾਰ ਪਿਤਾ ਸਵਾਂਟੇ ਥਨਬਰਗ ਨੂੰ ਹਵਾਈ ਸਫ਼ਰ ਨਾ ਕਰਨ ਲਈ ਮਨਾ ਲਿਆ। 'ਫਰਾਈਡੇਜ਼ ਫਾਰ ਫਿਊਚਰ' ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਿਆ ਤਾਂ ਉਸ ਨੂੰ ਵਾਤਾਵਰਨ ਸਬੰਧੀ ਸੰਮੇਲਨਾਂ ਵਿਚ ਭਾਗ ਲੈਣ ਲਈ ਸੱਦਾ ਪੱਤਰ ਮਿਲਣੇ ਸ਼ੁਰੂ ਹੋ ਗਏ। ਸਪੇਨ ਦੀ ਰਾਜਧਾਨੀ ਮੈਡਰਿਡ ਵਿਚ ਹੋਈ 25ਵੀਂ ਕਾਨਫਰੰਸ (ਕੌਪ-25) 'ਚ ਉਹ ਪੈਰਿਸ ਸਮਝੌਤੇ ਨੂੰ ਇੰਨ-ਬਿੰਨ ਲਾਗੂ ਕਰਨ ਲਈ ਦਹਾੜੀ। ਉਸ ਨੇ ਕਿਹਾ ਕਿ ਜੇ ਆਲਮੀ ਤਪਸ਼ ਦਾ ਹੱਲ ਨਾ ਨਿਕਲਿਆ ਤਾਂ 2030 ਤੱਕ ਇਹ ਮਨੁੱਖ ਦੇ ਵੱਸੋਂ ਬਾਹਰ ਹੋ ਜਾਵੇਗੀ। ਉਹ ਕਹਿੰਦੀ ਕਿ ਜਦੋਂ ਕਿਸੇ ਦੇ ਘਰ ਨੂੰ ਅੱਗ ਲੱਗ ਜਾਵੇ ਤਾਂ ਉਹ ਫਾਇਰ ਬ੍ਰਿਗੇਡ ਦਾ ਇੰਤਜ਼ਾਰ ਨਹੀਂ ਕਰਦਾ। ਜੰਗਲਾਂ ਦੀ ਬੇਤਹਾਸ਼ਾ ਕਟਾਈ, ਜ਼ਹਿਰਲੀਆਂ ਗੈਸਾਂ ਕਾਰਨ 'ਵਿਸ਼ਵ ਪਿੰਡ' ਅੱਗ ਦੀਆਂ ਲਪਟਾਂ ਵਿਚ ਘਿਰਿਆ ਹੋਇਆ ਹੈ। ਜਵਾਲਾਮੁਖੀ ਕਿਸੇ ਵੇਲੇ ਵੀ ਫਟ ਸਕਦਾ ਹੈ। ਸਪਸ਼ਟ ਸੀ ਕਿ ਜੇ ਗਰੇਟਾ ਥਨਬਰਗ ਸਕੂਲ ਦੀ ਚਾਰਦੀਵਾਰੀ ਵਿਚ ਰਹਿੰਦੀ ਤਾਂ ਉਸ ਨੇ ਓਹੀ ਪੜ੍ਹਨਾ ਸੀ ਜੋ ਸਦੀਆਂ ਤੋਂ ਪੜ੍ਹਾਇਆ ਜਾਂਦਾ ਸੀ। ਸਵੀਡਿਸ਼ ਸਦਨ ਦੀਆਂ ਪੌੜੀਆਂ 'ਤੇ ਬੈਠ ਕੇ ਉਸ ਨੇ ਦੁਨੀਆ ਨੂੰ ਉਹ ਸਬਕ ਪੜ੍ਹਾ ਦਿੱਤਾ ਜਿਸ ਬਾਰੇ ਦੁਨੀਆ ਅਵੇਸਲੀ ਸੀ। ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਤਾਵਰਨ ਦੇ ਮਾਮਲੇ 'ਤੇ ਪੋਤੀ ਦੇ ਹਾਣ ਦੀ ਕੁੜੀ ਨਾਲ ਸਿੰਙ ਫਸਾ ਲਏ। ਟਰੰਪ ਨੇ ਤਾਂ ਪੈਰਿਸ ਸਮਝੌਤੇ ਤੋਂ ਬਾਹਰ ਨਿਕਲਣ ਦਾ ਵੀ ਐਲਾਨ ਕਰ ਕੇ ਦੁਨੀਆ ਨੂੰ ਹੈਰਾਨ-ਪਰੇਸ਼ਾਨ ਕਰ ਦਿੱਤਾ ਸੀ। ਚੀਨ ਤੋਂ ਬਾਅਦ ਅਮਰੀਕਾ ਸਭ ਤੋਂ ਵੱਧ ਕਾਰਬਨ ਆਦਿ ਦਾ ਉਤਸਰਜਨ ਕਰਦਾ ਹੈ ਜੋ ਆਲਮੀ ਤਪਸ਼ ਦੀ ਮੁੱਖ ਵਜ੍ਹਾ ਹੈ। ਪੈਰਿਸ ਸਮਝੌਤੇ ਤਹਿਤ ਕਈ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਨੇ ਜ਼ਹਿਰੀਲੀਆਂ/ਗਰੀਨ ਹਾਊਸ ਗੈਸਾਂ ਦੀ ਦਰ ਘਟਾਉਣ ਦਾ ਹਲਫ਼ ਲਿਆ ਸੀ। ਜੋਅ ਬਾਇਡਨ ਦੇ ਰਾਸ਼ਟਰਪਤੀ ਬਣਨ ਨਾਲ ਪੈਰਿਸ ਸਮਝੌਤਾ ਲਾਗੂ ਹੋਣ ਦੀ ਆਸ ਜ਼ਰੂਰ ਬੱਝੀ ਹੈ। ਫਿਰ ਵੀ ਵਿਕਸਤ ਦੇਸ਼ਾਂ, ਖ਼ਾਸ ਤੌਰ 'ਤੇ ਅਮਰੀਕਾ, ਚੀਨ ਅਤੇ ਯੂਰਪੀ ਮੁਲਕਾਂ ਨੇ ਜੇ ਇਸ ਪ੍ਰਤੀ ਠੋਸ ਕਦਮ ਨਾ ਚੁੱਕੇ ਤਾਂ ਬਹੁਤ ਦੇਰ ਹੋ ਜਾਵੇਗੀ। ਮੱਕਾ-ਮਦੀਨਾ ਜਾਂ ਕਾਅਬਾ ਵਿਚ ਭਿਅੰਕਰ ਲੂ ਕਾਰਨ ਹੋਈਆਂ ਮੌਤਾਂ ਨੇ ਆਲਮੀ ਪੱਧਰ 'ਤੇ ਚਿੰਤਾਵਾਂ ਵਧਾਈਆਂ ਹਨ। ਇਸੇ ਲਈ ਗਰੇਟਾ ਨੂੰ ਯਾਦ ਕੀਤਾ ਜਾ ਰਿਹਾ ਹੈ। ਸਮੁੱਚੀ ਧਰਤੀ ਦਾ ਔਸਤਨ ਤਾਪਮਾਨ ਡੇਢ ਡਿਗਰੀ ਸੈਲਸੀਅਸ ਹੋ ਗਿਆ ਤਾਂ ਦੁਨੀਆ ਬਹਿਸ਼ਤ ਬਣ ਜਾਵੇਗੀ। ਅਜਿਹਾ ਨਾ ਹੋਇਆ ਤਾਂ ਪਹਾੜ ਤੇ ਖ਼ੂਬਸੂਰਤ ਵਾਦੀਆਂ ਵੀ ਤੰਦੂਰ ਨਿਆਈਂ ਤਪਣ ਲੱਗ ਜਾਣਗੇ। ਮੌਨਸੂਨ ਦਾ ਪੈਟਰਨ ਇੰਜ ਹੀ ਬਦਲਦਾ ਰਿਹਾ ਤਾਂ ਗਰਮੀਆਂ ਬੇਹੱਦ ਗਰਮ ਤੇ ਸਰਦੀਆਂ ਬੇਹੱਦ ਸਰਦ ਹੋਣਗੀਆਂ। ਇਸ ਸਾਲ ਲੂ ਨੇ ਸਮੁੱਚੀ ਦੁਨੀਆ ਨੂੰ ਵਖਤ ਪਾਇਆ ਹੋਇਆ ਹੈ। ਅਮਰੀਕਾ ਦੇ ਸ਼ਿਕਾਗੋ ਵਿਚ 36 ਡਿਗਰੀ ਤੋਂ ਵੱਧ ਤਾਪਮਾਨ ਦਰਜ ਕੀਤਾ ਗਿਆ ਜਿਸ ਨੇ 1957 ਦਾ ਰਿਕਾਰਡ ਤੋੜਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਲੋਕ ਬੂੰਦ-ਬੂੰਦ ਪਾਣੀ ਨੂੰ ਤਰਸ ਰਹੇ ਹਨ। ਕਈ ਥਾਵਾਂ 'ਤੇ ਪਾਣੀ ਦੀ ਕਾਲਾਬਾਜ਼ਾਰੀ ਹੋ ਰਹੀ ਹੈ। ਪਾਣੀ ਦੇ ਟੈਂਕਰ ਚਾਰ-ਚਾਰ ਦਿਨਾਂ ਬਾਅਦ ਬਸਤੀਆਂ ਵਿਚ ਪੁੱਜ ਰਹੇ ਹਨ। ਕਈ ਥਾਈਂ ਪਾਣੀ ਪਿੱਛੇ ਲੜਾਈਆਂ-ਝਗੜੇ ਹੋ ਰਹੇ ਹਨ। ਖਾੜੀ ਦੇ ਦੇਸ਼ਾਂ ਦਾ ਸਭ ਤੋਂ ਵੱਧ ਬੁਰਾ ਹਾਲ ਹੈ। ਮੱਕੇ ਦੀ ਗੱਲ ਕਰੀਏ ਤਾਂ ਉੱਥੇ ਤਾਪਮਾਨ 52 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਤਪਸ਼ ਤੇ ਹੁੰਮਸ ਨਾਲ ਸੜਕਾਂ/ਫੁੱਟਪਾਥਾਂ 'ਤੇ ਹੱਜ ਯਾਤਰੀ ਚੌਫਾਲ ਡਿੱਗੇ ਮਿਲੇ। ਇਹ ਵੱਖਰੀ ਗੱਲ ਹੈ ਕਿ ਹਾਜੀ ਲੋਕ ਮੁਕੱਦਸ ਮੱਕੇ-ਮਦੀਨੇ ਦੀ ਸਰਜ਼ਮੀਨ 'ਤੇ ਸਪੁਰਦ-ਏ-ਖਾਕ ਹੋਣ ਵਾਲਿਆਂ ਨੂੰ ਨਸੀਬਾਂ ਵਾਲੇ ਕਹਿੰਦੇ ਹਨ। ਇਸਲਾਮ ਵਿਚ ਹੱਜ ਅਦਾ ਕਰਨ ਨੂੰ ਕਲਮਾ, ਨਮਾਜ਼, ਰੋਜ਼ਾ ਤੇ ਜ਼ਕਾਤ ਤੋਂ ਬਾਅਦ ਪੰਜਵਾਂ ਫ਼ਰਜ਼ ਸਮਝਿਆ ਜਾਂਦਾ ਹੈ। ਹਾਜੀਆਂ ਦੀ ਆਸਥਾ ਹਮੇਸ਼ਾ ਲੂ 'ਤੇ ਭਾਰੀ ਪੈਂਦੀ ਹੈ। ਬਾਵਜੂਦ ਇਸ ਦੇ ਮੱਕੇ-ਮਦੀਨੇ ਵਿਚ ਹੋਈਆਂ ਰਿਕਾਰਡ ਮੌਤਾਂ ਨੇ ਵਾਤਾਵਰਨ ਪ੍ਰੇਮੀਆਂ ਦਾ ਧਿਆਨ ਖਿੱਚਿਆ ਹੈ।



## ਪ੍ਰੀਖਿਆਵਾਂ 'ਚ ਗੜਬੜ ਰੋਕਣ ਲਈ ਸਖ਼ਤ ਕਾਨੂੰਨ ਲਾਗੂ

ਨਵੀਂ ਦਿੱਲੀ- ਕੇਂਦਰ ਸਰਕਾਰ ਨੇ ਪ੍ਰੀਖਿਆਵਾਂ 'ਚ ਕਥਿਤ ਬੇਨਿਯਮੀਆਂ 'ਤੇ ਰੋਕ ਲਾਉਣ ਦੇ ਉਦੇਸ਼ ਨਾਲ ਇਕ ਸਖ਼ਤ ਕਾਨੂੰਨ ਲਾਗੂ ਕਰ ਦਿੱਤਾ ਹੈ। ਕਾਨੂੰਨ ਤਹਿਤ ਦੋਸ਼ੀ ਪਾਏ ਜਾਣ 'ਤੇ ਵੱਧ ਤੋਂ ਵੱਧ 10 ਸਾਲ ਦੀ ਕੈਦ ਅਤੇ ਇਕ ਕਰੋੜ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਰੀਬ ਚਾਰ ਮਹੀਨੇ ਪਹਿਲਾਂ ਲੋਕ ਪ੍ਰੀਖਿਆ (ਗਲਤ ਤਰੀਕੇ ਅਪਣਾਉਣ ਤੋਂ ਰੋਕ ਸਬੰਧੀ) ਬਿੱਲ 2024 ਨੂੰ ਮਨਜ਼ੂਰੀ ਦਿੱਤੀ ਸੀ। ਪਰਸੋਨਲ ਮੰਤਰਾਲੇ ਨੇ ਸ਼ੁੱਕਰਵਾਰ ਰਾਤ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ 'ਚ ਕਿਹਾ ਗਿਆ ਕਿ ਇਸ ਐਕਟ ਦੀਆਂ ਵਿਵਸਥਾਵਾਂ 21 ਜੂਨ ਤੋਂ ਲਾਗੂ ਹੋ ਜਾਣਗੀਆਂ। ਇਹ ਬਿੱਲ ਸੰਸਦ ਦੇ ਦੋਵੇਂ ਸਦਨਾਂ 'ਚ 10 ਫਰਵਰੀ ਨੂੰ ਖ਼ਤਮ ਹੋਏ ਬਜਟ ਇਜਲਾਸ ਦੌਰਾਨ ਪਾਸ ਕੀਤਾ ਗਿਆ ਸੀ। ਯੂਜੀਸੀ-ਨੈੱਟ 2024 ਪ੍ਰੀਖਿਆ ਦਾ ਪ੍ਰਸ਼ਨ ਪੱਤਰ ਲੀਕ ਹੋ ਜਾਣ ਨੂੰ ਲੈ ਕੇ ਜਾਰੀ ਵਿਵਾਦ ਦਰਮਿਆਨ ਸਰਕਾਰ ਦਾ ਇਹ ਕਦਮ ਅਹਿਮ ਮੰਨਿਆ ਜਾ ਰਿਹਾ ਹੈ। ਨੋਟੀਫਿਕੇਸ਼ਨ 'ਚ ਕਿਹਾ ਗਿਆ, ''ਲੋਕ ਪ੍ਰੀਖਿਆ (ਗਲਤ ਤਰੀਕੇ ਅਪਣਾਉਣ ਤੋਂ ਰੋਕ ਸਬੰਧੀ) ਐਕਟ 2024 ਦੀ ਧਾਰਾ 1 ਦੀ ਉਪ ਧਾਰਾ (2) ਵੱਲੋਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੇਂਦਰ ਸਰਕਾਰ 21 ਜੂਨ, 2024 ਨੂੰ ਐਕਟ ਲਾਗੂ ਕਰ ਰਹੀ ਹੈ।'' ਨੋਟੀਫਿਕੇਸ਼ਨ ਜਾਰੀ ਹੋਣ ਤੋਂ ਇਕ ਦਿਨ ਪਹਿਲਾਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਸਵਾਲ ਕੀਤਾ ਗਿਆ ਸੀ ਕਿ ਇਹ ਕਾਨੂੰਨ ਕਦੋਂ ਲਾਗੂ ਹੋਵੇਗਾ।

## ਪਰਵਾਸ ਦਾ ਸੰਤਾਪ ਵੀ ਹੰਢਾ ਰਹੇ ਨੇ ਪੰਜਾਬੀ

(ਸਫਾ 8 ਦੀ ਬਾਕੀ)

ਸਾਲਾਂ ਤੋਂ ਮਨੀਲਾ ਵਿਚ ਰਹਿ ਰਿਹਾ ਸੀ। ਉਹ 2 ਮਹੀਨੇ ਪਿੰਡ ਰਹਿ ਕੇ ਕੁਝ ਦਿਨ ਪਹਿਲਾਂ ਹੀ ਮਨੀਲਾ ਵਾਪਸ ਗਿਆ ਸੀ। ਉੱਥੇ ਸਮੁੰਦਰ ਕਿਨਾਰੇ ਉਸ ਦੀ ਲਾਸ਼ ਮਿਲੀ। ਕੈਨੇਡਾ 'ਚ ਲੁਧਿਆਣੇ ਦੇ ਰਿਸ਼ੀ ਨਗਰ ਵਾਸੀ ਯੁਵਰਾਜ ਗੋਇਲ (28) ਦੀ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਤੇਰਾਂ ਜੂਨ ਦੇ ਅਖ਼ਬਾਰਾਂ ਵਿਚ ਇਹ ਖ਼ਬਰ ਛਪੀ ਸੀ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਮੱਲਾਂਵਾਲਾ ਦੇ ਕਮਲਾ ਬੋਦਲਾਂ ਦਾ 35 ਸਾਲ ਨੌਜਵਾਨ ਮਨਜੀਤ ਸਿੰਘ ਬਹਿਰੀਨ ਵਿਚ ਲੱਕੜ ਦੀ ਫੈਕਟਰੀ 'ਚ ਕੰਮ ਕਰਦਾ ਸੀ। ਉਹ ਕਾਰ 'ਚੋਂ ਉਤਰ ਕੇ ਸੜਕ ਪਾਰ ਕਰ ਕੇ ਫੈਕਟਰੀ ਵੱਲ ਜਾਣ ਲੱਗਾ ਤਾਂ ਅਚਾਨਕ ਤੇਜ਼ ਰਫ਼ਤਾਰ ਬੱਸ ਹੇਠ ਆ ਕੇ ਕੁਚਲਿਆ ਗਿਆ। ਖੰਨਾ ਦੇ ਨਜ਼ਦੀਕੀ ਪਿੰਡ ਗੱਗਣ ਮਾਜਰਾ ਦੇ ਨੌਜਵਾਨ ਕੁਲਵੰਤ ਸਿੰਘ ਦੀ ਇਟਲੀ 'ਚ ਇਕ ਸੜਕ ਹਾਦਸੇ ਦੌਰਾਨ 14 ਜੂਨ ਨੂੰ ਮੌਤ ਹੋ ਗਈ।

ਕੁਲਵੰਤ ਸਿੰਘ ਤੇ ਫ਼ਤਿਹਗੜ੍ਹ ਸਾਹਿਬ ਦਾ ਜਸਪ੍ਰੀਤ ਸਿੰਘ ਆਪਣੇ ਘਰ ਨੂੰ ਵਾਪਸ ਪਰਤ ਰਹੇ ਸਨ ਕਿ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਦੇ ਇਕ ਪੋਲ ਨਾਲ ਜਾ ਟਕਰਾਈ। ਕੁਲਵੰਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬਾਰਾਂ ਜੂਨ ਨੂੰ ਇਹ ਵੀ ਖ਼ਬਰ ਛਪੀ ਕਿ 26 ਸਾਲਾ ਨੌਜਵਾਨ ਵਾਸੀ ਮੁਕੰਦਪੁਰ ਦੀ ਕੈਲਗਰੀ (ਕੈਨੇਡਾ) 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪੁਨੀਤ ਸ਼ਰਮਾ ਕੈਲਗਰੀ ਵਿਚ ਆਪਣੇ ਭਰਾ ਸਾਹਿਲ ਸ਼ਰਮਾ ਕੋਲ ਗਿਆ ਹੋਇਆ ਸੀ। ਪੁਨੀਤ ਘਰ ਦੇ ਬਾਥਰੂਮ ਵਿਚ ਡਿੱਗ ਗਿਆ ਅਤੇ ਉਸ ਦੀ ਮੌਤ ਹੋ ਗਈ। ਫ਼ਤਹਿਗੜ੍ਹ ਚੂੜੀਆਂ ਰੋਡ 'ਤੇ ਪਾਲ ਵਿਹਾਰ ਦੇ ਰਹਿਣ ਵਾਲੇ ਤੇਜਪਾਲ ਸਿੰਘ ਦੀ ਯੂਕਰੇਨ ਵਿਚ ਗੋਲ਼ੀ ਲੱਗਣ ਨਾਲ ਮੌਤ ਹੋ ਗਈ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਉਸ ਨੂੰ ਜ਼ਬਰਦਸਤੀ ਰੂਸ ਦੀ ਫ਼ੌਜ ਵਿਚ ਭਰਤੀ ਕੀਤਾ ਗਿਆ ਅਤੇ ਫਿਰ ਜੰਗ ਦੇ ਮੈਦਾਨ ਵਿਚ ਭੇਜ ਦਿੱਤਾ ਗਿਆ। ਮੈਂ 12 ਜੂਨ ਸਵੇਰੇ ਡਿਓਢੀ 'ਚ ਬੈਠਾ ਇਸ ਲੇਖ ਨੂੰ ਅੰਤਿਮ ਰੂਪ ਦੇਣ ਦੀ ਗੱਲ ਸੋਚ ਹੀ ਰਿਹਾ ਸੀ ਕਿ ਉਦੋਂ ਹੀ ਅਖ਼ਬਾਰਾਂ ਵਾਲਾ ਅਖ਼ਬਾਰ ਸੁੱਟ ਗਿਆ। ਜਦੋਂ ਮੈਂ 'ਇਕ ਅਖਬਾਰ' ਦੇ ਪਹਿਲੇ ਸਫ਼ੇ 'ਤੇ ਦੋ ਪੰਜਾਬੀ ਨੌਜਵਾਨਾਂ ਦੀਆਂ ਵਿਦੇਸ਼ਾਂ ਵਿਚ ਹੋਈਆਂ ਮੌਤਾਂ ਬਾਰੇ ਖ਼ਬਰ ਪੜ੍ਹੀ ਤਾਂ ਦਿਲ ਦਹਿਲ ਗਿਆ। ਇਨ੍ਹਾਂ ਦੇ ਮਾਂ-ਬਾਪ ਤੇ ਹੋਰ ਪਰਿਵਾਰਕ ਮੈਂਬਰਾਂ 'ਤੇ ਕੀ ਬੀਤਦੀ ਹੋਵੇਗੀ ਜਿਨ੍ਹਾਂ ਨੇ ਨੌਜਵਾਨ ਪੁੱਤਰ ਵਿਦੇਸ਼ਾਂ ਵਿਚ ਕਮਾਈ ਕਰਨ ਲਈ ਭੇਜੇ ਸਨ ਪਰ ਉੱਥੋਂ ਉਨ੍ਹਾਂ ਦੀਆਂ ਲਾਸ਼ਾਂ ਆ ਰਹੀਆਂ ਹਨ।



# ਭਾਜਪਾ ਨੂੰ ਬਾਹਰ ਨਾਲੋਂ ਅੰਦਰੋਂ ਵੱਧ ਖ਼ਤਰਾ

ਰਾਜੀਵ ਸਚਾਨ

ਇਹ ਤਾਂ ਤੈਅ ਹੈ ਕਿ ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਆਪਣੀ ਉਮੀਦ ਮੁਤਾਬਕ ਕਮਜ਼ੋਰ ਪ੍ਰਦਰਸ਼ਨ ਦੇ ਕਾਰਨਾਂ ਦੀ ਸਮੀਖਿਆ ਕਰਨੀ ਸ਼ੁਰੂ ਕਰ ਦਿੱਤੀ ਹੈ ਪਰ ਇਹ ਕਹਿਣਾ ਕਠਿਨ ਹੈ ਕਿ ਉਹ ਇਨ੍ਹਾਂ ਕਾਰਨਾਂ ਦੀ ਤਹਿ ਤੱਕ ਜਾ ਕੇ ਉਨ੍ਹਾਂ ਦਾ ਨਿਵਾਰਨ ਵੀ ਕਰ ਸਕੇਗੀ ਕਿਉਂਕਿ ਅਜਿਹਾ ਉਦੋਂ ਸੰਭਵ ਹੋ ਪਾਉਂਦਾ ਹੈ ਜਦ ਗ਼ਲਤੀਆਂ ਨੂੰ ਸਵੀਕਾਰ ਕਰਨ ਦੇ ਨਾਲ ਹੀ ਉਨ੍ਹਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਬਣਾਉਣ ਦਾ ਕੰਮ ਕੀਤਾ ਜਾਂਦਾ ਹੈ।

ਫ਼ਿਲਹਾਲ ਭਾਜਪਾ ਸਾਹਮਣੇ ਚੁਣੌਤੀ ਇਹ ਨਹੀਂ ਹੈ ਕਿ ਮੋਦੀ ਸਰਕਾਰ ਦੀ ਸਥਿਰਤਾ ਨੂੰ ਮਜ਼ਬੂਤੀ ਕਿਵੇਂ ਦਿੱਤੀ ਜਾਵੇ? ਉਸ ਦੇ ਸਾਹਮਣੇ ਵੱਡੀ ਚੁਣੌਤੀ ਆਗਾਮੀ ਵਿਧਾਨ ਸਭਾ ਚੋਣਾਂ ਹਨ। ਜੇ ਭਾਜਪਾ




ਮਹਾਰਾਸ਼ਟਰ, ਹਰਿਆਣਾ, ਝਾਰਖੰਡ ਅਤੇ ਫਿਰ ਉਸ ਤੋਂ ਬਾਅਦ ਹੋਰ ਸੂਬਿਆਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਬਿਹਤਰ ਪ੍ਰਦਰਸ਼ਨ ਨਹੀਂ ਕਰ ਪਾਉਂਦੀ ਤਾਂ ਇਸ ਨਾਲ ਇਕ ਤਾਂ ਜਨਤਾ ਵਿਚਾਲੇ ਇਹ ਸੰਦੇਸ਼ ਜਾਵੇਗਾ ਕਿ ਉਸ ਦਾ ਅਸਰ ਘੱਟ ਹੁੰਦਾ ਜਾ ਰਿਹਾ ਹੈ ਅਤੇ ਦੂਜਾ, ਉਸ ਦੇ ਨੇਤਾਵਾਂ ਅਤੇ ਵਰਕਰਾਂ ਦਾ ਮਨੋਬਲ ਵੀ ਹੋਰ ਟੁੱਟੇਗਾ।

ਅਜਿਹੇ ਵਿਚ ਵਿਰੋਧੀ ਧਿਰ ਨੂੰ ਇਹੀ ਸੰਦੇਸ਼ ਜਾਵੇਗਾ ਕਿ ਆਗਾਮੀ ਆਮ ਚੋਣਾਂ ਵਿਚ ਭਾਜਪਾ ਨੂੰ ਸੱਤਾ ਤੋਂ ਬਾਹਰ ਕੀਤਾ ਜਾ ਸਕਦਾ ਹੈ। ਇਹ ਸਥਿਤੀ ਬਣੇਗੀ ਜਾਂ ਨਹੀਂ, ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਰਾਜਨੀਤੀ ਵਿਚ ਇਕ ਹਫ਼ਤਾ ਵੀ ਲੰਬਾ ਸਮਾਂ ਹੁੰਦਾ ਹੈ। ਇਸ ਦੀ ਚਰਚਾ ਤਾਂ ਖ਼ੂਬ ਹੋ ਗਈ ਕਿ ਭਾਜਪਾ ਦੇ ਕਮਜ਼ੋਰ ਪ੍ਰਦਰਸ਼ਨ ਦਾ ਇਕ ਵੱਡਾ ਕਾਰਨ ਉੱਤਰ ਪ੍ਰਦੇਸ਼ ਸਮੇਤ ਕੁਝ ਹੋਰ ਸੂਬਿਆਂ ਵਿਚ ਖ਼ਰਾਬ ਉਮੀਦਵਾਰਾਂ ਦੀ ਚੋਣ ਅਤੇ ਵਿਰੋਧੀ ਧਿਰ ਵੱਲੋਂ ਸਿਰਜੇ ਗਏ ਮਾਹੌਲ ਦੀ ਕਾਟ ਨਾ ਲੱਭ ਸਕਣਾ ਰਿਹਾ ਪਰ ਇਸ 'ਤੇ ਵੀ ਚਰਚਾ ਹੋਣੀ ਚਾਹੀਦੀ ਹੈ ਕਿ ਭਾਜਪਾ ਦੇ ਵਰਕਰ ਉਸ ਦੇ ਸਭ ਤੋਂ ਮਜ਼ਬੂਤ ਸਮਝੇ ਜਾਣ ਵਾਲੇ ਗੜ੍ਹ ਉੱਤਰ ਪ੍ਰਦੇਸ਼ ਵਿਚ ਵੀ ਹਤਾਸ਼-ਨਿਰਾਸ਼ ਕਿਉਂ ਸਨ?

ਪਾਰਟੀ ਲੀਡਰਸ਼ਿਪ ਲਈ ਇਸ ਦੀ ਤਹਿ ਤੱਕ ਜਾਣਾ ਜ਼ਰੂਰੀ ਹੈ ਕਿਉਂਕਿ ਭਾਜਪਾ ਇਕ ਕੇਡਰ ਆਧਾਰਤ ਪਾਰਟੀ ਹੈ ਅਤੇ ਅਜਿਹੀਆਂ ਪਾਰਟੀਆਂ ਦੇ ਉਥਾਨ-ਪਤਨ ਵਿਚ ਨੇਤਾਵਾਂ-ਵਰਕਰਾਂ ਦੇ ਮਨੋਬਲ ਦੀ ਇਕ ਵੱਡੀ ਭੂਮਿਕਾ ਹੁੰਦੀ ਹੈ। ਕਿਸੇ ਪਾਰਟੀ ਦੇ ਨੇਤਾ-ਵਰਕਰ ਉਦੋਂ ਨਿਰਾਸ਼ ਹੁੰਦੇ ਹਨਜਦ ਆਪਣੀ ਸਰਕਾਰ ਹੁੰਦੇ ਹੋਏ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਸਹੀ ਕੰਮ ਵੀ ਨਹੀਂ ਹੋ ਪਾਉਂਦੇ। ਅਜਿਹੀ ਹਾਲਤ ਕਈ ਕਾਰਨਾਂ ਕਰ ਕੇ ਬਣਦੀ ਹੈ ਅਤੇ ਮੂਲ ਰੂਪ ਵਿਚ ਉਦੋਂ ਬਣਦੀ ਹੈ ਜਦ ਸਰਕਾਰ ਨੌਕਰਸ਼ਾਹੀ 'ਤੇ ਕੁਝ ਜ਼ਿਆਦਾ ਹੀ ਨਿਰਭਰ ਹੋ ਜਾਂਦੀ ਹੈ। ਨੌਕਰਸ਼ਾਹੀ 'ਤੇ ਨਿਰਭਰਤਾ ਦਾ ਮਾੜਾ ਨਤੀਜਾ ਇਹ ਹੁੰਦਾ ਹੈ ਕਿ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਇੱਥੋਂ ਤੱਕ ਕਿ ਮੰਤਰੀਆਂ ਨੂੰ ਵੀ ਆਪਣੇ ਵਰਕਰਾਂ ਅਤੇ ਸਮਰਥਕਾਂ ਦੇ ਜਾਇਜ਼ ਕੰਮ ਕਰਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ। ਜਦ ਨੌਕਰਸ਼ਾਹਾਂ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਹੁਕਮਰਾਨ ਪਾਰਟੀ ਦੇ ਪ੍ਰਤੀਨਿਧਾਂ ਨੂੰ ਮਹੱਤਤਾ ਨਹੀਂ ਦੇਣੀ ਹੈ ਤਾਂ ਫਿਰ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਮੰਤਰੀਆਂ ਤੱਕ ਨੂੰ ਅਹਿਮੀਅਤ ਦੇਣੀ ਬੰਦ ਕਰ ਦਿੰਦੇ ਹਨ।

ਇਸ ਕਾਰਨ ਇਨ੍ਹਾਂ ਲੋਕ ਨੁਮਾਇੰਦਿਆਂ ਦੇ ਸਮਰਥਕਾਂ ਨੂੰ ਵੀ ਇਹ ਪਤਾ ਲੱਗ ਜਾਂਦਾ ਹੈ ਕਿ ਨੇਤਾ ਜੀ ਦੀ ਤਾਂ ਆਪਣੀ ਹੀ ਸਰਕਾਰ ਵਿਚ ਨਹੀਂ ਚੱਲਦੀ ਅਤੇ ਇੱਥੋਂ ਉਨ੍ਹਾਂ ਦੀ ਨਿਰਾਸ਼ਾ ਅਤੇ ਨਾਲ ਹੀ ਸਰਕਾਰ ਤੇ ਪਾਰਟੀ ਲੀਡਰਸ਼ਿਪ ਤੋਂ ਮੋਹ ਭੰਗ ਹੋਣ ਦਾ ਸਿਲਸਿਲਾ ਆਰੰਭ ਹੋ ਜਾਂਦਾ ਹੈ। ਜਦ ਕੋਈ ਸਰਕਾਰ ਨੌਕਰਸ਼ਾਹੀ ਦੇ ਭਰੋਸੇ ਜ਼ਿਆਦਾ ਰਹਿੰਦੀ ਹੈ ਤਾਂ ਫਿਰ ਨੌਕਰਸ਼ਾਹ ਮਨਮਾਨੀ ਕਰਨ ਲੱਗ ਜਾਂਦੇ ਹਨ।

ਸਥਿਤੀ ਉਦੋਂ ਵਿਗੜ ਜਾਂਦੀ ਹੈ ਜਦ ਇਸ ਦੀ ਕੋਈ ਪੁੱਛ-ਪੜਤਾਲ ਨਹੀਂ ਹੁੰਦੀ ਕਿ ਕਿਤੇ ਨੌਕਰਸ਼ਾਹੀ ਬੇਲਗਾਮ ਹੋ ਕੇ ਮਨਮਾਨੀ ਤਾਂ ਨਹੀਂ ਕਰ ਰਹੀ ਹੈ? ਇਸ ਕਾਰਨ ਸਰਕਾਰ ਜ਼ਮੀਨੀ ਹਕੀਕਤ ਨਾਲੋਂ ਕੱਟੀ ਜਾਂਦੀ ਹੈ। ਜੇ ਪਾਰਟੀ ਵਰਕਰ ਜ਼ਮੀਨੀ ਹਕੀਕਤ ਬਾਰੇ ਫੀਡਬੈਕ ਦੇਣੀ ਵੀ ਚਾਹੁਣ ਤਾਂ ਸਰਕਾਰ ਤੇ ਸੰਗਠਨ ਵਿਚ ਕੋਈ ਫੀਡਬੈਕ ਲੈਣ ਵਾਲਾ ਨਹੀਂ ਹੁੰਦਾ।

ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵਾਲੀ ਭਾਜਪਾ ਬਾਰੇ ਇਹ ਕੋਈ ਨਵੀਂ-ਅਨੋਖੀ ਗੱਲ ਨਹੀਂ ਕਿ ਸੰਗਠਨ ਵਿਚ ਉਹੀ ਹੁੰਦਾ ਹੈ ਜੋ ਸਰਕਾਰ ਚਾਹੁੰਦੀ ਹੈ। ਇਸ ਵਿਚ ਸ਼ੱਕ ਹੈ ਕਿ ਟਿਕਟਾਂ ਦੀ ਵੰਡ ਵਿਚ ਸੰਗਠਨ ਦੀ ਕੋਈ ਖ਼ਾਸ ਭੂਮਿਕਾ ਰਹੀ ਹੋਵੇਗੀ। ਨੌਕਰਸ਼ਾਹੀ 'ਤੇ ਜ਼ਿਆਦਾ ਭਰੋਸਾ ਭਾਜਪਾ ਦੀਆਂ ਜ਼ਿਆਦਾਤਰ ਸਰਕਾਰਾਂ ਦੀ ਇਕ ਪੁਰਾਣੀ ਸਮੱਸਿਆ ਰਹੀ ਹੈ। ਇਸ ਸਮੱਸਿਆ ਦੀ ਲਪੇਟ ਵਿਚ ਕੇਂਦਰੀ ਸੱਤਾ ਵੀ ਹੈ। ਸ਼ਾਸਨ ਸੰਚਾਲਨ ਨੌਕਰਸ਼ਾਹਾਂ ਤੋਂ ਬਿਨਾਂ ਨਹੀਂ ਹੋ ਸਕਦਾ ਪਰ ਇਸ ਦਾ ਕੋਈ ਮਹੱਤਵ ਨਹੀਂ ਕਿ ਨੌਕਰਸ਼ਾਹ ਤਾਂ ਸੇਵਾ-ਵਿਸਥਾਰ ਹਾਸਲ ਕਰ ਜਾਣ, ਸੇਵਾ ਮੁਕਤੀ ਤੋਂ ਬਾਅਦ ਉਹ ਮਹੱਤਵਪੂਰਨ ਅਹੁਦਿਆਂ 'ਤੇ ਬਿਰਾਜਮਾਨ ਹੋ ਜਾਣ ਜਾਂ ਨੇੜਲੇ ਰਿਸ਼ਤੇਦਾਰਾਂ ਨੂੰ ਚੋਣਾਂ ਲੜਵਾਉਣ ਵਿਚ ਸਮਰੱਥ ਹੋ ਜਾਣ ਪਰ ਪਾਰਟੀ ਦੇ ਨੇਤਾਵਾਂ-ਵਰਕਰਾਂ ਦੀਆਂ ਨਿਗਮਾਂ, ਕਮਿਸ਼ਨਾਂ ਆਦਿ ਵਿਚ ਸਮਾਂ ਰਹਿੰਦੇ ਨਿਯੁਕਤੀਆਂ ਨਾ ਹੋ ਸਕਣ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਭਾਜਪਾ ਤੋਂ ਇਕ ਗ਼ਲਤੀ ਇਹ ਵੀ ਹੋਈ ਕਿ ਉਸ ਨੇ ਸਮਾਜਿਕ ਇੰਜੀਨੀਅਰਿੰਗ ਜ਼ਰੀਏ ਜਿਨ੍ਹਾਂ ਵਰਗਾਂ ਨੂੰ ਖ਼ੁਦ ਨਾਲ ਜੋੜਿਆ ਸੀ, ਉਨ੍ਹਾਂ ਦੀ ਜ਼ਿਆਦਾ ਪਰਵਾਹ ਨਹੀਂ ਕੀਤੀ ਅਤੇ ਇਹ ਮੰਨਦੀ ਰਹੀ ਕਿ ਉਹ ਪਹਿਲਾਂ ਦੀ ਤਰ੍ਹਾਂ ਉਸ ਦੇ ਨਾਲ ਰਹਿਣਗੇ ਪਰ ਕਈ ਕਾਰਨਾਂ ਕਾਰਨ ਅਜਿਹਾ ਨਹੀਂ ਹੋਇਆ। ਸਰਕਾਰੀ ਯੋਜਨਾਵਾਂ ਜ਼ਰੀਏ ਲਾਭਪਾਤਰੀ ਵਰਗ ਦੇ ਰੂਪ ਵਿਚ ਭਾਜਪਾ ਦਾ ਜੋ ਇਕ ਨਵਾਂ ਵੋਟ ਬੈਂਕ ਤਿਆਰ ਹੋਇਆ ਸੀ, ਉਸ ਵਿਚ ਸੰਨ੍ਹਮਾਰੀ ਹੋ ਗਈਅਤੇ ਪਾਰਟੀ ਦਾ ਰਵਾਇਤੀ ਵੋਟ ਬੈਂਕ ਵੀ ਉਸ ਹੱਥੋਂ ਖਿਸਕ ਗਿਆ। ਕਿਸੇ ਵੀ ਪਾਰਟੀ ਨੂੰ ਇਹ ਮੰਨ ਕੇ ਨਹੀਂ ਚੱਲਣਾ ਚਾਹੀਦਾ ਕਿ ਜੋ ਵੋਟਰ ਸਮੂਹ ਉਸ ਨਾਲ ਜੁੜ ਗਿਆ ਹੈ, ਉਸ ਉਸ ਨਾਲ ਅੱਗੇ ਵੀ ਜੁੜਿਆ ਰਹੇਗਾ। ਇਸ ਮਾਮਲੇ ਵਿਚ ਤਾਂ ਮੁਸਲਿਮ ਵੋਟ ਬੈਂਕ ਵੀ ਕਿਸੇ ਪਾਰਟੀ ਦਾ ਸਕਾ ਨਹੀਂ। ਬਿਹਾਰ ਵਿਚ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਤਾਂ ਮੁਸਲਿਮ ਬਹੁਤਾਤ ਵਾਲੇ ਕਿਸ਼ਨਗੰਜ ਖੇਤਰ ਤੋਂ ਅਸਦੁਦੀਨ ਓਵੈਸੀ ਦੇ ਪੰਜ ਵਿਧਾਇਕ ਇਸ ਲਈ ਜਿੱਤ ਗਏ ਸਨ ਕਿਉਂਕਿ ਉੱਥੋਂ ਦੇ ਮੁਸਲਮਾਨਾਂ ਨੇ ਆਪਣੇ ਲੋਕਾਂ ਨੂੰ ਜਿਤਾਉਣਾ ਬਿਹਤਰ ਸਮਝਿਆ। ਇਸੇ ਤਰ੍ਹਾਂ 2009 ਦੀਆਂ ਲੋਕ ਸਭਾ ਚੋਣਾਂ ਵਿਚ ਉੱਤਰ ਪ੍ਰਦੇਸ਼ ਵਿਚ ਮੁਸਲਿਮ ਵੋਟਰ ਸਮਾਜਵਾਦੀ ਪਾਰਟੀ (ਸਪਾ) ਦਾ ਸਾਥ ਛੱਡ ਕੇ ਕਾਂਗਰਸ ਦੇ ਪਾਲੇ ਵਿਚ ਚਲੇ ਗਏ ਸਨ। ਇਸ ਕਾਰਨ ਕਾਂਗਰਸ ਅਣਕਿਆਸੇ ਤੌਰ 'ਤੇ ਲੋਕ ਸਭਾ ਦੀਆਂ 21 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਸੀ। ਉਦੋਂ ਮੁਸਲਿਮ ਵੋਟਰ ਸਪਾ ਤੋਂ ਇਸ ਕਾਰਨ ਦੂਰ ਹੋ ਗਏ ਸਨ ਕਿਉਂਕਿ ਮੁਲਾਇਮ ਸਿੰਘ ਯਾਦਵ ਨੇ ਭਾਜਪਾ ਨੇਤਾ ਕਲਿਆਣ ਸਿੰਘ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕਰ ਲਿਆ ਸੀ।

ਇਹ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਜਦ ਮਾਇਆਵਤੀ ਨੇ ਦਲਿਤ-ਬ੍ਰਾਹਮਣ ਏਕੇ ਤਹਿਤ 'ਹਾਥੀ ਨਹੀਂ ਗਣੇਸ਼ ਹੈ, ਬ੍ਰਹਮਾ ਵਿਸ਼ਨੂੰ ਮਹੇਸ਼ ਹੈ...' ਦਾ ਨਾਅਰਾ ਦਿੱਤਾ ਸੀ ਤਾਂ ਬ੍ਰਾਹਮਣ ਵੋਟਰ ਬਸਪਾ ਦੇ ਨਾਲ ਤੁਰ ਪਏ ਸਨ। ਕੁੱਲ ਮਿਲਾ ਕੇ ਭਾਜਪਾ ਨੂੰ ਵਿਰੋਧੀ ਧਿਰ ਦਾ ਮੁਕਾਬਲਾ ਕਰਨ ਲਈ ਆਪਣੀ ਕਾਰਜਸ਼ੈਲੀ ਬਦਲਣੀ ਹੋਵੇਗੀ ਜੋ ਸਰਕਾਰ ਚਲਾਉਣ ਵਿਚ ਵੀ ਦਿਸੇ ਅਤੇ ਸੰਗਠਨ ਵਿਚ ਵੀ।

# ਪੰਜਾਬ ਦੇ ਅਰਥਚਾਰੇ ਲਈ ਲਾਜ਼ਮੀ ਪੱਛਮੀ ਚੱਕਰਵਾਤ

ਤਜਿੰਦਰ ਸਿੰਘ

ਭਾਰਤ ਵਿੱਚ ਆਉਣ ਵਾਲੇ ਸਾਰੇ ਚੱਕਰਵਾਤ ਮਾੜੇ ਨਹੀਂ ਹੁੰਦੇ ਅਤੇ ਕੁਝ ਚੱਕਰਵਾਤ ਖੇਤੀਬਾੜੀ ਅਤੇ ਇਨਸਾਨੀਅਤ ਲਈ ਅਤਿਅੰਤ ਜ਼ਰੂਰੀ ਵੀ ਹਨ। ਮਈ ਤੋਂ ਸਤੰਬਰ-ਅਕਤੂਬਰ ਵਿੱਚ ਬੰਗਾਲ ਦੀ ਖਾੜੀ ਵਿਚ ਆਉਣ ਵਾਲੇ ਚੱਕਰਵਾਤ ਕੋਰੋਮੰਡਲ ਤੱਟ 'ਤੇ ਭਾਰੀ ਵਰਖਾ ਦਾ ਕਾਰਨ ਬਣਦੇ ਹਨ, ਅਤੇ ਪੂਰਬੀ ਸੂਬਿਆਂ ਵਿੱਚ ਝੋਨੇ ਦੀ ਫ਼ਸਲ ਦੇ ਝਾੜ ਨੂੰ ਵਧਾਉਣ ਵਿੱਚ ਸਹਾਈ ਹੁੰਦੇ ਹਨ। ਮਈ ਵਿੱਚ ਆਏ 'ਰੇਮਲ ਚੱਕਰਵਾਤ' ਕਾਰਨ ਪੱਛਮੀ ਬੰਗਾਲ ਅਤੇ ਬੰਗਲਾਦੇਸ਼ ਵਿਚ 85 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ । ਪੰਜਾਬ ਤੇ ਬੰਗਾਲ ਦੀ ਖਾੜੀ ਵਿੱਚ ਆਉਣ ਵਾਲੇ ਊਸ਼ਣ ਖੰਡੀ ਚੱਕਰਵਾਤਾਂ ਦਾ ਕੋਈ ਸਿੱਧਾ ਅਸਰ ਤਾਂ ਨਹੀਂ ਪੈਂਦਾ, ਪਰ ਮੌਨਸੂਨੀ ਵਰਖਾ ਲਿਆਉਣ ਵਿੱਚ ਇਹ ਸਹਾਈ ਜ਼ਰੂਰ ਹੁੰਦੇ ਹਨ। ਨਵੰਬਰ ਤੋਂ ਅਪ੍ਰੈਲ ਤੱਕ ਰੋਮ ਸਾਗਰ ਤੋਂ ਪੈਦਾ ਹੋਣ ਵਾਲੇ ਪੱਛਮੀ ਚੱਕਰਵਾਤ ਊਰਜਾ ਨਾਲ ਭਰਪੂਰ ਹੁੰਦੇ ਹਨ। ਇਹ ਚੱਕਰਵਾਤ ਹਿਮਾਲਿਆ 'ਤੇ ਬਰਫ਼ ਦੀ ਮੋਟੀ ਚਾਦਰ ਵਿਛਾ ਕੇ ਇਸ ਦੀਆਂ ਨਦੀਆਂ ਨੂੰ ਸਦਾਬਹਾਰ ਵੱਡਮੁੱਲੇ ਪਾਣੀ ਦੀ ਦਾਤ ਬਖ਼ਸ਼ਦੇ ਹਨ। ਹਾੜੀ ਦੀ ਫ਼ਸਲ ਨੂੰ ਲੋੜੀਂਦੀ ਨਮੀ ਪ੍ਰਦਾਨ ਕਰ ਕੇ ਪ੍ਰਤੀ ਏਕੜ ਝਾੜ ਨੂੰ ਵਧਾਉਣ ਲਈ ਵਰਦਾਨ ਤੋਂ ਘੱਟ ਨਹੀਂ।

ਪਰਬਤੀ ਖੇਤਰਾਂ 'ਚ ਫੈਲੇ ਫਲਾਂ ਦੇ ਬਗ਼ੀਚੇ ਇਨ੍ਹਾਂ ਚੱਕਰਵਾਤਾਂ ਦੀ ਹੀ ਦੇਣ ਹਨ। ਹਰ ਲਾਲ ਜਾਂ ਸੁਨਹਿਰੀ ਸੇਬ ਜੋ ਹਿਮਾਚਲ ਪ੍ਰਦੇਸ਼ ਅਤੇ ਕਸ਼ਮੀਰ ਦੀ ਘਾਟੀ ਵਿਚ ਪੈਦਾ ਹੁੰਦੇ ਹਨ, ਨੂੰ ਲੈ ਕੇ ਮੈਦਾਨੀ ਇਲਾਕਿਆਂ 'ਚ ਵੱਸਦੇ ਅਵਾਮ ਤੱਕ ਪਹੁੰਚਦਾ ਕਰਨ ਵਿੱਚ ਇਨ੍ਹਾਂ ਪੱਛਮੀ ਚੱਕਰਵਾਤਾਂ ਦਾ ਵੱਡਾ ਹੱਥ ਹੈ। ਸਮੇਂ ਸਿਰ ਬਰਫ਼ਬਾਰੀ ਕਰਨਾ ਅਤੇ ਦਰੱਖ਼ਤਾਂ 'ਤੇ ਬੂਰ ਦੀ ਪੈਦਾਇਸ਼ ਅਤੇ ਮਗਰੋਂ ਹੋਣ ਵਾਲੀ ਸੇਬਾਂ ਦੀ ਫ਼ਸਲ ਵਾਸਤੇ ਇਨ੍ਹਾਂ ਰੋਮ ਸਾਗਰੀ ਪੱਛਮੀ ਚੱਕਰਵਾਤਾਂ ਦੀ ਵੱਡੀ ਭੂਮਿਕਾ ਹੈ। ਇਹ ਚੱਕਰਵਾਤ ਪੰਜਾਬ ਵਿਚ ਕਣਕ ਦੀ ਪੈਦਾਵਾਰ ਨੂੰ ਵਧਾਉਣ ਲਈ ਕਿਸੇ ਚਮਤਕਾਰ ਤੋਂ ਘੱਟ ਨਹੀਂ ਹਨ। ਇਹ ਫ਼ਸਲ ਨੂੰ ਹਰਾ ਕਰਨ ਅਤੇ ਦਾਣੇ ਦਾ ਭਾਰ ਵਧਾਉਣ ਵਿੱਚ ਸਹਾਈ ਹੁੰਦੇ ਹਨ। ਇਹ ਚੱਕਰਵਾਤ ਮੀਂਹ ਤਾਂ ਜ਼ਿਆਦਾ ਨਹੀਂ ਪਾਉਂਦੇ, ਪ੍ਰੰਤੂ ਨਮੀ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

### ਚੰਗੇ ਤੇ ਮਾੜੇ ਚੱਕਰਵਾਤ

ਇਸ ਦੇ ਸਰੂਪ ਨੂੰ ਜਾਣਨ ਤੋਂ ਪਹਿਲਾਂ ਚੰਗੇ ਅਤੇ ਮਾੜੇ ਚੱਕਰਵਾਤਾਂ ਦੀ ਪਰਿਭਾਸ਼ਾ ਸਮਝਣੀ ਬਹੁਤ ਜ਼ਰੂਰੀ ਹੈ। ਦਰਅਸਲ ਚੱਕਰਵਾਤ ਇੱਕ ਘੱਟ ਵਾਯੂਦਾਬ ਖੇਤਰ ਹੈ, ਅਤੇ ਹਵਾ ਦੇ ਗਰਮ ਹੋਣ ਤੋਂ ਬਾਅਦ ਸੰਵਹਿਣ ਕਿਰਿਆ ਨਾਲ ਉਤਪੰਨ ਹੁੰਦਾ ਹੈ। ਚਾਰ ਚੁਫ਼ੇਰੇ ਤੋਂ ਹਵਾ ਤੇਜ਼ੀ ਨਾਲ ਅੰਦਰ ਵੱਲ ਨੂੰ ਵਹਿੰਦੀ ਹੈ ਅਤੇ ਘੁਮਾਵਦਾਰ ਰੂਪ 'ਚ ਕੇਂਦਰ ਵਿਖੇ ਉਪਰ ਉਠਣ ਦੀ ਜ਼ੋਰਦਾਰ ਕੋਸ਼ਿਸ਼ ਕਰਦੀ ਹੈ।

### ਕਿਸਮਾਂ

ਚੱਕਰਵਾਤ ਦੋ ਪ੍ਰਕਾਰ ਦੇ ਹਨ। ਰੂਮ ਸਾਗਰੀ ਚੱਕਰਵਾਤ ਜੋ ਪੰਜਾਬ ਤੇ ਹਿਮਾਲਿਆ ਵੱਲ ਆਉਂਦੇ ਹਨ। ਇਹ ਸ਼ੀਤ ਊਸ਼ਣ (ਠਣਮਪਰਅਟਣ) ਖਿੱਤੇ ਨਾਲ ਜਾਣੇ ਜਾਂਦੇ ਹਨ ਅਤੇ ਪ੍ਰਾਇਦੀਪੀ ਭਾਰਤ ਦੇ ਊਸ਼ਣੀ (Troipcal) ਚੱਕਰਵਾਤਾਂ ਤੋਂ ਵੱਖਰੇ ਹੁੰਦੇ ਹਨ। ਇਹ ਚੱਕਰਵਾਤ ਸਾਗਰਾਂ ਤੋਂ ਧਰਾਤਲ ਵੱਲ ਆਉਂਦੇ ਹੋਏ ਕਾਫ਼ੀ ਨਮੀ ਚੁੱਕਦੇ ਹਨ ਅਤੇ ਤੱਟੀ ਖੇਤਰਾਂ ਤੇ ਟਕਰਾ ਕੇ ਭਾਰੀ ਵਰਖਾ ਕਰਦੇ ਹਨ। ਇਸ ਪ੍ਰਕਿਰਿਆ ਨੂੰ ਮੌਸਮ ਵਿਗਿਆਨ ਦੀ ਭਾਸ਼ਾ ਵਿਚ 'ਲੈਂਡਫ਼ਾਲ' ਕਿਹਾ ਜਾਂਦਾ ਹੈ। ਆਂਧਰਾ ਪ੍ਰਦੇਸ਼, ਓਡੀਸ਼ਾ ਤੇ ਬੰਗਾਲ ਦੀ ਖਾੜੀ 'ਚ ਆਉਣ ਵਾਲੇ ਚੱਕਰਵਾਤ ਵਾਵਰੋਲੇ ਵਾਲੇ ਹੁੰਦੇ ਹਨ ਅਤੇ ਅਤਿਅੰਤ ਖ਼ਤਰਨਾਕ ਰਫ਼ਤਾਰੀ ਪੌਣਾਂ ਨਾਲ ਲੈਸ ਹੁੰਦੇ ਹਨ। ਇਸ ਵਰ੍ਹੇ ਮਈ ਮਹੀਨੇ ਵਿੱਚ 'ਰੇਮਲ' ਚੱਕਰਵਾਤ ਇਸੇ ਕਿਸਮ ਦਾ ਸੀ, ਜਿਸ ਨੇ ਮੌਨਸੂਨ ਨੂੰ ਤੇਜ਼ੀ ਨਾਲ ਅੱਗੇ ਵਧਣ ਵਿੱਚ ਸਹਾਇਤਾ ਵੀ ਕੀਤੀ ਹਾਲਾਂਕਿ ਇਸ ਦੀ ਅੱਗੇ ਵਧਣ ਦੀ ਰਫ਼ਤਾਰ ਥੋੜ੍ਹੀ ਮੱਠੀ ਜ਼ਰੂਰ ਪਈ ਹੈ। ਊਸ਼ਣ ਖੰਡੀ ਚੱਕਰਵਾਤਾਂ ਨਾਲ ਸਮੁੰਦਰ ਉਫ਼ਾਨ 'ਤੇ ਆ ਜਾਂਦਾ ਹੈ। ਤੱਟੀ ਖੇਤਰੀ ਮੈਦਾਨਾਂ ਤੇ ਖਾਰੇ ਪਾਣੀ ਹੜ੍ਹ ਲੈ ਆਉਂਦੇ ਹਨ। ਪ੍ਰਸ਼ਾਸਨ ਨੂੰ ਰਿਹਾਇਸ਼ੀ ਇਲਾਕੇ ਖ਼ਾਲੀ ਕਰਵਾਉਣੇ ਪੈਂਦੇ ਹਨ। ਜਨ-ਜੀਵਨ ਤਹਿਸ-ਨਹਿਸ ਹੋ ਜਾਂਦਾ ਹੈ।

### ਸੁੱਕੀ ਠੰਢ ਤੇ ਧੁੰਦ ਨੂੰ ਨੇ ਘਟਾਉਂਦੇ

ਉੱਤਰੀ ਅੰਧ ਮਹਾਂਸਾਗਰ ਜੇ ਜ਼ਿਆਦਾ ਗ਼ਰਮ ਹੋ ਜਾਵੇ ਤਾਂ ਵੱਡੇ ਤੇ ਜ਼ਿਆਦਾ ਗਿਣਤੀ ਵਿਚ ਪੱਛਮੀ ਚੱਕਰਵਾਤ ਉਤਪੰਨ ਹੁੰਦੇ ਹਨ ਅਤੇ ਜੇਕਰ ਦੱਖਣੀ ਹਿੰਦ ਮਹਾਂਸਾਗਰ ਢੰਗ ਨਾਲ ਉੱਚ ਵਾਯੂਦਾਬ ਖੇਤਰ ਨਾ ਬਣਾਏ ਤਾਂ ਮੌਨਸੂਨ ਦਾ ਨਿਘਾਰ ਲਾਜ਼ਮੀ ਹੈ। ਊਸ਼ਣੀ ਚੱਕਰਵਾਤ ਪ੍ਰਾਇਦੀਪੀ ਭਾਰਤ ਦੇ ਕੰਢੀ ਖੇਤਰਾਂ ਨੂੰ ਉਜਾੜਨ ਦਾ ਪੂਰਾ ਪ੍ਰਬੰਧ ਕਰ ਲੈਂਦੇ ਹਨ। ਕੁਦਰਤ ਦੇ ਰੰਗਾਂ ਵਿਚ ਲਬਰੇਜ਼ ਇਹ ਚੱਕਰਵਾਤ ਜਦੋਂ ਸਾਰੇ ਹੀ ਮੱਧ ਏਸ਼ੀਆ ਅਤੇ ਭਾਰਤੀ ਉਪ ਮਹਾਂਦੀਪੀ ਹਿਮਾਲਿਆ ਦੀ ਸ਼੍ਰੇਣੀ ਦੀਆਂ ਟੀਸੀਆਂ ਨੂੰ ਚਿੱਟੀ ਬਰਫ਼ ਨਾਲ ਢੱਕਣਾ ਸ਼ੁਰੂ ਕਰ ਦਿੰਦੇ ਹਨ, ਤਾਂ ਸੈਲਾਨੀਆਂ ਦੀ ਗਿਣਤੀ ਵਿੱਚ ਭਰਪੂਰ ਵਾਧਾ ਹੁੰਦਾ ਹੈ।

ਸੁੱਕੀ ਠੰਢ ਅਤੇ ਧੁੰਦ ਦੇ ਦਿਨਾਂ ਨੂੰ ਖ਼ਤਮ ਕਰਨ ਵਾਲੇ ਇਹ ਚੱਕਰਵਾਤ ਮੱਧਵਰਤੀ ਏਸ਼ੀਆ ਦੇ ਘਾਹ ਦੇ ਮੈਦਾਨਾਂ ਦੇ ਵੀ ਜਨਮਦਾਤਾ ਹਨ। ਸਟੈਪੀ ਘਾਹ ਦੇ ਮੈਦਾਨ ਇਨ੍ਹਾਂ ਦੁਆਰਾ ਲਿਆਂਦੀ ਬਰਫ਼ ਦੀ ਚਾਦਰ ਦੇ ਪਿਘਲਣ ਤੋਂ ਬਾਅਦ ਹੀ ਬਣਦੇ ਹਨ। ਲੱਦਾਖ ਵਿੱਚ ਥੋੜ੍ਹਾ ਬਹੁਤ ਪਾਣੀ ਦਾ ਸ੍ਰੋਤ ਵੀ ਇਹੀ ਚੱਕਰਵਾਤ ਹਨ। ਲੱਦਾਖ ਦਾ ਸੋਨਮ ਵਾਂਗਚੁਕ ਨਾਂ ਦਾ ਪ੍ਰਸਿੱਧ ਵਿਗਿਆਨੀ ਆਪਣੇ ਬਰਫ਼ ਦੇ ਮੱਠ ਬਣਾਉਣ ਲਈ ਪੱਛਮੀ ਚੱਕਰਵਾਤਾਂ ਦਾ ਇੰਤਜ਼ਾਰ ਕਰਦਾ ਰਹਿੰਦਾ ਹੈ। ਤਿੱਬਤ ਦਾ ਪਠਾਰ, ਜਿਸ ਦੀ ਉਚਾਈ 4 ਕਿਲੋਮੀਟਰ ਦੇ ਬਰਾਬਰ ਹੈ, 'ਤੇ ਪਈ ਬਰਫ਼ ਦੀ ਚਾਦਰ ਵੀ ਇਨ੍ਹਾਂ ਦੀ ਹੀ ਦੇਣ ਹਨ। ਸਤਲੁਜ ਦਰਿਆ ਤੋਂ ਬਣੇ ਵੱਡੇ-ਵੱਡੇ ਡੈਮਾਂ ਤੇ ਝੀਲਾਂ ਨੂੰ ਭਰਨ



ਵਿੱਚ ਇਹ ਚੱਕਰਵਾਤ ਵੱਡੀ ਭੂਮਿਕਾ ਨਿਭਾਉਂਦੇ ਹਨ। ਸਿੰਧ ਘਾਟੀ ਦੀ ਸੱਭਿਅਤਾ ਸਿਰਫ਼ ਮੌਨਸੂਨ ਦੇ ਮੀਂਹਾਂ ਨਾਲ ਹੀ ਨਹੀਂ ਉਪਜੀ ਸੀ, ਸਗੋਂ ਪੱਛਮੀ ਚੱਕਰਵਾਤਾਂ ਦੀ ਕੁਦਰਤੀ ਦਾਤ ਤੋਂ ਪ੍ਰਾਪਤ ਪਾਣੀਆਂ ਨਾਲ ਵੀ ਸਿੰਜੀ ਗਈ ਹੈ। ਕ੍ਰਿਸਮਿਸ ਮਨਾਉਣ ਵਾਲੇ ਵੀ ਦੁਆ ਕਰਦੇ ਹਨ ਕਿ ਵੱਡੇ ਦਿਹਾੜੇ ਬਰਫ਼ਬਾਰੀ ਹੋਵੇ ਤਾਂ 'ਰੱਬ ਦਾ ਬੰਦਾ' ਉਨ੍ਹਾਂ 'ਤੇ ਆਪਣੀ ਦਇਆ ਵਰ੍ਹਾਉਣ ਲਈ ਦਰਸ਼ਨ ਦੇਵੇ।

ਇਨ੍ਹਾਂ ਪੱਛਮੀ ਚੱਕਰਵਾਤਾਂ ਕਾਰਨ ਅਪ੍ਰੈਲ-ਮਈ ਵਿੱਚ ਉੱਤਰ ਭਾਰਤੀ ਪਹਾੜੀ ਸੂਬਿਆਂ ਵਿੱਚ ਜੰਗਲਾਂ ਦੀ ਅੱਗ ਨੂੰ ਬੁਝਾਉਣ ਵਿਚ ਮਦਦ ਕਰਦੇ ਹਨ। ਇਸ ਵਰ੍ਹੇ ਉੱਤਰਾਖੰਡ ਵਿੱਚ ਜੰਗਲਾਂ ਦੀ ਅੱਗ ਨੂੰ ਬੁਝਾਉਣ ਵਿੱਚ ਇਨ੍ਹਾਂ ਪੱਛਮੀ ਚੱਕਰਵਾਤਾਂ ਦੀ ਕੋਈ ਖ਼ਾਸ ਮਦਦ ਤਾਂ ਨਹੀਂ ਮਿਲੀ, ਪਰ ਇਹ ਗੱਲ ਨਿਸ਼ਚਿਤ ਹੈ ਕਿ ਭਾਰਤ ਅਤੇ ਪੰਜਾਬ ਦੇ ਅਰਥਚਾਰੇ ਲਈ ਚੱਕਰਵਾਤਾਂ ਦਾ ਆਉਣਾ ਲਾਜ਼ਮੀ ਹੈ।

### ਕਿਸਾਨੀ ਲਈ ਲਾਹੇਵੰਦ

ਭਾਰਤ ਵਿਚ ਸਾਲ 1999 ਵਿੱਚ ਪੈਰਾਦੀਪ ਸੁਪਰ ਚੱਕਰਵਾਤ ਨੇ ਸਮੁੰਦਰੀ ਪਾਣੀ ਦੀ 26 ਫੁੱਟ ਦੀ ਦੀਵਾਰ ਪੈਦਾ ਕੀਤੀ ਅਤੇ 20 ਕਿਲੋਮੀਟਰ ਅੰਦਰ ਤੱਕ ਖਾਰੇ ਪਾਣੀ ਨੇ ਮਿੱਟੀਆਂ ਨੂੰ ਹਮੇਸ਼ਾ ਲਈ ਖਾਰਾ ਕਰ ਦਿੱਤਾ ਸੀ । ਪੌਣਾਂ ਦੀ ਰਫ਼ਤਾਰ 350 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਸੀ ਅਤੇ ਇਸ ਚੱਕਰਵਾਤ ਕਾਰਨ ਦੱਸ ਹਜ਼ਾਰ ਤੋਂ ਵੱਧ ਲੋਕ ਦੀ ਮੌਤ ਦੀ ਬੁੱਕਲ 'ਚ ਚਲੇ ਗਏ ਸਨ। ਪੰਜਾਬ 'ਚ ਸਰਦ ਰੁੱਤ ਵਿੱਚ ਆਉਣ ਵਾਲੇ ਰੂਮ ਸਾਗਰੀ ਚੱਕਰਵਾਤ ਲੰਮਾ ਪੈਂਡਾ ਤੈਅ ਕਰ ਹਿੰਦੂਕੁਸ਼ ਅਤੇ ਹਿਮਾਲਿਆ ਦੇ ਪਹਾੜਾਂ ਵੱਲ ਤੁਰਦੇ ਹਨ। 10 ਤੋਂ 13 ਕਿਲੋਮੀਟਰ ਦੀ ਉਚਾਈ 'ਤੇ ਬਣੀ ਉਪ-ਊਸ਼ਣੀ ਰਾਕਟੀ ਹਵਾ ਇਨ੍ਹਾਂ ਨੂੰ ਆਪਣੇ ਨਾਲ ਧੱਕ ਕੇ ਲੈ ਆਉਂਦੀ ਹੈ ਅਤੇ ਉੱਤਰੀ ਭਾਰਤ ਦੀਆਂ ਠੰਢੀਆਂ ਹਵਾਵਾਂ ਉਪਰ ਚੜ੍ਹਦਿਆਂ ਹੀ ਵਰਖਣ ਦੀ ਸਥਿਤੀ 'ਚ ਆ ਜਾਂਦਾ ਹੈ। ਹੇਠਾਂ ਉਤਰਦੀ ਮੀਂਹ ਦੀ ਹਰ ਬੂੰਦ ਤੇ ਬਰਫ਼ਬਾਰੀ ਦਾ ਹਰੇਕ ਦਾਣਾ ਫ਼ਸਲਾਂ ਲਈ ਕਿਸੇ ਖਾਦ ਤੋਂ ਘੱਟ ਨਹੀਂ। ਪੱਛਮੀ ਚੱਕਰਵਾਤ ਕਿਸਾਨੀ ਅਤੇ ਹਰ ਉਦਮੀ ਲਈ ਨਵੇਂ ਮੌਕੇ ਲੈ ਕੇ ਆਉਂਦੇ ਹਨ।

### ਵਧਦੀਆਂ ਬਿਮਾਰੀਆਂ ਦੀ ਰੋਕਥਾਮ

ਪੱਛਮੀ ਚੱਕਰਵਾਤਾਂ ਦੁਆਰਾ ਵਧਦੀਆਂ ਬਿਮਾਰੀਆਂ ਦੀ ਰੋਕਥਾਮ ਹੁੰਦੀ ਹੈ। ਸਰੀਰ ਦੀ ਖ਼ੁਸ਼ਕੀ ਖ਼ਤਮ ਹੋ ਜਾਂਦੀ ਹੈ। ਇਹ ਚੱਕਰਵਾਤ ਅਕਸਰ ਸਮੂਹ ਵਿੱਚ ਵਿਚਰਦੇ ਹਨ। ਪੂਰਾ ਆਸਮਾਨ ਬੱਦਲਾਂ ਨਾਲ ਭਰ ਦਿੰਦੇ ਹਨ। ਸੂਰਜ ਦੇ ਆਉਂਦੇ ਤਾਪ ਨੂੰ ਰੋਕ ਲੈਂਦੇ ਹਨ, ਅਤੇ ਸੀਤ ਲਹਿਰ ਸ਼ੁਰੂ ਕਰ ਦਿੰਦੇ ਹਨ। ਅਜਿਹੀਆਂ ਹਾਲਾਤਾਂ ਵਿਚ ਤਾਪਮਾਨ 2 ਡਿਗਰੀ ਸੈਲਸੀਅਸ ਹੇਠਾਂ ਡਿੱਗ ਜਾਂਦਾ ਹੈ। ਆਫ਼ਤਾਂ ਪ੍ਰਬੰਧਨ ਵਿਗਿਆਨ ਆਖਦਾ ਹੈ ਡਿੱਗਦੇ ਤਾਪਮਾਨ 'ਚ ਗ਼ਰੀਬ ਪਹਿਲਾ ਤੇ ਬਜ਼ੁਰਗ ਦੂਜਾ ਸ਼ਿਕਾਰ ਬਣਦੇ ਹਨ। ਸੀਤ ਲਹਿਰ ਛੋਟੇ ਬੱਚਿਆਂ 'ਤੇ ਵੀ ਡੂੰਘਾ ਅਸਰ ਛੱਡਦੀ ਹੈ। ਹਰ ਗਲੀ, ਮੁਹੱਲੇ, ਸੋਸਾਇਟੀ ਜਾਂ ਟਾਵਰਾਂ 'ਚ ਜੀ ਰਹੀ ਵਸੋਂ 'ਚ ਬਜ਼ੁਰਗਾਂ ਦੀ ਵਫ਼ਾਤ ਦੀ ਖ਼ਬਰ ਅਕਸਰ ਮਿਲਦੀ ਰਹਿੰਦੀ ਹੈ।

# ਦਹਿਸ਼ਤਗਰਦੀ ਦਾ ਸੰਤਾਪ ਭੋਗ ਰਹੀ ਕਈ ਮੁਲਕਾਂ ਦੀ ਲੋਕਾਈ



ਦਰਬਾਰਾ ਸਿੰਘ ਕਾਹਲੋਂ

ਕਿੰਨੀ ਸ਼ਰਮ ਦੀ ਗੱਲ ਹੈ ਕਿ ਆਧੁਨਿਕ ਗਲੋਬਲ ਭਾਈਚਾਰੇ ’ਚ ਅਫ਼ਗਾਨਿਸਤਾਨ, ਪਾਕਿਸਤਾਨ ਤੇ ਈਰਾਨ ਆਦਿ ਦੇਸ਼ ਸਥਾਨਕ ਲੋਕਾਂ ਲਈ ਖੁੱਲ੍ਹੀਆਂ ਜੇਲ੍ਹਾਂ ਬਣੇ ਪਏ ਹਨ, ਖ਼ਾਸ ਕਰਕੇ ਸਮੁੱਚੇ ਔਰਤ ਵਰਗ ਲਈ। ਸ਼ਾਸਕਾਂ ਦਾ ਵਿਰੋਧ ਕਰਨ ਵਾਲੇ ਲੋਕ ਗੋਲ਼ੀਆਂ ਨਾਲ ਭੁੰਨ ਦਿੱਤੇ ਜਾਂਦੇ ਹਨ, ਪੈਲੇਟ ਗੰਨਾਂ ਨਾਲ ਸਦੀਵੀ ਤੌਰ ’ਤੇ ਅੰਨ੍ਹੇ ਕਰ ਦਿੱਤੇ ਜਾਂਦੇ ਹਨ। ਜੋ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਪਕੜ ਲਏ ਜਾਂਦੇ ਹਨ, ਉਨ੍ਹਾਂ ਨੂੰ ਖੇਡ ਸਟੇਡੀਅਮਾਂ ’ਚ ਖੁੱਲ੍ਹੀਆਂ ਜੇਲ੍ਹਾਂ ’ਚ ਬੰਦ ਰੱਖਣ ਤੋਂ ਬਾਅਦ ਕਤਲਗਾਹਾਂ ’ਚ ਤਬਦੀਲ ਕਰ ਕੇ ਸ਼ਰੇਆਮ ਜਨਤਕ ਤੌਰ ’ਤੇ ਕਤਲ ਕਰ ਦਿੱਤਾ ਜਾਂਦਾ ਹੈ। ਨਾ ਕੋਈ ਕਾਨੂੰਨ, ਨਾ ਅਪੀਲ ਤੇ ਨਾ ਹੀ ਦਲੀਲ।

ਇਹ ਸਭ ਕੁਝ ਵਿਸ਼ਵ ਭਾਈਚਾਰੇ, ਲੋਕਤੰਤਰੀ ਸਮਾਜਾਂ, ਵਿਸ਼ਵ ਦੀਆਂ ਮਹਾ-ਸ਼ਕਤੀਆਂ ਅਤੇ ਯਐਨਓ ਜਿਹੀਆਂ ਸੰਸਥਾਵਾਂ ਦੇ ਸਾਹਮਣੇ ਚਿੱਟੇ ਦਿਨ ਵਾਪਰ ਰਿਹਾ ਹੈ। ਅਫ਼ਗਾਨਿਸਤਾਨ ਦਾ ਸਮੁੱਚਾ ਇਤਿਹਾਸ ਅਣਮਨੁੱਖੀ ਲਹੂ-ਭਿੱਜੀਆਂ ਦਾਸਤਾਨਾਂ ਨਾਲ ਲਬਰੇਜ਼ ਹੈ। ਚੌਵੀ ਦਸੰਬਰ 1979 ਨੂੰ ਸੋਵੀਅਤ ਯੂਨੀਅਨ (ਰੂਸ) ਵੱਲੋਂ ਅਫ਼ਗਾਨਿਸਤਾਨ ਵਿਚ ਫ਼ੌਜੀ ਦਖ਼ਲ ਅਤੇ ਉਸ ਦੀ ਉੱਥੇ 15 ਫਰਵਰੀ 1989 ਤੱਕ ਲਗਪਗ 10 ਸਾਲਾ ਠਹਿਰ ਦੌਰਾਨ ਔਰਤਾਂ, ਮਨੁੱਖੀ ਅਧਿਕਾਰਾਂ, ਸਿਵਲ ਪ੍ਰਸ਼ਾਸਨ, ਸਿੱਖਿਆ, ਸਿਹਤ, ਵਿਕਾਸ ਵੱਲ ਸੀਮਤ ਤੌਰ ’ਤੇ ਤਵੱਜੋਂ ਦਿੱਤੀ ਗਈ। ਜੋ ਲੋਕ ਤਾਲਿਬਾਨੀ ਸ਼ਾਸਕਾਂ ਦੇ ਹੁਕਮਾਂ ਦੀ ਉਲੰਘਣਾ ਕਰਦੇ, ਉਨ੍ਹਾਂ ਲਈ ਖੇਡ ਸਟੇਡੀਅਮ ਫਾਂਸੀਗਾਹਾਂ ਵਿਚ ਤਬਦੀਲ ਕਰ ਦਿੱਤੇ। ਆਧੁਨਿਕ ਹਥਿਆਰ ਖ਼ਰੀਦਣ, ਗਲੋਬਲ ਪੱਧਰ ’ਤੇ ਅੱਤਵਾਦ ਪੈਦਾ ਕਰਨ ਲਈ ਸਿਖਲਾਈ ਕੈਂਪ ਚਲਾਉਣ ਲਈ ਵੱਡੇ ਪੱਧਰ ’ਤੇ ਧਨ ਦੀ ਲੋੜ ਸੀ। ਇਸ ਲਈ ਤਾਲਿਬਾਨ ਨੇ ਅਫ਼ਗਾਨਿਸਤਾਨ ਨੂੰ ਅਫ਼ੀਮ ਦੀ ਖੇਤੀ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਦੀ ਮੰਡੀ ਵਜੋਂ ਸਥਾਪਤ ਕਰ ਦਿੱਤਾ। ਸੰਨ 1996 ਤੋਂ 2001 ਤੱਕ ਦੇ ਦਰਿੰਦਗੀ ਭਰੇ ਸ਼ਾਸਨ ਨੇ ਪੂਰੇ ਵਿਸ਼ਵ ਅੰਦਰ ਤਹਿਲਕਾ ਮਚਾ ਕੇ ਰੱਖ ਦਿੱਤਾ। 9/11 ਦੀ ਘਟਨਾ ਤੋਂ ਬਾਅਦ ਅਮਰੀਕੀ ਅਤੇ ਨਾਟੋ ਇਤਿਹਾਦੀਆਂ ਦੇ ਤਾਬੜਤੋੜ ਹਮਲੇ ਵਿਚ ਤਾਲਿਬਾਨ ਦੀ ਹਾਰ ਤੋਂ ਬਾਅਦ ਇਕ ਵਾਰ ਫਿਰ ਦੇਸ਼ ਅੰਦਰ ਲੋਕਤੰਤਰ ਦੀ ਸਥਾਪਤੀ ਹੋਈ। ਔਰਤਾਂ ਲਈ ਬਰਾਬਰ ਹੱਕ ਅਤੇ ਆਜ਼ਾਦੀਆਂ, ਸਿੱਖਿਆ ਮਿਲਣੀਆਂ ਸ਼ੁਰੂ ਹੋਈਆਂ। ਬਗ਼ੈਰ ਬੁਰਕੇ ਅਤੇ ਬੰਦਿਸ਼ਾਂ ਦੇ ਆਉਣ-ਜਾਣ, ਘਰੇਲੂ ਹਿੰਸਾ ਦੀ ਸਮਾਪਤੀ, ਸਿਹਤ, ਖੇਡ, ਪਬਲਿਕ ਸੇਵਾਵਾਂ ਵਿਚ ਸ਼ਮੂਲੀਅਤ ਦੇ ਹੱਕ ਮਿਲਣੇ ਸ਼ੁਰੂ ਹੋ ਗਏ। ਦੇਸ਼ ਨੂੰ ਲੋਕਤੰਤਰੀ ਅਸੂਲਾਂ ’ਤੇ ਖੜ੍ਹਾ ਕਰਨ, ਅਜ਼ਾਦਾਨਾ ਮੁਨਸਫਾਨਾ ਚੋਣਾਂ, ਕਾਨੂੰਨ ਦਾ ਰਾਜ, ਅਫ਼ਗਾਨੀ ਨਾਗਰਿਕਾਂ ਦੀ ਸੁਰੱਖਿਆ, ਮਾਨਵ ਆਜ਼ਾਦੀਆਂ, ਵੱਡੇ ਪੱਧਰ ’ਤੇ ਰਾਸ਼ਟਰੀ ਨਿਰਮਾਣ ਅਤੇ ਨਵੀਨੀਕਰਨ, ਲੋਕਤੰਤਰੀ ਸੰਸਥਾਵਾਂ ਦੀ ਸਥਾਨਕ, ਸੂਬਾਈ ਅਤੇ ਰਾਸ਼ਟਰੀ ਪੱਧਰ ’ਤੇ ਮਜ਼ਬੂਤੀ ਲਈ ਸੰਨ 2004 ਵਿਚ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ।

ਨਾਟੋ ਇਤਿਹਾਦੀਆਂ ਅਤੇ ਅਮਰੀਕੀ ਫ਼ੌਜਾਂ ਦੀ ਅਫ਼ਗਾਨਿਸਤਾਨ ਅੰਦਰ ਠਹਿਰ ਦੌਰਾਨ ਕਦੇ ਵੀ ਅੰਦਰਖਾਤੇ ਤਾਲਿਬਾਨੀਆਂ, ਜਹਾਦੀਆਂ ਅਤੇ ਕੱਟੜਵਾਦੀਆਂ ਨੇ ਹਥਿਆਰ ਨਹੀਂ ਸੁੱਟੇ। ਲਗਾਤਾਰ ਜੰਗੀ, ਹਿੰਸਕ, ਦਹਿਸ਼ਤਵਾਦੀ ਹਮਲਿਆਂ ਰਾਹੀਂ ਦਹਿਸ਼ਤ ਅਤੇ ਡਰ ਭਰਿਆ ਮਾਹੌਲ ਬਣਿਆ ਰਿਹਾ। ਆਏ ਦਿਨ ਰਾਜਧਾਨੀ ਕਾਬੁਲ, ਸੂਬਾਈ ਰਾਜਧਾਨੀਆਂ ਅਤੇ ਜਨਤਕ ਥਾਵਾਂ ’ਤੇ ਦਹਿਸ਼ਤਵਾਦੀ ਹਮਲੇ, ਅਗਵਾਕਾਰੀ ਅਤੇ ਹਿੰਸਾ ਜਾਰੀ ਰਹੇ। ਇਸੇ ਦੌਰਾਨ ਅਮਰੀਕਾ, ਪੱਛਮੀ ਦੇਸ਼ਾਂ, ਭਾਰਤ ਅਤੇ ਅਰਬ ਦੇਸ਼ਾਂ ਨੇ ਅਫ਼ਗਾਨਿਸਤਾਨ ਦੇ ਨਵ-ਨਿਰਮਾਣ ਦੇ ਖੇਤਰ ਵਿਚ ਵੱਡਾ ਯੋਗਦਾਨ ਪਾਇਆ। ਸੜਕਾਂ, ਪੁਲਾਂ, ਬਿਜਲੀ, ਛੋਟੇ ਉਤਪਾਦਕਾਂ ਪ੍ਰਾਜੈਕਟਾਂ, ਮਕਾਨਾਂ, ਸਕੂਲਾਂ, ਕਾਲਜਾਂ ਤੇ ਤਕਨੀਕੀ ਅਦਾਰਿਆਂ ਦੀ ਉਸਾਰੀ ਦੇ ਕਾਰਜ ਅੰਜਾਮ ਦਿੱਤੇ। ਭਾਰਤ ਨੇ ਕਾਬੁਲ ਅੰਦਰ ਪਾਰਲੀਮੈਂਟ ਹਾਊਸ ਦੀ ਉਸਾਰੀ ਕਰ ਕੇ ਅਫ਼ਗਾਨ ਹਕੂਮਤ ਨੂੰ ਸੌਂਪਿਆ। ਇਸ ਦੇ ਕੁਝ ਚੰਗੇ ਅਤੇ ਹਾਂ-ਪੱਖੀ ਨਤੀਜੇ ਸਾਹਮਣੇ ਆਏ। ਇਨ੍ਹਾਂ ਵਿੱਚੋਂ ਬਿਹਤਰ ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕਿਆਂ, ਵਧੀਆ ਸਮਾਜਿਕ ਵਾਤਾਵਰਨ ਅਤੇ ਸੁਰੱਖਿਆ ਕਰਕੇ ਆਮ ਆਦਮੀ ਦੀ ਔਸਤ ਉਮਰ ਵਿਚ ਵਾਧਾ ਹੋਇਆ। ਔਸਤ ਉਮਰ 55 ਸਾਲ ਤੋਂ ਵਧ ਕੇ 63 ਸਾਲ ਹੋ ਗਈ। ਔਰਤਾਂ ਦੀ ਪ੍ਰਸੂਤਾ ਮੌਤ ਦਰ 50 ਪ੍ਰਤੀਸ਼ਤ ਘਟ ਗਈ।



ਲੜਕੇ-ਲੜਕੀਆਂ ਵੱਡੀ ਤਾਦਾਦ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਵਿੱਦਿਆ ਪ੍ਰਾਪਤ ਕਰਨ ਲਈ ਦਾਖ਼ਲਾ ਲੈਣ ਲੱਗੇ। ਨੌਜਵਾਨਾਂ ਵਿਚ ਰਾਸ਼ਟਰ ਉਸਾਰੀ ਦਾ ਜਜ਼ਬਾ ਵਧਣਾ ਸ਼ੁਰੂ ਹੋਇਆ। ਲੇਕਿਨ 20 ਸਾਲਾਂ ਵਿਚ ਅਫ਼ਗਾਨੀ ਲੋਕ, ਸਰਕਾਰਾਂ, ਕੌਮਾਂਤਰੀ ਬਰਾਦਰੀ, ਅਮਰੀਕਾ ਅਤੇ ਨਾਟੋ ਫ਼ੌਜਾਂ, ਯੂਐੱਨ ਸਬੰਧਤ ਸੰਸਥਾਵਾਂ ਇਸ ਦੇਸ਼ ਵਿਚ ਸ਼ਾਂਤੀ ਅਤੇ ਕਾਨੂੰਨ ਦਾ ਰਾਜ ਸਥਾਪਤ ਕਰਨ ’ਚ ਲਗਾਤਾਰ ਨਾਕਾਮ ਰਹੀਆਂ। ਤਾਲਿਬਾਨ ਲੜਾਕੂ ਭਾਰੀ ਪੈਣੇ ਸ਼ੁਰੂ ਹੋ ਗਏ। ਅਮਰੀਕਾ ਨੇ ਇਸ ਲੰਬੇ ਯੁੱਧ ਵਿਚ 2448 ਜਦਕਿ ਨਾਟੋ ਇਤਿਹਾਦੀਆਂ ਨੇ 1144 ਫ਼ੌਜੀ ਗੁਆਏ, 3914 ਅਮਰੀਕੀ ਕੰਪਨੀਆਂ ਨਾਲ ਸਬੰਧਤ ਠੇਕੇਦਾਰ ਮਾਰੇ ਗਏ। ਲਗਪਗ 66000 ਅਫ਼ਗਾਨ ਫ਼ੌਜੀ ਤੇ ਪੁਲਸੀਏ ਮਾਰੇ ਗਏ। ਕਰੀਬ 67000 ਲੋਕ ਇਸ ਜੰਗ ਸਬੰਧੀ ਪਾਕਿਸਤਾਨ ’ਚ ਮਾਰੇ ਗਏ ਤੇ 70,000 ਤੋਂ ਵੱਧ ਸਿਵਲੀਅਨ ਅਫ਼ਗਾਨੀ ਇਸ ਜੰਗ ’ਚ ਮਾਰੇ ਗਏ। ਕਰੀਬ 53000 ਤਾਲਿਬਾਨ ਲੜਾਕੂਆਂ ਨੇ ਜਾਨਾਂ ਗੁਆਈਆਂ। ਅਮਰੀਕਾ ਨੂੰ ਇਸ ਜੰਗ ਲਈ 2.3 ਟ੍ਰਲੀਅਨ ਡਾਲਰ ਖ਼ਰਚਣੇ ਪਏ। ਆਖ਼ਰ 29 ਫਰਵਰੀ 2020 ਨੂੰ ਤਾਲਿਬਾਨ ਲੜਾਕੂਆਂ ਨਾਲ ਸੰਧੀ ਕਰ ਕੇ ਸ਼ਰਮਨਾਕ ਢੰਗ ਨਾਲ ਫ਼ੌਜਾਂ ਵਾਪਸ ਬੁਲਾਉਣੀਆਂ ਪਈਆਂ ਜਿਵੇਂ ਵੀਅਤਨਾਮ ਵਿੱਚੋਂ 30 ਅਪ੍ਰੈਲ 1975 ਨੂੰ ਸਾਈ ਗਾਓਂ ਤੇ ਕਮਿਊਨਿਸਟ ਫ਼ੌਜਾਂ ਦੇ ਕਬਜ਼ੇ ਤੋਂ ਬਾਅਦ ਅਮਰੀਕੀਆਂ ਨੂੰ ਭੱਜਣਾ ਪਿਆ ਸੀ।

ਇਸ ਖ਼ੂਨੀ 20 ਸਾਲਾ ਜੰਗ ਵਿਚ ਅਮਰੀਕਾ ਨੂੰ 58220 ਕੁ ਫ਼ੌਜੀ ਗੁਆਉਣੇ ਪਏ। ਅਫ਼ਗਾਨਿਸਤਾਨ ਦੀ ਰਾਜਨੀਤਕ ਲੀਡਰਸ਼ਿਪ ਵਿਚ ਰਾਜਨੀਤਕ ਇੱਛਾ ਸ਼ਕਤੀ ਦੀ ਲਗਾਤਾਰ ਘਾਟ, ਲੋਕਤੰਤਰੀ ਵਿਵਸਥਾ ਦੀ ਸਥਾਪਤੀ ਲਈ ਕੌਮਾਂਤਰੀ ਭਾਈਚਾਰੇ ਅਤੇ ਅਫ਼ਗਾਨ ਸਰਕਾਰਾਂ ਵੱਲੋਂ ਕੋਈ ਮਜ਼ਬੂਤ ਦੀਰਘਕਾਲੀ ਯੋਜਨਾ ਦੀ ਅਣਹੋਂਦ, ਅਫ਼ਗਾਨੀ ਇਤਿਹਾਸ, ਸੱਭਿਆਚਾਰ, ਜਿਰਗਾ ਰੀਤੀ-ਰਿਵਾਜਾਂ ਦੀ ਸਮਝ ਦੀ ਘਾਟ ਅਤੇ ਸਭ ਤੋਂ ਵੱਧ ਬੇਭਰੋਸਗੀ ਅਤੇ ਭ੍ਰਿਸ਼ਟਾਚਾਰ ਦੇ ਬੋਲਬਾਲੇ ਕਰਕੇ ਸਫ਼ਲਤਾ ਹਾਸਲ ਨਾ ਹੋ ਸਕੀ। ਅਫ਼ਗਾਨਿਸਤਾਨ ਦੇ ਨਵ-ਨਿਰਮਾਣ ਦੇ ਲਗਪਗ ਸਾਰੇ ਪ੍ਰਾਜੈਕਟ ਅਮਰੀਕਨ, ਪੱਛਮੀ ਅਤੇ ਮਿੱਤਰ ਦੇਸ਼ਾਂ ਦੀਆਂ ਕੰਪਨੀਆਂ ਨੂੰ ਹੀ ਦਿੱਤੇ ਗਏ। ਉਨ੍ਹਾਂ ਅੱਗੋਂ ਆਪਣੀ ਸੁਵਿਧਾ ਅਤੇ ਲੁੱਟ-ਖਸੁੱਟ ਲਈ ਅਫ਼ਗਾਨੀ ਠੇਕੇਦਾਰਾਂ ਨੂੰ ਕੰਮ ਦਿੱਤੇ। ਜੋ ਧਨ ਕਾਰੋਬਾਰਾਂ ਅਤੇ ਕਿਰਤ ਦਾ ਲਾਭਾਂ ਦੇ ਰੂਪ ’ਚ ਅਫ਼ਗਾਨੀ ਲੋਕਾਂ ਦੀਆਂ ਜੇਬਾਂ ਵਿਚ ਜਾਣਾ ਚਾਹੀਦਾ ਸੀ ਉਹ ਬਹੁ-ਰਾਸ਼ਟਰੀ ਕੰਪ-ਨੀਆਂ, ਫ਼ੌਜੀ ਕਮਾਂਡਰਾਂ, ਵੱਡੇ ਰਾਜਨੀਤੀਵਾਨਾਂ ਅਤੇ ਅਫ਼ਸਰਸ਼ਾਹਾਂ ਨੇ ਚੱਟ ਲਿਆ। ਇਸ ਲਈ ਅਫ਼ਗਾਨ ਜਨਤਾ ਕਦੇ ਵੀ ਤਾਲਿਬਾਨ ਵਿਰੁੱਧ ਸ਼ਿੱਦਤ ਨਾਲ ਜੰਗ ਤੇ ਵਿਰੋਧ ’ਚ ਨਹੀਂ ਕੁੱਦੀ। ਤਾਲਿਬਾਨ ਨੇ ਧਾਰਮਿਕ ਕੱਟੜਵਾਦ, ਇਸਲਾਮਿਕ ਕਾਨੂੰਨ, ਨਫ਼ਰਤੀ ਫੁਰਮਾਨ, ਔਰਤਾਂ ਵਿਰੁੱਧ ਸਖ਼ਤ ਰਵੱਈਆ, ਘੱਟ ਗਿਣਤੀਆਂ ਵਿਰੁੱਧ ਜ਼ਾਲਮਾਨਾ ਵਤੀਰਾ ਜਾਰੀ ਰੱਖਿਆ। ਜੰਗ ਜਾਰੀ ਰੱਖੀ। ਅਫ਼ਗਾਨੀ ਮਾਨਵ ਅਧਿਕਾਰ ਕਮਿਸ਼ਨ ਨੂੰ ਨਿਸ਼ਾਨੇ ’ਤੇ ਰੱਖਿਆ। ਅੰਦਰਖਾਤੇ ਐਸੇ ਸਥਾਪਤ ਨਿਜ਼ਾਮ ਨੂੰ ਸਦੀਆਂ ਤੋਂ ਮਿਲ ਰਹੀ ਜਨਤਕ ਹਮਾਇਤ ਨੇ ਉਨ੍ਹਾਂ ਦਾ ਪਾਸਾ ਭਾਰਾ ਕਰ ਦਿੱਤਾ। ਸ਼ਾਂਤੀ ਸੰਧੀ ਤੋਂ ਬਾਅਦ ਗੁਆਂਢੀ ਦੇਸ਼ਾਂ ਜਿਵੇਂ ਚੀਨ, ਰੂਸ, ਪਾਕਿਸਤਾਨ, ਈਰਾਨ, ਕਤਰ, ਸਾਊਦੀ ਅਰਬ, ਤੁਰਕੀ, ਯੂਏਈ ਦੀ ਘੁਸਪੈਠ ਵਧ ਗਈ। ਅਮਰੀਕੀ ਪਿੱਠੂ ਸ਼ਾਸਨ ਢਹਿ-ਢੇਰੀ ਹੋ ਗਿਆ। ਪੰਦਰਾਂ ਅਗਸਤ 2021 ਨੂੰ ਤਾਲਿਬਾਨ ਨੇ ਮੁੜ ਕਾਬੁਲ ’ਤੇ ਕਬਜ਼ਾ ਕਰ ਲਿਆ। ਸੱਤਾ ਸੰਭਾਲਦੇ ਹੀ ਔਰਤਾਂ ਦੀ ਭਲਾਈ ਸਬੰਧੀ ਮੰਤਰਾਲੇ, ਮਨੁੱਖੀ ਅਧਿਕਾਰ ਕਮਿਸ਼ਨ, ਮੁੱਢਲੇ ਅਧਿਕਾਰਾਂ, ਭਲਾਈ ਸਕੀਮਾਂ ਦਾ ਭੋਗ ਪਾ ਦਿੱਤਾ। ਇਸਲਾਮਿਕ ਕੱਟੜਵਾਦੀ ਕਾਨੂੰਨ ਨਾਫਜ਼ ਕਰ ਦਿੱਤੇ ਗਏ। ਔਰਤਾਂ, ਲੜਕੀਆਂ ਨੂੰ ਘਰਾਂ ਵਿਚ ਬੰਦ ਕਰ ਦਿੱਤਾ। ਉਨ੍ਹਾਂ ਦੇ ਸਕੂਲ, ਬਾਹਰ ਜਾਣ ਅਤੇ ਦਫ਼ਤਰਾਂ ’ਚ ਕੰਮ ਕਰਨ ਜਾਂ ਹੋਰ ਕੰਮਕਾਜ ਕਰਨ ’ਤੇ ਪਾਬੰਦੀ ਲਗਾ ਦਿੱਤੀ। ਬਾਲ ਵਿਆਹ, ਜਬਰੀ ਸ਼ਾਦੀ ਅਤੇ ਘਰੇਲੂ ਹਿੰਸਾ ਮੁੜ ਬੇਰੋਕ-ਟੋਕ ਚਾਲੂ ਹੈ। ਅਫ਼ਗਾਨ ਲੋਕਾਂ ਦੀ ਗ਼ੁਰਬਤ, ਬੇਰੁਜ਼ਗਾਰੀ, ਲਾਚਾਰੀ ਤਾਲਿਬਾਨ ਲਈ ਕੋਈ ਮਾਅਨਾ ਨਹੀਂ ਰੱਖਦੀ। ਲਗਪਗ 17 ਦੇਸ਼ਾਂ ਨਾਲ ਉਨ੍ਹਾਂ ਦੇ ਰਾਜਦੂਤ ਤੱਕ ਸਬੰਧ ਵੀ ਹਨ ਪਰ ਕੌਮਾਂਤਰੀ ਬਰਾਦਰੀ, ਯੂਐੱਨ ਜਾਂ ਹੋਰ ਕੌਮਾਂਤਰੀ ਭਲਾਈ ਸੰਸਥਾਵਾਂ ਅਫ਼ਗਾਨੀ ਨਾਗਰਿਕਾਂ ਦੇ ਮੁੱਢਲੇ ਮਾਨਵ ਅਧਿਕਾਰਾਂ ਪ੍ਰਤੀ ਚੁੱਪ ਹਨ। ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਆਪਣੇ ਦੇਸ਼ਾਂ ਨੂੰ ਖੁੱਲ੍ਹੀਆਂ ਜੇਲ੍ਹਾਂ ਵਿਚ ਤਬਦੀਲ ਕਰਕੇ ਬਾਸ਼ਿੰਦਿਆਂ ’ਤੇ ਅਣ-ਮਨੁੱਖੀ ਜ਼ੁਲਮ ਕਰਨ ਵਾਲੇ ਅਫ਼ਗਾਨ, ਪਾਕਿਸਤਾਨ ਤੇ ਈਰਾਨ ਆਦਿ ਦੇ ਸ਼ਾਸਕਾਂ ਵਿਰੁੱਧ ਕੀ ਕੌਮਾਂਤਰੀ ਭਾਈਚਾਰਾ ਚੁੱਪ ਧਾਰਨ ਕਰੀ ਰੱਖੇਗਾ?

# ਅਗਨੀਪਥ ਸਕੀਮ ਦੀ ਸਮੀਖਿਆ ਜ਼ਰੂਰੀ ਕਿਉਂ?

ਰਾਹੁਲ ਬੇਦੀ

ਇੱਕ ਹਕੀਕੀ ਕੁਲੀਸ਼ਨ ਸਰਕਾਰ ਦੇ ਹੋਂਦ ਵਿੱਚ ਆਉਣ ਨਾਲ ਸਾਬਕਾ ਫ਼ੌਜੀਆਂ ਅਤੇ ਸੁਰੱਖਿਆ ਵਿਸ਼ਲੇਸ਼ਕਾਂ ਦੇ ਵੱਖ-ਵੱਖ ਤਬਕਿਆਂ ਵਿੱਚ ਉਮੀਦ ਦੀ ਇਹ ਕਿਰਨ ਜਾਗੀ ਹੈ ਕਿ ਪਿਛਲੇ ਇੱਕ ਦਹਾਕੇ ਦੌਰਾਨ ਸਿਆਸੀ ਲੀਡਰਸ਼ਿਪ ਵੱਲੋਂ ਫੌਜ ਉੱਪਰ ਠੋਸੀਆਂ ਗਈਆਂ ਕੁਝ ਸੰਦੇਹਜਨਕ ਸਕੀਮਾਂ ਅਤੇ ਨਿਰਦੇਸ਼ਾਂ ਦੀ ਦਰੁਸਤੀ ਦਾ ਰਾਹ ਖੁੱਲ੍ਹ ਗਿਆ ਹੈ। ਇਨ੍ਹਾਂ ਸਕੀਮਾਂ ’ਚੋਂ ਪ੍ਰਮੁੱਖ ਹੈ ਅਗਨੀਪਥ ਯੋਜਨਾ ਜੋ ਕਿ 2022 ਦੇ ਮੱਧ ਵਿੱਚ ਸ਼ੁਰੂ ਕੀਤੀ ਗਈ ਸੀ ਅਤੇ ਇਸ ਤਹਿਤ ਪਰਸੋਨਲ ਬਿਲੋਅ ਆਫ਼ੀਸਰ ਰੈਂਕ (ਪੀਬੀਓਆਰ) ਜਿਨ੍ਹਾਂ ਨੂੰ ਅਗਨੀਵੀਰ ਕਿਹਾ ਜਾਂਦਾ ਹੈ, ਦੀ ਥੋੜ੍ਹੇ ਸਮੇਂ ਦੀ ਡਿਊਟੀ ਲਈ ਭਰਤੀ ਕੀਤੀ ਜਾਂਦੀ ਹੈ। ਰਾਸ਼ਟਰੀ ਜਮਹੂਰੀ ਗੱਠਜੋੜ (ਐੱਨਡੀਏ) ਦੇ ਇੱਕ ਅਹਿਮ ਭਿਆਲ ਜਨਤਾ ਦਲ (ਯੂ) ਨੇ ਅਗਨੀਵੀਰ ਯੋਜਨਾ ਦਾ ਜਾਇਜ਼ਾ ਲੈਣ ਦੀ ਮੰਗ ਕੀਤੀ ਹੈ ਜਿਸ ਨੂੰ ਲੈ ਕੇ ਬਿਹਾਰ ਅਤੇ ਹੋਰਨਾਂ ਸੂਬਿਆਂ ਦੇ ਲੋਕਾਂ ਅੰਦਰ ਕਾਫ਼ੀ ਅਸੰਤੁਸ਼ਟੀ ਪਾਈ ਜਾ ਰਹੀ ਹੈ। ਰਿਪੋਰਟਾਂ ਅਨੁਸਾਰ ਸਰਕਾਰ ਨੇ ਦਸ ਮੰਤਰਾਲਿਆਂ ਦੇ ਸਕੱਤਰਾਂ ਦੇ ਇੱਕ ਸਮੂਹ ਨੂੰ ਅਗਨੀਪਥ ਯੋਜਨਾ ਦਾ ਜਾਇਜ਼ਾ ਲੈਣ ਅਤੇ ਭਰਤੀ ਪ੍ਰੋਗਰਾਮ ਨੂੰ ਹੋਰ ਜ਼ਿਆਦਾ ਆਕਰਸ਼ਕ ਬਣਾਉਣ ਦੇ ਸੁਝਾਅ ਦੇਣ ਲਈ ਕਿਹਾ ਹੈ।

ਇਸ ਯੋਜਨਾ ਅਧੀਨ ਚਾਰ ਸਾਲਾਂ ਦੀ ਟੂਰ ਡਿਊਟੀ ਲਈ ਸਾਰੀਆਂ ਤਿੰਨੋਂ ਸੈਨਾਵਾਂ ਲਈ ਅਗਨੀਵੀਰ ਭਰਤੀ ਕੀਤੇ ਜਾਂਦੇ ਹਨ ਜਿਸ ਤੋਂ ਬਾਅਦ ਸਿਰਫ਼ 25 ਫ਼ੀਸਦੀ ਜਵਾਨਾਂ ਨੂੰ 15 ਸਾਲਾਂ ਦੀ ਫ਼ੌਜੀ ਸੇਵਾ ਪੂਰੀ ਕਰਨ ਲਈ ਰੱਖ ਲਿਆ ਜਾਂਦਾ ਹੈ ਅਤੇ ਬਾਕੀ 75 ਫ਼ੀਸਦੀ ਅਗਨੀਵੀਰ ਨੂੰ ‘ਸੈਵਰੈਂਸ ਪੇਅ’ ਜਾਂ ਮੁਆਵਜ਼ਾ ਰਾਸ਼ੀ ਵਜੋਂ ਕਰੀਬ 12 ਲੱਖ ਰੁਪਏ ਦੇ ਕੇ ਫ਼ੌਜ ’ਚੋਂ ਵਾਪਸ ਭੇਜ ਦਿੱਤਾ ਜਾਵੇਗਾ ਜਿਨ੍ਹਾਂ ਨੂੰ ਬਾਅਦ ਵਿੱਚ ਨੀਮ ਫ਼ੌਜੀ ਦਸਤਿਆਂ, ਸੂਬਾਈ ਜਾਂ ਰੇਲਵੇ ਪੁਲੀਸ ਬਲਾਂ ਅਤੇ ਹੋਰਨਾਂ ਅਟੈਂਡੈਂਟ ਸੁਰੱਖਿਆ ਏਜੰਸੀਆਂ ਵਿੱਚ ਐਡਜਸਟ ਕੀਤੇ ਜਾਣ ਦੇ ਆਸਾਰ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸਰਕਾਰੀ ਬੈਂਕਾਂ ਅਤੇ ਬੀਮਾ ਕੰਪਨੀਆਂ ਅਤੇ ਇਸੇ ਤਰ੍ਹਾਂ ਸਰਕਾਰੀ ਮਾਲਕੀ ਵਾਲੀਆਂ ਵਿੱਤੀ ਸੰਸਥਾਵਾਂ ਨੂੰ ਫ਼ਾਰਗ ਕੀਤੇ ਗਏ ਅਗਨੀਵੀਰਾਂ ਨੂੰ ਸਮੋਣ ਲਈ ਕਿਹਾ ਗਿਆ ਹੈ।



ਇਸ ਦੌਰਾਨ ਰੱਖਿਆ ਮੰਤਰਾਲੇ ਵੱਲੋਂ ਹਥਿਆਰਬੰਦ ਦਸਤਿਆਂ ਨੂੰ ਉਪਰੋਥਲੀ ਜਾਰੀ ਕੀਤੇ ਗਏ ਨਿਰਦੇਸ਼ਾਂ, ਜਿਨ੍ਹਾਂ ਕਰ ਕੇ ਤਿੰਨੋਂ ਸੈਨਾਵਾਂ ਅਤੇ ਵੈਟਰਨਾਂ (ਸੈਨਾਵਾਂ ਵਿੱਚ ਖ਼ਾਸਕਰ ਜੰਗ ਦੌਰਾਨ ਸੇਵਾ ਨਿਭਾਉਣ ਵਾਲੇ ਫ਼ੌਜੀ) ਅੰਦਰ ਵੀ ਬੇਚੈਨੀ ਦਾ ਮਾਹੌਲ ਬਣਿਆ ਹੋਇਆ ਸੀ, ਦੀ ਸਮੀਖਿਆ ਕੀਤੇ ਜਾਣ ਜਾਂ ਇਨ੍ਹਾਂ ਨੂੰ ਤਰਕ ਕਰ ਦੇਣ ਦੇ ਆਸਾਰ ਹਨ। ਇਹੋ ਜਿਹਾ ਇੱਕ ਨਿਰਦੇਸ਼ ਪਿਛਲੇ ਮਈ ਮਹੀਨੇ ਰੱਖਿਆ ਮੰਤਰਾਲੇ ਦੀ ਤਰਫ਼ੋਂ ਆਰਮੀ ਹੈੱਡਕੁਆਰਟਰਜ਼ ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਛੁੱਟੀ ’ਤੇ ਘਰ ਗਏ ਸਾਰੇ ਫ਼ੌਜੀਆਂ ਨੂੰ ਆਪੋ ਆਪਣੇ ਪਿੰਡ, ਕਸਬੇ ਜਾਂ ਸ਼ਹਿਰ ਵਿੱਚ ਸਵੱਛ ਭਾਰਤ ਅਭਿਆਨ ਅਤੇ ਸਰਵ ਸਿਖਿਆ ਅਭਿਆਨ ਜਿਹੀਆਂ ਸਰਕਾਰੀ ਭਲਾਈ ਸਕੀਮਾਂ ਦੇ ਫ਼ਾਇਦਿਆਂ ਦਾ ਪ੍ਰਚਾਰ ਕਰਨ ਦੇ ‘ਰਾਸ਼ਟਰ ਨਿਰਮਾਣ’ ਕਾਰਜ ਵਿੱਚ ਸ਼ਾਮਿਲ ਹੋਣ ਲਈ ਕਿਹਾ ਗਿਆ ਸੀ। ਇਸ ਸਕੀਮ ’ਤੇ ਫ਼ੌਜੀਆਂ ਦੀਆਂ ਵਿਅਕਤੀਗਤ ਯੂਨਿਟਾਂ ਵਲੋਂ ਪੰਦਰਵਾੜਾ ਫੀਡਬੈਕ ਤੇ ਫੋਟੋਗ੍ਰਾਫਾਂ ਅਤੇ ਵੀਡਿਓ ਕਲਿਪਾਂ ਜ਼ਰੀਏ ਨਿਗਰਾਨੀ ਰੱਖੀ ਜਾਂਦੀ ਹੈ।

ਇਸ ਤੋਂ ਇਲਾਵਾ ਐਡਜੂਟੈਂਟ ਜਨਰਲ’ਜ਼ ਆਫਿਸ ਅਧੀਨ ਕੰਮ ਕਰਦੇ ਆਰਮੀ ਦੇ ਸੈਰੇਮੋਨੀਅਲਜ਼ ਐਂਡ ਵੈਲਫੇਅਰ ਡਾਇਰੈਕਟੋਰੇਟ ਜੋ ਕਿ ਸੈਨਾਵਾਂ ਦੇ ਸਮੁੱਚੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੁੰਦਾ ਹੈ, ਨੇ ਅਗਨੀਵੀਰਾਂ ਨੂੰ ਫੌਜੀ ਦੂਤ ਦੇ ਰੂਪ ਵਿੱਚ ਆਪੋ-ਆਪਣੇ ਹਲਕਿਆਂ ਵਿੱਚ ਦੇਸ਼ਭਗਤੀ ਅਤੇ ਰਾਸ਼ਟਰਵਾਦ ਦੀ ਭਾਵਨਾ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਲਈ ਖੇਡ ਸਮਾਗਮ ਕਰਾਉਣ ਲਈ ਆਖਿਆ। ਸੀਨੀਅਰ ਫ਼ੌਜੀ ਅਧਿਕਾਰੀਆਂ ਨੇ ਦੱਸਿਆ ਕਿ ਸ਼ਿਮਲਾ ਵਿੱਚ ਆਰਮੀ ਟਰੇਨਿੰਗ ਕਮਾਂਡ ਨੇ ਇਨ੍ਹਾਂ ਸਿਪਾਹੀਆਂ ਨੂੰ ਰਾਸ਼ਟਰ ਨਿਰਮਾਣ ਦੇ ਮਨੋਰਥ ਨੂੰ ਅਗਾਂਹ ਵਧਾਉਣ ਲਈ ਆਪਣੇ ਹੁਨਰ ਅਤੇ ਸੁਭਾਵਿਕ ਅਨੁਸ਼ਾਸਨ ਦਾ ‘ਲਾਭ ਲੈਣ’ ਦੇ ਉਦੇਸ਼ ਨਾਲ ਇਨ੍ਹਾਂ ‘ਸਿੱਖਿਆ’ ਕਾਰਜਾਂ ਦੇ ਸਬੰਧ ਵਿੱਚ ਪਾਲਣਾ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਸੀਨੀਅਰ ਵੈਟਰਨਾਂ ਨੇ ਅੰਦਾਜ਼ਾ ਲਾਇਆ ਸੀ ਕਿ ਇੱਕ ਸਮੇਂ, ਹਥਿਆਰਬੰਦ ਬਲਾਂ ਕੋਲ 3,50,000 ‘ਸਮਾਜਿਕ ਯੋਧੇ’ ਹੋਣਗੇ ਜੋ ਸਰਕਾਰ ਦੀ ਅਗਵਾਈ ਵਾਲੀ ਇਸ ਮੈਗਾ ਪ੍ਰਚਾਰ ਮੁਹਿੰਮ ਵਿੱਚ ਸ਼ਾਮਿਲ

(ਬਾਕੀ ਸਫਾ 14 ‘ਤੇ)

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION
OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



VETERINARIAN UNITED PET HOSPITAL

# United Pet Hospital

Dr. Mandeep Bhullar DVM
510-363-9980

1641 Industrial
Pkwy W.
Hayward, CA.
94544



unitepets@gmail.com Fax : 510-397-0142






# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

## Under New Management



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

**Sale is going on**

**APPLIANCES & PARKER PENS, OSTER BLENDERS**

**Watches (Seiko, Citizen & Swistar) Shavers & Trimmers Cellular Phones and OSTER BLENDERS**

5156 Mowry AVE. Fremont. CA 94538
Tel- 510-797-7111

# CALIFORNIA IMMIGRATION SERVICES INC.

CISI

Your Registered & Bonded 'Immigration-Consultants'



## ROSY (Kanwal) KAUR

Immigration Consultant

**408-422-8585**
**510-573-3666**

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

**510-780-9233**



ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# AAA

## AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



## ਜਸਬੀਰ ਸਿੰਘ ਤੱਖਰ

**510-755-2132**

593 Industrial PKWY West
Hayward, CA 94544

# ਕੌਣ ਕਰ ਰਿਹਾ ਹੈ ਮਾਂ ਬੋਲੀ ਪੰਜਾਬੀ ਦੀ ਸੇਵਾ?



ਅੱਜ ਕਲ੍ਹ ਹਰ ਪੰਜਾਬੀ ਲਿਖਾਰੀ, ਗਾਇਕ, ਸ਼ਾਇਰ, ਨਾਟਕਕਾਰ, ਐਕਟਰ ਅਤੇ ਨੇਤਾ ਮਾਂ ਬੋਲੀ ਦੀ ਸੇਵਾ ਕਰਨ ਦੇ ਦਮਗਜੇ ਮਾਰ ਰਿਹਾ ਹੈ। ਪਰ ਅਸਲ ਵਿੱਚ ਜਿਆਦਾ ਕਥਿੱਤ ਸੇਵਾਦਾਰ ਇਹ ਕਾਰਜ ਸਿਰਫ ਅਤੇ ਸਿਰਫ ਆਪਣੇ ਸਵਾਰਥ ਲਈ ਕਰ ਰਹੇ ਹਨ। ਅਜਿਹੇ ਨਿਸ਼ਕਾਮ ਸੇਵਕਾਂ ਦੇ ਆਪਣੇ ਬੱਚੇ ਪੰਜਾਬੀ ਸਕੂਲਾਂ ਦੀ ਬਜਾਏ ਕਾਨਵੈਂਟਾਂ ਵਿੱਚ ਪੜ੍ਹਦੇ ਹਨ। ਪਿੱਛੇ ਜਿਹੇ ਖਬਰ ਲੱਗੀ ਸੀ ਕਿ ਇੱਕ ਸੀਨੀਅਰ ਅਧਿਕਾਰੀ ਨੇ ਮਾਂ ਬੋਲੀ ਦੀ ਸੇਵਾ ਕਰਨ ਦੀ ਆੜ ਵਿੱਚ ਇੱਕ ਕਿਤਾਬ ਲਿਖੀ ਅਤੇ ਆਪਣੇ ਮਾਹਤਿਤਾਂ ਰਾਹੀ ਜਬਰੀ ਵੇਚ ਕੇ ਲੱਖਾਂ ਰੁਪਿਆ ਕਮਾ ਲਿਆ।

ਪੰਜਾਬੀ ਇੱਕ ਅੱਤ ਪ੍ਰਾਚੀਨ ਅਤੇ ਮਹਾਨ ਬੋਲੀ ਹੈ ਜਿਸ ਨੂੰ ਅਜਿਹੇ ਸੇਵਾਦਾਰਾਂ ਦੀ ਬਹੁਤੀ ਜਰੂਰਤ ਨਹੀਂ ਹੈ। ਭਾਰਤ ਅਤੇ ਪਾਕਿਸਤਾਨ ਨੂੰ ਮਿਲਾ ਕੇ 12 ਕਰੋੜ ਦੇ ਕਰੀਬ ਲੋਕ ਪੰਜਾਬੀ ਬੋਲਦੇ ਹਨ। ਇਹ ਪਾਕਿਸਤਾਨ ਦੀ ਅੱਵਲ, ਕੈਨੇਡਾ ਦੀ ਤੀਸਰੀ, ਇੰਗਲੈਂਡ ਦੀ ਚੌਥੀ, ਭਾਰਤ ਦੀ ਗਿਆਰਵੀਂ ਅਤੇ ਸੰਸਾਰ ਦੀ ਦਸਵੀਂ ਸਭ ਤੋਂ ਵੱਧ ਬੋਲੀ ਜਾਣ ਵੀ ਭਾਸ਼ਾ ਹੈ। ਇਟਲੀ, ਅਮਰੀਕਾ, ਆਸਟ੍ਰੇਲੀਆ, ਯੂ.ਏ.ਈ. ਅਤੇ ਸਾਊਦੀ ਅਰਬ ਵਿੱਚ ਪੰਜਾਬੀ ਦੀ ਰੜਕਵੀਂ ਹਾਜ਼ਰੀ ਹੈ। ਵੈਸੇ ਭਾਰਤ ਪਾਕਿਸਤਾਨ ਵਿੱਚ ਜੇ ਕੋਈ ਕੌਮ ਇੱਕ ਦੂਸਰੇ ਨੂੰ ਦਿਲੋਂ ਪਿਆਰ ਕਰਦੀ ਹੈ ਤਾਂ ਉਹ ਸਿਰਫ ਪੰਜਾਬੀ ਹਨ। ਬੰਗਲਾ ਦੇਸ਼ ਅਤੇ ਪੱਛਮੀ ਬੰਗਾਲ ਦੀ ਇੱਕੋ ਬੋਲੀ ਹੋਣ ਦੇ ਬਾਵਜੂਦ ਦੋਵਾਂ ਫਿਰਕਿਆਂ ਵਿੱਚ ਕੋਈ ਜਿਆਦਾ ਮੋਹ ਪਿਆਰ ਜਾਂ ਮੇਲ ਮਿਲਾਪ ਨਹੀਂ ਹੈ। ਪੰਜਾਬੀ ਆਪਣੇ ਸੂਬੇ ਅਤੇ ਬੋਲੀ ਨੂੰ ਐਨਾ ਪਿਆਰ ਕਰਦੇ ਹਨ ਕਿ ਦੋਵਾਂ ਪੰਜਾਬਾਂ ਨੂੰ ਪੂਰਬੀ ਅਤੇ ਪੱਛਮੀ ਪੰਜਾਬ ਕਹਿਣ ਦੀ ਬਜਾਏ ਪੰਜਾਬ ਹੀ ਕਿਹਾ ਜਾਂਦਾ ਹੈ।

ਉੱਤਰੀ ਭਾਰਤ ਦੀਆਂ ਅਨੇਕਾਂ ਬੋਲੀਆਂ ਵਾਂਗ ਪੰਜਾਬੀ ਵੀ ਵੈਦਿਕ ਕਾਲੀਨ ਇੰਡੋ ਆਰੀਅਨ ਭਾਸ਼ਾ ਹੈ ਜੋ ਸੰਸਕ੍ਰਿਤ ਵਿੱਚੋਂ ਵਿਕਸਿਤ ਹੋਈ ਹੈ। 7ਵੀਂ ਸਦੀ ਤੱਕ ਪੰਜਾਬੀ ਅਲੱਗ ਭਾਸ਼ਾ ਦੇ ਰੂਪ ਵਿੱਚ ਉੱਭਰਨ ਲੱਗੀ ਤੇ 10ਵੀਂ ਸਦੀ ਤੱਕ ਪੂਰਣ ਭਾਸ਼ਾ ਬਣ ਗਈ। ਉੱਤਰੀ ਭਾਰਤ 'ਤੇ ਮੁਸਲਿਮ ਕਬਜ਼ੇ ਤੋਂ ਬਾਅਦ ਪੰਜਾਬੀ ਵਿੱਚ ਅਰਬੀ ਅਤੇ ਫਾਰਸੀ ਸ਼ਬਦ ਵੀ ਮਿਲਣੇ ਸ਼ੁਰੂ ਹੋ ਗਏ। ਪੰਜਾਬੀ ਵਿੱਚ ਹੋਰ ਕਿਸੇ ਵੀ ਭਾਰਤੀ ਭਾਸ਼ਾ ਨਾਲੋਂ ਜਿਆਦਾ ਅਰਬੀ-ਫਾਰਸੀ ਸ਼ਬਦ ਹਨ। ਅੰਗਰੇਜ਼ੀ ਸਾਸ਼ਨ ਦੌਰਾਨ ਕੁਝ ਇੰਗਲਿਸ਼ ਸ਼ਬਦ ਵੀ ਇਸ ਵਿੱਚ ਰਲ ਗਏ। 1947 ਤੱਕ ਕਦੇ ਵੀ ਪੰਜਾਬੀ ਪੰਜਾਬ ਦੀ ਸਰਕਾਰੀ ਭਾਸ਼ਾ ਨਹੀਂ ਰਹੀ। ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵੀ ਸਰਕਾਰੀ ਭਾਸ਼ਾ ਫਾਰਸੀ ਹੀ ਸੀ। ਪੰਜਾਬੀ ਭਾਰਤੀ ਤੇ ਪਾਕਿਸਤਾਨੀ ਪੰਜਾਬ ਦੀ ਸਰਕਾਰੀ ਭਾਸ਼ਾ 1947 ਤੋਂ ਬਾਅਦ ਹੀ ਬਣ ਸਕੀ ਹੈ। ਇਹ




ਉਦੋਂ ਤੱਕ ਬਿਨਾਂ ਕਿਸੇ ਸਰਕਾਰੀ ਸਰਪ੍ਰਸਤੀ ਦੇ ਸਿਰਫ ਵਿਦਵਾਨਾਂ ਅਤੇ ਲਿਖਾਰੀਆਂ ਦੇ ਸਿਰ 'ਤੇ ਹੀ ਵਿਕਾਸ ਕਰਦੀ ਰਹੀ। ਇਸ ਕਾਲ ਦੌਰਾਨ ਇਸ ਵਿੱਚ ਉੱਚ ਕੋਟੀ ਦਾ ਰੋਮਾਂਟਿਕ, ਇਤਿਹਾਸਕ, ਸਮਾਜਿਕ ਅਤੇ ਧਾਰਮਿਕ ਸਾਹਿਤ ਰਚਿਆ ਗਿਆ।

ਪੰਜਾਬੀ ਦੀਆਂ ਕਈ ਉੱਪ ਭਾਸ਼ਾਵਾਂ ਹਨ ਜਿਵੇਂ ਸਰਾਇਕੀ, ਪੋਠੋਹਾਰੀ, ਹਿੰਦਕੋ, ਮੁਲਤਾਨੀ, ਸ਼ਾਹਪੁਰੀ, ਧਾਨੀ, ਝਾਂਗਵੀ, ਜਾਂਗਲੀ, ਦੁਆਬੀ, ਮਲਵਈ ਅਤੇ ਪੁਆਧੀ ਆਦਿ। ਪਰ ਲਿਖਣ ਪੜ੍ਹਨ ਲਈ ਲਾਹੌਰ ਅਤੇ ਅੰਮ੍ਰਿਤਸਰ ਵਿੱਚ ਬੋਲੀ ਜਾਣ ਵਾਲੀ ਮਾਝੀ ਬੋਲੀ ਨੂੰ ਸਹੀ ਮੰਨਿਆਂ ਜਾਂਦਾ ਹੈ। ਇਹ ਸੰਸਾਰ ਦੀ ਸ਼ਾਇਦ ਇੱਕੋ ਇੱਕ ਭਾਸ਼ਾ ਹੈ ਜੋ ਦੋ ਲਿੱਪੀਆਂ ਵਿੱਚ ਲਿਖੀ ਜਾਂਦੀ ਹੈ ਅਤੇ ਦੋਵੇਂ ਹੀ ਇੱਕੋ ਜਿੰਨੀਆਂ ਮਕਬੂਲ ਹਨ। ਭਾਰਤੀ ਪੰਜਾਬ ਵਿੱਚ ਗੁਰਮੁਖੀ ਅਤੇ ਪਾਕਿਸਤਾਨੀ ਪੰਜਾਬ ਵਿੱਚ ਫਾਰਸੀ ਦੀ ਸੋਧੀ ਹੋਈ ਨਾਸਤਾਲਿਕ ਲਿੱਪੀ (ਸ਼ਾਹਮੁਖੀ) ਵਰਤੀ ਜਾਂਦੀ ਹੈ। ਗੁਰਮੁਖੀ ਦਾ ਮਤਲਬ ਹੈ ਜੋ ਗੁਰੂ ਦੇ ਮੂੰਹ ਵਿੱਚੋਂ ਨਿਕਲੀ ਹੋਵੇ ਤੇ ਸ਼ਾਹਮੁਖੀ ਦਾ ਮਤਲਬ ਹੈ ਜੋ ਬਾਦਸ਼ਾਹ ਦੇ ਮੂੰਹ ਵਿੱਚੋਂ ਨਿਕਲੀ ਹੋਵੇ। ਪੰਜਾਬੀ ਦਾ ਸ਼ੁਰੂਆਤੀ ਸਾਹਿਤ ਯੋਗੀ ਨਾਥਾਂ ਨੇ ਲਿਖਿਆ ਸੀ ਜੋ ਹੁਣ ਕਿਤੇ ਕਿਤੇ ਹੀ ਲੱਭਦਾ ਹੈ। ਪੰਜਾਬੀ ਦਾ ਸਭ ਤੋਂ ਪਹਿਲਾ ਪ੍ਰਮਾਣਿਕ ਲਿਖਾਰੀ-ਕਵੀ ਸ਼ੇਖ ਫਰੀਦ ਸ਼ਕਰਗੰਜ ਨੂੰ ਮੰਨਿਆਂ ਜਾਂਦਾ ਹੈ। ਇਹਨਾਂ ਤੋਂ ਇਲਾਵਾ ਬੁੱਲੇ ਸ਼ਾਹ, ਸ਼ਾਹ ਹੁਸੈਨ, ਵਾਰਿਸ ਸ਼ਾਹ, ਹਾਫਿਜ਼ ਬਰਖੁਰਦਾਰ, ਪੀਲੂ, ਸੁਲਤਾਨ ਬਾਹੂ, ਸ਼ਾਹ ਸ਼ਰਫ, ਅਲੀ ਹੈਦਰ, ਸਾਲੇਹ ਮੁਹੰਮਦ ਸਫੂਰੀ ਆਦਿ ਸੂਫੀ ਸੰਤਾਂ ਨੇ ਪੰਜਾਬੀ ਨੂੰ ਅਮੀਰ ਕੀਤਾ। ਸਭ ਤੋਂ ਵੱਧ ਵਾਰਾਂ ਅਤੇ ਕਿੱਸੇ ਵੀ ਪੰਜਾਬੀ ਵਿੱਚ ਹੀ ਲਿਖੇ ਗਏ ਹਨ।

15ਵੀਂ ਸਦੀ ਵਿੱਚ ਸਿੱਖ ਧਰਮ ਦੇ ਉੱਥਾਨ ਨੇ ਪੰਜਾਬੀ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਸਾਰੀ ਗੁਰਬਾਣੀ ਪੰਜਾਬੀ ਵਿੱਚ ਉਚਾਰੀ ਗਈ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਪੰਜਾਬੀ ਹੋਣ ਕਾਰਨ ਇਹ ਸਰਵ ਪ੍ਰਵਾਨਿਤ ਭਾਸ਼ਾ ਬਣ ਗਈ ਹੈ। ਇਸ ਤੋਂ ਬਾਅਦ ਸ਼ਾਹ ਮੁਹੰਮਦ, ਨਾਨਕ ਸਿੰਘ, ਭਾਈ ਵੀਰ ਸਿੰਘ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਦੀਵਾਨ ਸਿੰਘ ਕਾਲੇਪਾਣੀ, ਸ਼ਿਵ ਬਟਾਲਵੀ, ਸੁਰਜੀਤ ਪਾਤਰ ਅਤੇ ਪਾਸ਼ ਆਦਿ ਨੇ ਮਾਂ ਬੋਲੀ ਦਾ ਵਿਕਾਸ ਕੀਤਾ।

ਹੁਣ ਮੇਰੇ ਵਰਗੇ ਜਿਹੜੇ ਮਾਂ ਬੋਲੀ ਦੀ ਸੇਵਾ ਦਾ ਦਮ ਭਰਦੇ ਹਨ ਉਹ ਆਮ ਤੌਰ 'ਤੇ ਝੂਠ ਹੀ ਬੋਲਦੇ ਹਨ। ਉਹ ਸਿਰਫ ਨਾਮ ਜਾਂ ਪੈਸਾ ਕਮਾਉਣ ਲਈ ਹੀ ਇਸ ਧੰਦੇ ਵਿੱਚ ਪਏ ਹੋਏ ਹਨ। ਕਈ ਕਲਾਕਾਰ ਇੰਟਰਵਿਊ ਵਿੱਚ ਬਹੁਤ ਦਾਅਵੇ ਕਰਦੇ ਹਨ ਪਰ ਜੇ ਕਿਤੇ ਕੈਂਸਰ ਪੀੜਤ ਬੱਚਿਆਂ ਦੀ ਭਲਾਈ ਲਈ ਵੀ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਫੀਸ ਲਏ ਬਗੈਰ ਸਟੇਜ਼ 'ਤੇ ਨਹੀਂ ਚੜ੍ਹਦੇ। ਮਾਂ ਬੋਲੀ ਦੀ ਸੇਵਾ ਗੁਰੂ ਸਾਹਿਬਾਨ, ਸ਼ੇਖ ਫਰੀਦ, ਸ਼ਾਹ ਹੁਸੈਨ ਅਤੇ ਬੁੱਲੇ ਸ਼ਾਹ ਵਰਗਿਆਂ ਨੇ ਕੀਤੀ ਸੀ ਜਿਹਨਾਂ ਨੇ ਬਿਨਾਂ ਕਿਸੇ ਲੋਭ ਲਾਲਚ ਜਾਂ ਪੈਸੇ ਕਮਾਉਣ ਦੀ ਲਾਲਸਾ ਦੇ ਸਾਹਿਤ ਰਚਨਾ ਕੀਤੀ। ਹੁਣ ਤਾਂ ਕਿਤਾਬ ਛਪਵਾਉਣ ਤੋਂ ਪਹਿਲਾਂ ਸਾਰੇ ਹਿਸਾਬ ਕਿਤਾਬ ਲਗਾਏ ਜਾਂਦੇ ਹਨ ਕਿ ਕਿੰਨੇ ਪੈਸੇ ਲੱਗਣਗੇ, ਕਿੰਨੀਆਂ ਕਿਤਾਬਾਂ ਮਿਲਣਗੀਆਂ ਤੇ ਲੱਗੇ ਹੋਏ ਪੈਸੇ ਕਿਵੇਂ ਪੂਰੇ ਕਰਨੇ ਹਨ? ਅਨੇਕਾਂ ਮਾਂ ਬੋਲੀ ਦੇ ਅਜਿਹੇ ਸਪੂਤ ਵੇਖੇ ਹਨ ਜੋ ਇੱਕ ਲੈਕਚਰ ਦੇਣ ਦਾ ਲੱਖ-ਪੰਜਾਹ ਹਜ਼ਾਰ ਲੈਂਦੇ ਹਨ ਤੇ ਕਿਰਾਇਆ ਵੱਖਰਾ। ਐਨੇ ਪੈਸੇ ਲੈ ਕੇ ਵੀ ਉਮਾਂ ਬੋਲੀ ਪੰਜਾਬੀ ਦਾ ਮਹਾਨ ਬੇਟਾ'' ਖਿਤਾਬ ਸਟੇਜ ਤੋਂ ਪੂਰੇ ਢੀਠਪੁਣੇ ਨਾਲ ਪ੍ਰਾਪਤ ਕਰਦੇ ਹਨ। ਅਜਿਹੇ ਸੂਰਮੇ ਵੀ ਵੇਖੇ ਹਨ ਜੋ ਇੱਕ ਵੀ ਅੱਖਰ ਲਿਖੇ ਬਗੈਰ ਜੁਗਾੜ ਮਾਰ ਕੇ ਕੈਨੇਡਾ-ਅਮਰੀਕਾ ਤੱਕ ਆਯੋਜਿਤ ਵਿਸ਼ਵ ਪੰਜਾਬੀ ਕਾਨਫਰੰਸਾ ਵਿੱਚ ਹਿੱਸਾ ਲੈ ਆਉਂਦੇ ਹਨ। ਮੈਗਜ਼ੀਨ ਜਾਂ ਅਖਬਾਰ ਜਿੰਨੀ ਮਰਜ਼ੀ ਵਧੀਆ ਹੋਵੇ, ਜੇ ਉਹ ਪੈਸੇ ਨਹੀਂ ਦੇਂਦੇ ਤਾਂ ਆਰਟੀਕਲ ਭੇਜਣਾ ਬੰਦ ਕਰ ਦੇਂਦੇ ਹਨ।

ਪੰਜਾਬੀ ਭਾਸ਼ਾ ਸੈਂਕੜੇ ਸਾਲਾਂ ਤੋਂ ਇਸ ਜ਼ਮੀਨ 'ਤੇ ਪ੍ਰਚੱਲਿਤ ਹੈ ਅਤੇ ਦੁਨੀਆਂ ਦੇ ਅਖੀਰ ਤੱਕ ਕਾਇਮ ਰਹਿਣੀ ਹੈ। ਜਿੱਥੇ ਜਿੱਥੇ ਵੀ ਪੰਜਾਬੀ ਗਏ ਹਨ, ਉਥੇ ਹੀ ਇਸ ਨੇ ਆਪਣੀ ਮੌਜੂਦਗੀ ਦੇ ਝੰਡੇ ਗੱਡੇ ਹਨ। ਇੰਗਲੈਂਡ ਅਤੇ ਕੈਨੇਡਾ ਵਿੱਚ ਸੜਕਾਂ ਅਤੇ ਏਅਰਪੋਰਟਾਂ 'ਤੇ ਪੰਜਾਬੀ ਵਿੱਚ ਲੱਗੇ ਬੋਰਡ ਵੇਖ ਕੇ ਮਨ ਖੁਸ਼ ਹੋ ਜਾਂਦਾ ਹੈ। ਹਰੇਕ ਬੁੱਧੀਜੀਵੀ ਨੂੰ ਨਿਸ਼ਕਾਮ ਤਰੀਕੇ ਨਾਲ ਇਸ ਨੂੰ ਅਮੀਰ ਬਣਾਉਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਅਜੇ ਪੰਜਾਬੀ ਲਈ ਬਹੁਤ ਕੰਮ ਕਰਨਾ ਬਾਕੀ ਪਿਆ ਹੈ।

ਇਹ ਠੀਕ ਹੈ ਕਿ ਕਲਾਕਾਰਾਂ ਨੇ ਵੀ ਆਪਣੇ ਬੱਚੇ ਪਾਲਣੇ ਹਨ, ਪਰ ਗਰੀਬਾਂ ਅਤੇ ਬੇਸਹਾਰਿਆਂ ਦੀ ਸੇਵਾ ਲਈ ਵੀ ਕੁੱਝ ਸਮਾਂ ਕੱਢਣਾ ਚਾਹੀਦਾ ਹੈ। ਸਿਰਫ ਪੈਸੇ ਕਮਾਉਣ ਲਈ ਸਮਾਜ ਅਤੇ ਪੰਜਾਬੀ ਨੂੰ ਬਰਬਾਦ ਕਰਨ ਵਾਲਾ ਸਾਹਿਤ, ਫਿਲਮਾਂ ਅਤੇ ਗਾਣੇ ਨਹੀਂ ਲਿਖਣੇ-ਬੋਲਣੇ ਚਾਹੀਦੇ। ਸ਼ਿਵ ਕੁਮਾਰ ਬਟਾਲਵੀ ਕੋਈ ਅਸ਼ਲੀਲ ਗਾਣੇ ਗਾ ਕੇ ਅਮਰ ਨਹੀਂ ਸੀ ਹੋਇਆ।

# ਯੂਜੀਸੀ ਨੈੱਟ 'ਚ ਵੀ ਗੜਬੜ ਦਾ ਡਰ

ਨੀਟ ਦਾ ਮਾਮਲਾ ਹਾਲੇ ਸ਼ਾਂਤ ਨਹੀਂ ਹੋਇਆ ਸੀ ਕਿ ਹੁਣ ਯੂਜੀਸੀ-ਨੈੱਟ ਦੀ ਪ੍ਰੀਖਿਆ 'ਚ ਵੀ ਗੜਬੜੀਆਂ ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਲਗਾਤਾਰ ਦੋ ਪ੍ਰੀਖਿਆਵਾਂ 'ਚ ਗੜਬੜੀਆਂ ਨਾਲ ਰਾਸ਼ਟਰੀ ਪ੍ਰੀਖਿਆ ਏਜੰਸੀ (ਐੱਨਟੀਏ) 'ਤੇ ਸਵਾਲ ਉੱਠਣੇ ਲਾਜ਼ਮੀ ਹਨ। ਅਠਾਰਾਂ ਜੂਨ ਨੂੰ ਦੇਸ਼ ਭਰ ਦੇ 317 ਸ਼ਹਿਰਾਂ 'ਚ 1205 ਪ੍ਰੀਖਿਆ ਕੇਂਦਰਾਂ 'ਤੇ ਕਰਵਾਈ ਗਈ ਪ੍ਰੀਖਿਆ 'ਚ ਗੜਬੜੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਪ੍ਰੀਖਿਆ ਨਾਲ ਜਿੱਥੇ ਕਾਲਜਾਂ ਦੇ ਪ੍ਰੋਫੈਸਰਾਂ ਦੀ ਪਾਤਰਤਾ ਨਿਰਧਾਰਤ ਹੁੰਦੀ ਹੈ, ਉੱਥੇ ਹੀ ਯੂਨੀਵਰਸਿਟੀਆਂ 'ਚ ਸਹਾਇਕ ਪ੍ਰੋਫੈਸਰਾਂ ਦੀਆਂ ਪੋਸਟਾਂ 'ਤੇ ਵੀ ਨਿਯੁਕਤੀਆਂ ਹੁੰਦੀਆਂ ਹਨ।

ਜੇਕਰ ਕੋਈ ਅਧਿਆਪਕ ਗ਼ਲਤ ਤਰੀਕੇ ਨਾਲ ਪ੍ਰੀਖਿਆ ਪਾਸ ਕਰ ਕੇ ਆਵੇਗਾ ਤਾਂ ਉਹ ਵਿਦਿਆਰਥੀਆਂ ਨੂੰ ਕੀ ਪੜ੍ਹਾਏਗਾ? ਇਸ ਵਾਰ ਤਾਂ ਯੂਜੀਸੀ ਨੇ ਇਸੇ ਪ੍ਰੀਖਿਆ ਦੇ ਜ਼ਰੀਏ ਪੀਐੱਚਡੀ 'ਚ ਦਾਖ਼ਲਾ ਦੇਣ ਦਾ ਫ਼ੈਸਲਾ ਕੀਤਾ ਸੀ। ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਕਈ ਪ੍ਰੀਖਿਆਵਾਂ 'ਚ ਗੜਬੜੀਆਂ ਕਾਰਨ ਉਨ੍ਹਾਂ ਦੇ ਨਤੀਜੇ ਰੋਕਣੇ ਪਏ ਸਨ। ਹੁਣ ਯੂਜੀਸੀ-ਨੈੱਟ ਪ੍ਰੀਖਿਆ 'ਚ ਗੜਬੜੀ ਦੀਆਂ ਸ਼ਿਕਾਇਤਾਂ ਤੋਂ ਬਾਅਦ ਸਰਕਾਰ ਨੇ ਪ੍ਰੀਖਿਆ ਰੱਦ ਕਰ ਕੇ ਇਸ ਵਿਚ ਪਾਰਦਰਸ਼ਤਾ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਦਮ ਨੂੰ ਇਸ ਲਈ ਵੀ ਚੰਗਾ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਕਦਮ ਸਰਕਾਰ ਨੇ ਬਿਨਾਂ ਕਿਸੇ ਸ਼ਿਕਾਇਤ ਦੇ ਆਪਣੇ-ਆਪ ਚੁੱਕਿਆ ਹੈ। ਪਰ ਜਿਹੜੇ ਵਿਦਿਆਰਥੀ ਸਖ਼ਤ ਮਿਹਨਤ ਕਰ ਕੇ ਪ੍ਰੀਖਿਆ 'ਚ ਬੈਠੇ ਤੇ ਚੰਗੇ ਨਤੀਜੇ ਦੀ ਉਮੀਦ ਵੀ ਕਰ ਰਹੇ ਸਨ, ਉਨ੍ਹਾਂ ਨੂੰ ਦੁਬਾਰਾ ਪ੍ਰੀਖਿਆ 'ਚ ਬੈਠਣਾ ਪਵੇਗਾ। ਮਾਮਲਾ ਸੀਬੀਆਈ ਕੋਲ ਹੈ। ਜੇਕਰ ਜਾਂਚ 'ਚ ਜ਼ਿਆਦਾ ਸਮਾਂ ਲੱਗਾ ਤਾਂ ਵਿਦਿਆਰਥੀਆਂ ਦਾ ਇਕ ਸਾਲ ਬਰਬਾਦ ਹੋ ਜਾਵੇਗਾ। ਹੁਣ ਸਵਾਲ ਉੱਠਦਾ ਹੈ ਕਿ ਇਸ ਸਾਰੀ ਪ੍ਰਣਾਲੀ ਲਈ ਦੋਸ਼ੀ ਕੌਣ ਹੈ? ਅਸਲ 'ਚ ਐੱਨਟੀਏ ਕੋਲ ਵੱਡੀਆਂ ਪ੍ਰੀਖਿਆਵਾਂ ਕਰਵਾਉਣ ਦੀ ਜ਼ਿੰਮੇਵਾਰੀ ਹੈ। ਇਹ ਏਜੰਸੀ ਠੇਕੇ ਦੀ ਵਿਵਸਥਾ ਨਾਲ ਚੱਲ ਰਹੀ ਹੈ। ਇਸ ਕੋਲ ਨਾ ਤਾਂ ਆਪਣਾ ਅਮਲਾ ਹੈ ਤੇ ਨਾ ਹੀ ਕੋਈ ਮਾਹਿਰ। ਬਲਕਿ ਉਹ ਲੱਖਾਂ ਵਿਦਿਆਰਥੀਆਂ ਦੀਆਂ ਇਹ ਪ੍ਰੀਖਿਆਵਾਂ ਆਊਟਸੋਰਸਿੰਗ ਜ਼ਰੀਏ ਕਰਵਾਉਂਦੀ ਹੈ। ਇਨ੍ਹਾਂ 'ਚ ਕਈ ਅਜਿਹੀਆਂ ਏਜੰਸੀਆਂ ਵੀ ਹਨ ਜਿਨ੍ਹਾਂ ਕੋਲ ਨਾ ਤਾਂ ਪ੍ਰੀਖਿਆ ਲੈਣ ਦਾ ਤਜਰਬਾ ਹੈ ਅਤੇ ਨਾ ਹੀ ਕੋਈ ਵਸੀਲਾ। ਜੁਗਾੜ ਦੀ ਵਿਵਸਥਾ ਨਾਲ ਚੱਲ ਰਹੀ ਏਜੰਸੀ 'ਚ ਮੁਲਾਜ਼ਮਾਂ ਦੀ ਵੈਰੀਫਿਕੇਸ਼ਨ ਵੀ ਨਹੀਂ ਹੈ।

ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਏਜੰਸੀਆਂ ਨਾਲ ਕੁਝ ਗਿਰੋਹ ਜੁੜ ਗਏ ਹੋਣ ਜਿਹੜੇ ਪੇਪਰ ਲੀਕ ਵਰਗੀਆਂ ਗੜਬੜੀਆਂ ਕਰਾਉਂਦੇ ਹੋਣ। ਪਰ ਸਵਾਲ ਇਹ ਉੱਠਦਾ ਹੈ ਕਿ ਇਹ ਵਿਵਸਥਾ ਕਦੋਂ ਤੱਕ ਚੱਲੇਗੀ? ਲਗਾਤਾਰ ਗੜਬੜੀਆਂ ਨਾਲ ਲੋਕਾਂ ਦਾ ਭਰੋਸਾ ਇਨ੍ਹਾਂ ਪ੍ਰੀਖਿਆਵਾਂ ਤੋਂ ਉੱਠ ਜਾਏਗਾ। ਜਿਹੜੇ ਵਿਦਿਆਰਥੀ ਇਨ੍ਹਾਂ ਪ੍ਰੀਖਿਆਵਾਂ 'ਚੋਂ ਪਾਸ ਹੋ ਕੇ ਆਉਣਗੇ, ਲੋਕ ਉਨ੍ਹਾਂ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਣਗੇ।

ਕਈ ਯੋਗ ਵਿਦਿਆਰਥੀ ਪਿੱਛੇ ਰਹਿ ਜਾਣਗੇ ਤੇ ਕਈ ਅਯੋਗ ਅੱਗੇ ਆ ਜਾਣਗੇ। ਇਸ ਨਾਲ ਸਾਰਾ ਸਿਸਟਮ ਹੀ ਗੜਬੜਾ ਜਾਵੇਗਾ। ਲੱਖਾਂ ਵਿਦਿਆਰਥੀਆਂ ਦਾ ਭਵਿੱਖ ਖ਼ਰਾਬ ਹੋ ਜਾਵੇਗਾ। ਜਨਤਕ ਪ੍ਰੀਖਿਆਵਾਂ 'ਚ ਗੜਬੜੀਆਂ ਰੋਕਣ ਲਈ ਇਸੇ ਸਾਲ ਕਾਨੂੰਨ 'ਚ ਕੀਤੀ ਸੋਧ 'ਚ ਸਰਕਾਰ ਨੇ ਸਖ਼ਤ ਵਿਵਸਥਾਵਾਂ ਕੀਤੀਆਂ ਹਨ ਪਰ ਇਨ੍ਹਾਂ ਨੂੰ ਹੋਰ ਸਖ਼ਤ ਬਣਾਏ ਜਾਣ ਦੀ ਜ਼ਰੂਰਤ ਹੈ। ਹਾਲਾਂਕਿ ਕਾਨੂੰਨ ਤਹਿਤ ਜੇਕਰ ਕੋਈ ਏਜੰਸੀ ਪ੍ਰੀਖਿਆ 'ਚ ਗੜਬੜੀ ਕਰਦੀ ਹੈ ਤਾਂ ਉਸ ਦੀ ਜਾਇਦਾਦ ਜ਼ਬਤ ਕਰਨ ਤੱਕ ਦੀ ਵਿਵਸਥਾ ਹੈ। ਸਿਰਫ਼ ਕੁਝ ਲੋਕਾਂ ਨੂੰ ਸਜ਼ਾ ਦੇਣ ਨਾਲ ਹੀ ਮਸਲੇ ਦਾ ਹੱਲ ਨਹੀਂ ਹੋਣਾ ਬਲਕਿ ਸਿਸਟਮ ਨੂੰ ਦਰੁਸਤ ਕਰਨ ਦੀ ਲੋੜ ਹੋਵੇਗੀ। ਸਭ ਤੋਂ ਪਹਿਲਾਂ ਤਾਂ ਐੱਨਟੀਏ ਦੇ ਅਧਿਕਾਰੀ ਉਸੇ ਏਜੰਸੀ ਨੂੰ ਠੇਕਾ ਦੇਣ ਜਿਸ ਦੀ ਭਰੋਸੇਯੋਗਤਾ ਹੋਵੇ।

# ਅਗਨੀਪਥ ਸਕੀਮ ਦੀ ਸਮੀਖਿਆ ਜ਼ਰੂਰੀ ਕਿਉਂ?

**(ਸਫਾ 11 ਦੀ ਬਾਕੀ)**

ਹੋਣਗੇ। ਸਾਰੇ ਫ਼ੌਜੀ 30 ਦਿਨਾਂ ਦੀ ਆਮ ਛੁੱਟੀ ਤੋਂ ਇਲਾਵਾ ਸਾਲ ਵਿੱਚ ਦੋ ਮਹੀਨਿਆਂ ਦੀ ਛੁੱਟੀ ਦੇ ਹੱਕਦਾਰ ਹੁੰਦੇ ਹਨ ਪਰ ਫਿਲਹਾਲ ਇਹ ਸਪਸ਼ਟ ਨਹੀਂ ਹੈ ਕਿ ਇਹ ਸਕੀਮ ਕਿੰਨੀ ਸਫ਼ਲ ਸਾਬਿਤ ਹੋਈ ਹੈ।

ਉਸ ਸਮੇਂ ਬਹੁਤ ਸਾਰੇ ਵੈਟਰਨਾਂ ਨੇ ਕਿਹਾ ਸੀ ਕਿ ਇਹ ਯੋਜਨਾ ਸੈਨਾਵਾਂ 'ਤੇ ਠੋਸੀ ਗਈ ਹੈ ਅਤੇ ਇਸ ਦੇ ਨਿਰਦੇਸ਼ ਰੱਖਿਆ ਮੰਤਰਾਲੇ ਵੱਲੋਂ ਇਸ ਲਿਹਾਜ਼ ਨਾਲ ਘੜੇ ਗਏ ਹਨ ਕਿ ਇਹ ਸਵੈਇੱਛਕ ਯੋਜਨਾ ਜਾਪੇ ਤਾਂ ਕਿ ਵਿਰੋਧ ਪ੍ਰਦਰਸ਼ਨਾਂ ਤੇ ਅਦਾਲਤੀ ਕੇਸਾਂ ਤੋਂ ਬਚਿਆ ਜਾ ਸਕੇ। ਸੰਖੇਪ ਵਿੱਚ ਕਿਹਾ ਜਾਵੇ ਤਾਂ ਸੱਤਾਧਾਰੀ ਪਾਰਟੀ ਵੱਲੋਂ ਆਪਣੇ ਸਿਆਸੀ ਹਿੱਤਾਂ ਨੂੰ ਅਗਾਂਹ ਵਧਾਉਣ ਅਤੇ ਦੇਸ਼ ਦੇ ਫ਼ੌਜੀ ਬਲਾਂ ਰਾਹੀਂ ਆਪਣੇ ਸੰਦੇਸ਼ ਨੂੰ ਫੈਲਾਉਣ ਲਈ ਇਸ ਕਹਾਵਤ ਨੂੰ ਰੱਜ ਕੇ ਵਰਤਿਆ ਗਿਆ ਕਿ 'ਫ਼ੌਜੀ ਕਦੇ ਵੀ ਛੁੱਟੀ 'ਤੇ ਨਹੀਂ ਹੁੰਦਾ।'

ਇਸ ਦੇ ਨਾਲ ਹੀ ਰੱਖਿਆ ਮੰਤਰਾਲੇ ਨੇ ਆਪਣੇ ਵੱਖ-ਵੱਖ ਵਿਭਾਗਾਂ ਤੇ ਸਬੰਧਿਤ ਸੰਗਠਨਾਂ ਨੂੰ ਹੁਕਮ ਦੇ ਕੇ ਜੀਓ-ਟੈਗ ਵਾਲੇ 'ਸੈਲਫੀ ਪੁਆਇੰਟ' ਲਾਉਣ ਦਾ ਹੁਕਮ ਵੀ ਦਿੱਤਾ ਸੀ ਜਿਸ ਦਾ ਮੰਤਵ ਫ਼ੌਜ ਦੇ ਅਧਿਕਾਰ ਖੇਤਰ ਵਿੱਚ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਭਾਰਨਾ ਸੀ। ਤਜਵੀਜ਼ਤ ਕਰੀਬ 820 ਸੈਲਫੀ ਪੁਆਇੰਟ, ਜਿਨ੍ਹਾਂ 'ਤੇ ਜ਼ਿਆਦਾਤਰ ਪ੍ਰਧਾਨ ਮੰਤਰੀ ਮੋਦੀ ਦੀ ਤਸਵੀਰ ਸੀ, ਰੱਖਿਆ ਖੇਤਰ ਦੀਆਂ ਸਰਕਾਰੀ ਕੰਪਨੀਆਂ 'ਤੇ ਕੇਂਦਰਿਤ ਸਨ। ਇਨ੍ਹਾਂ ਸਰਕਾਰੀ ਇਕਾਈਆਂ ਵਿੱਚ ਸਰਹੱਦੀ ਸੜਕ ਸੰਗਠਨ (ਬੀਆਰਓ), ਤੱਟ ਰੱਖਿਅਕ, ਰੱਖਿਆ ਖੋਜ ਤੇ ਵਿਕਾਸ ਸੰਗਠਨ (ਡੀਆਰਡੀਓ), ਸੈਨਿਕ ਸਕੂਲ ਤੇ ਨੈਸ਼ਨਲ ਕੈਡੇਟ ਕੋਰ (ਐੱਨਸੀਸੀ) ਅਤੇ ਹੋਰ ਸਬੰਧਿਤ ਸੰਗਠਨ ਸ਼ਾਮਿਲ ਸਨ। ਆਪਣੇ ਹੁਕਮ ਵਿੱਚ ਰੱਖਿਆ ਮੰਤਰਾਲੇ ਨੇ ਕਿਹਾ ਸੀ ਕਿ ਇਹ 'ਸੈਲਫੀ ਪੁਆਇੰਟ' ਅਜਿਹੀਆਂ ਪ੍ਰਮੁੱਖ ਥਾਵਾਂ 'ਤੇ ਵੀ ਹੋਣੇ ਚਾਹੀਦੇ ਹਨ ਜਿੱਥੇ ''ਆਵਾਜਾਈ ਵੱਧ ਹੈ ਅਤੇ ਲੋਕਾਂ ਦਾ ਧਿਆਨ ਖਿੱਚਣ ਦੀ ਸੰਭਾਵਨਾ ਜ਼ਿਆਦਾ ਹੈ'', ਜਿਵੇਂ ਕਿ ਜੰਗੀ ਯਾਦਗਾਰਾਂ, ਰੇਲ ਤੇ ਮੈਟਰੋ ਸਟੇਸ਼ਨ, ਬੱਸ ਤੇ ਹਵਾਈ ਅੱਡੇ, ਸ਼ਾਪਿੰਗ ਮਾਲਜ਼, ਸਕੂਲ, ਕਾਲਜ ਤੇ ਇੱਥੋਂ ਤੱਕ ਕਿ ਮੇਲਿਆਂ ਦੇ ਇਕੱਠ ਆਦਿ। ਮੰਤਰਾਲੇ ਨੇ ਇੱਕ 'ਫੀਡਬੈਕ' ਢਾਂਚੇ ਦਾ ਸੁਝਾਅ ਵੀ ਦਿੱਤਾ ਸੀ ਜਿਸ ਵਿੱਚ ਇੱਕ ਵਿਸ਼ੇਸ਼ ਮੋਬਾਈਲ ਐਪ ਸ਼ਾਮਲ ਸੀ ਜੋ ਲੋਕਾਂ ਨੂੰ ਸੈਲਫੀਆਂ ਅਪਲੋਡ ਕਰਨ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੋਸਟ ਕਰਨ ਦੇ ਸਮਰੱਥ ਬਣਾਏ ਤਾਂ ਕਿ ਚੁਣਾਵੀ ਮਾਹੌਲ 'ਚ ਸੱਤਾਧਾਰੀ ਪਾਰਟੀ ਦਾ ਸੁਨੇਹਾ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ। ਕਈ ਸਾਬਕਾ ਸੈਨਿਕਾਂ ਨੇ ਪਛਾਣ ਦਾ ਖੁਲਾਸਾ ਨਾ ਕਰਨ ਦੀ ਸ਼ਰਤ 'ਤੇ, ਪ੍ਰੋਜੈਕਟ 'ਉਦਭਵ' ਦੀ ਆਲੋਚਨਾ ਕੀਤੀ ਸੀ। ਪਿਛਲੇ ਸਾਲ ਲਾਂਚ ਕੀਤੇ ਗਏ ਇਸ ਪ੍ਰਾਜੈਕਟ ਦਾ ਮਕਸਦ 'ਪੁਰਾਤਨ ਸਮਝ ਨੂੰ ਵਰਤਮਾਨ ਫ਼ੌਜੀ ਕਿਰਿਆਵਾਂ ਨਾਲ ਮੇਲਣਾ ਸੀ ਤਾਂ ਕਿ ਆਧੁਨਿਕ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਵਿਲੱਖਣ ਤੇ ਸੰਪੂਰਨ ਪਹੁੰਚ ਘੜੀ ਜਾ ਸਕੇ।'' ਸੈਨਾ ਤੇ ਥਿੰਕ ਟੈਂਕ 'ਯੂਨਾਈਟਿਡ ਸਰਵਿਸਿਜ਼ ਇੰਸਟੀਟਿਊਸ਼ਨ' ਦਾ ਇਹ ਸਾਂਝਾ ਉੱਦਮ ਭਾਰਤ ਦੀ 5,000 ਸਾਲ ਪੁਰਾਣੀ ਸਭਿਆਚਾਰਕ ਵਿਰਾਸਤ ਦਾ ਲਾਹਾ ਲੈਣ ਵੱਲ ਸੇਧਿਤ ਸੀ ਜਿਸ ਰਾਹੀਂ 'ਆਧੁਨਿਕ ਸਮਿਆਂ 'ਚ ਇਸ ਸੱਭਿਅਤਾ ਦੇ ਟਿਕਾਊ ਜੁੜਾਓ, ਯੋਗਤਾ ਅਤੇ ਵਿਹਾਰਕਤਾ ਨੂੰ ਸਮਝਿਆ ਜਾਣਾ ਸੀ'' ਜੋ ਕਿ ਭਾਰਤ ਦੀ ਪੁਰਾਤਨ ਸ਼ਾਨ ਨੂੰ ਵਰਤਣ ਦੇ ਭਾਜਪਾ ਦੇ ਝੁਕਾਅ ਮੁਤਾਬਿਕ ਵੀ ਸੀ।

ਇਸ 'ਚ ਚਾਣਕਿਆ (ਅਰਥਸ਼ਾਸਤਰ), ਮੌਰੀਆ ਕਾਲ ਤੋਂ ਬਾਅਦ ਦੇ ਕਮੰਡਕਾ (ਨੀਤੀਸਾਰ) ਤੇ ਤਾਮਿਲ ਸੰਤ-ਕਵੀ ਤਿਰੂਵੱਲੂਵਰ (ਤਿਰੂਕੁਰਲ) ਦੀਆਂ ਲਿਖਤਾਂ ਦਾ ਅਧਿਐਨ, ਪਰਖ਼ ਤੇ ਮੁਲਾਂਕਣ ਸ਼ਾਮਿਲ ਸੀ ਜਿਨ੍ਹਾਂ ਰਚਨਾਵਾਂ ਬਾਰੇ ਪ੍ਰੈੱਸ ਸੂਚਨਾ ਬਿਊਰੋ (ਪੀਆਈਬੀ) ਨੇ ਵੀ ਕਿਹਾ ਸੀ ਕਿ ਇਹ 'ਆਧੁਨਿਕ ਸੈਨਿਕ ਨੀਤੀ ਜ਼ਾਬਤੇ ਜਾਂ ਮਹਿਜ਼ ਜੰਗ ਅਤੇ ਜਨੇਵਾ ਕਨਵੈਨਸ਼ਨ ਦੇ ਸਿਧਾਤਾਂ ਮੁਤਾਬਿਕ ਢੁੱਕਵੀਆਂ ਹਨ।''

ਪੀਆਈਬੀ ਨੇ ਤਾਂ ਇਹ ਵੀ ਆਖ ਦਿੱਤਾ ਕਿ 'ਉਦਭਵ' ਫ਼ੌਜ ਵੱਲੋਂ ਸ਼ੁਰੂ ਕੀਤੀ ਗਈ ਇੱਕ ਦੂਰਦ੍ਰਿਸ਼ਟੀ ਵਾਲੀ ਅਜਿਹੀ ਪਹਿਲ ਹੈ ਜਿਸ ਰਾਹੀਂ ਰਣਨੀਤਕ ਸੋਚ, ਰਾਜਕਲਾ ਅਤੇ ਯੁੱਧ ਕੌਸ਼ਲ ਨੂੰ ਵਧਾਉਣ ਤੋਂ ਇਲਾਵਾ ਪੁਰਾਤਨ ਸਿਆਣਪ ਨੂੰ ਸਮਕਾਲੀ ਫ਼ੌਜੀ ਅਧਿਆਪਨ ਨਾਲ ਇੱਕਮਿਕ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੰਖੇਪ ਵਿੱਚ ਸਰਕਾਰ ਮੁਤਾਬਕ 'ਉਦਭਵ' ਦਾ ਮੰਤਵ ਫ਼ੌਜੀ ਮਾਮਲਿਆਂ ਪ੍ਰਤੀ ਗਹਿਰੀ ਸਮਝ ਵਿਕਸਤ ਕਰਨਾ ਅਤੇ ਫ਼ੌਜੀ ਪਾਠਕ੍ਰਮ ਨੂੰ ਹੋਰ ਜ਼ਿਆਦਾ ਪੁਖ਼ਤਾ ਬਣਾਉਣਾ ਸੀ।

ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਇਨ੍ਹਾਂ ਸਿਆਸੀ ਅਤੇ ਵਿਵਾਦਪੂਰਨ ਕਾਰਜਾਂ ਅਤੇ ਨੌਕਰੀ ਕਰ ਰਹੇ ਕਰਮੀਆਂ ਤੋਂ ਇਸ ਪ੍ਰਚਾਰ ਮੁਹਿੰਮ ਨੂੰ ਲਾਗੂ ਕਰਨ ਦੀ ਪਿਰਤ 'ਤੇ ਕਿੰਤੂ ਕਰਨ ਦਾ ਜ਼ਿੰਮਾ ਵੈਟਰਨਾਂ ਦੇ ਮੋਢਿਆਂ 'ਤੇ ਛੱਡ ਦਿੱਤਾ ਗਿਆ ਹੈ। ਸ਼ਾਇਦ ਚੁਣਾਵੀ ਫ਼ਤਵੇ ਤੋਂ ਬਾਅਦ ਇਹ ਦੋਵੇਂ ਖੇਤਰ ਕੁਝ ਕੁ ਰਾਹਤ ਮਹਿਸੂਸ ਕਰ ਰਹੇ ਹੋਣਗੇ।

# ਸਵਾਲਾਂ ਦੇ ਘੇਰੇ 'ਚ ਆਈਆਂ ਮੁਕਾਬਲਾ ਪ੍ਰੀਖਿਆਵਾਂ



ਸੰਜੇ ਗੁਪਤ

ਮੈਡੀਕਲ ਕਾਲਜਾਂ ਵਿਚ ਦਾਖ਼ਲੇ ਦੀ ਪ੍ਰੀਖਿਆ ਯਾਨੀ ਨੀਟ ਵਿਚ ਬੇਨਿਯਮੀਆਂ ਨੂੰ ਲੈ ਕੇ ਉੱਠੇ ਸਵਾਲ ਹਾਲੇ ਸ਼ਾਂਤ ਵੀ ਨਹੀਂ ਹੋਏ ਸਨ ਕਿ ਨੈਸ਼ਨਲ ਟੈਸਟਿੰਗ ਏਜੰਸੀ ਅਰਥਾਤ ਐੱਨਟੀਏ ਵੱਲੋਂ ਕਰਵਾਈ ਗਈ ਯੂਜੀਸੀ-ਨੈੱਟ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਦਾ ਮਾਮਲਾ ਸਾਹਮਣੇ ਆ ਗਿਆ। ਇਸ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਕਿਉਂਕਿ ਇੰਟਰਨੈੱਟ ਮੀਡੀਆ ਵਿਚ ਦੇਖੇ ਗਏ, ਇਸ ਲਈ ਉਸ ਨੂੰ ਰੱਦ ਕਰਨਾ ਪਿਆ। ਇਸ ਵਰਤਾਰੇ ਕਾਰਨ ਕੇਂਦਰ ਸਰਕਾਰ ਨੂੰ ਬਹੁਤ ਜ਼ਿਆਦਾ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਤੋਂ ਬਾਅਦ ਇਕ ਹੋਰ ਪ੍ਰੀਖਿਆ ਸੀਐੱਸਆਈਆਰ-ਨੈੱਟ ਨੂੰ ਉਸ ਦੇ ਆਯੋਜਨ ਤੋਂ ਪਹਿਲਾਂ ਇਸ ਲਈ ਮੁਲਤਵੀ ਕਰਨਾ ਪਿਆ ਕਿਉਂਕਿ ਉਸ ਵਿਚ ਵੀ ਗੜਬੜੀ ਦਾ ਖ਼ਦਸ਼ਾ ਪਾਇਆ ਗਿਆ। ਐੱਨਟੀਏ ਵੱਲੋਂ ਹੀ ਕਰਵਾਈ ਜਾਣ ਵਾਲੀ ਇਸ ਪ੍ਰੀਖਿਆ 'ਚ ਦੋ ਲੱਖ ਵਿਦਿਆਰਥੀਆਂ ਨੇ ਬੈਠਣਾ ਸੀ। ਯੂਜੀਸੀ-ਨੈੱਟ ਪ੍ਰੀਖਿਆ ਵਿਚ ਨੌਂ ਲੱਖ ਤੋਂ ਵੱਧ ਵਿਦਿਆਰਥੀ ਬੈਠੇ ਸਨ। ਹੁਣ ਉਨ੍ਹਾਂ ਨੂੰ ਦੁਬਾਰਾ ਪ੍ਰੀਖਿਆ ਦੇਣੀ ਪਵੇਗੀ।

ਆਖ਼ਰ ਉਨ੍ਹਾਂ ਦੇ ਸਮੇਂ ਅਤੇ ਸੋਮਿਆਂ ਦੀ ਜੋ ਬਰਬਾਦੀ ਹੋਈ, ਉਸ ਦੀ ਭਰਪਾਈ ਕਿਵੇਂ ਹੋਵੇਗੀ? ਇਸ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਦੇ ਲੀਕ ਹੋਣ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਹੈ ਪਰ ਇਸ ਦੇ ਦੋਸ਼ੀ ਕਦੋਂ ਫੜੇ ਜਾਣਗੇ ਅਤੇ ਕਦ ਸਜ਼ਾ ਦਿੱਤੀ ਜਾਵੇਗੀ, ਇਹ ਇਕ ਵੱਡਾ ਸਵਾਲ ਹੈ। ਇਹ ਨਿਰਾਸ਼ਾਜਨਕ ਹੈ ਕਿ ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਲੀਕ ਕਰਨ ਵਾਲੇ ਗਿਰੋਹ ਤਾਂ ਮਜ਼ਬੂਤ ਹੁੰਦੇ ਜਾ ਰਹੇ ਹਨ ਪਰ ਉਨ੍ਹਾਂ 'ਤੇ ਲਗਾਮ ਕੱਸਣ ਵਾਲੇ ਉਪਰਾਲੇ ਬੇਅਸਰ ਸਿੱਧ ਹੋ ਰਹੇ ਹਨ। ਜਿਸ ਤਰ੍ਹਾਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਭੰਗ ਕਰਨ ਵਾਲੇ ਬੇਲਗਾਮ ਹਨ, ਉਸੇ ਤਰ੍ਹਾਂ ਨਕਲ ਮਾਫ਼ੀਆ ਵੀ। ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਸਕੂਲੀ ਅਤੇ ਯੂਨੀਵਰਸਿਟੀ ਪੱਧਰ ਦੀਆਂ ਪ੍ਰੀਖਿਆਵਾਂ ਵਿਚ ਨਕਲ ਦਾ ਰੋਗ ਵਧਦਾ ਜਾ ਰਿਹਾ ਹੈ।

ਇਹ ਠੀਕ ਹੈ ਕਿ ਨਵੀਂ ਸਿੱਖਿਆ ਨੀਤੀ 'ਤੇ ਅਮਲ ਕੀਤਾ ਜਾ ਰਿਹਾ ਹੈ ਪਰ ਕੋਈ ਠੋਸ ਪ੍ਰੀਖਿਆ ਨੀਤੀ ਕਿਉਂ ਨਹੀਂ ਬਣ ਪਾ ਰਹੀ ਹੈ, ਜਿਸ ਨਾਲ ਸਕੂਲੀ ਪ੍ਰੀਖਿਆਵਾਂ ਤੋਂ ਲੈ ਕੇ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਕਾਇਮ ਹੋ ਸਕੇ।

ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਇਸ ਲਈ ਵੀ ਲੀਕ ਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਲੀਕ ਕਰਵਾਉਣ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਾ ਡਰ ਨਹੀਂ ਹੈ। ਫ਼ਿਲਹਾਲ ਇਹ ਕਹਿਣਾ ਮੁਸ਼ਕਲ ਹੈ ਕਿ ਨੀਟ ਦਾ ਦੁਬਾਰਾ ਆਯੋਜਨ ਹੁੰਦਾ ਹੈ ਜਾਂ ਨਹੀਂ ਪਰ ਜਦ ਤੱਕ ਇਹ ਤੈਅ ਨਹੀਂ ਹੁੰਦਾ, ਉਦੋਂ ਤੱਕ ਕਰੀਬ 24 ਲੱਖ ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਦੁਚਿੱਤੀ ਵਿਚ ਹੀ ਰਹਿਣਗੇ।

ਪਹਿਲਾਂ ਨੀਟ, ਫਿਰ ਯੂਜੀਵੀ-ਨੈੱਟ ਅਤੇ ਸੀਐੱਸਆਈਆਰ-ਨੈੱਟ ਪ੍ਰੀਖਿਆ ਮਾਮਲੇ ਨੇ ਐੱਨਟੀਏ ਦੀ ਸਾਖ਼ ਨੂੰ ਢਾਹ ਲਗਾਉਣ ਦਾ ਕੰਮ ਕੀਤਾ ਹੈ। ਇਹ ਮੰਦਭਾਗਾ ਹੈ ਕਿ ਇਸ ਸੰਸਥਾ ਦਾ ਗਠਨ ਇਸ ਲਈ ਕੀਤਾ ਗਿਆ ਸੀ ਕਿ ਪ੍ਰਤੀਯੋਗੀ ਪ੍ਰੀਖਿਆਵਾਂ ਕਰਵਾਉਣ ਵਿਚ ਕੋਈ ਗੜਬੜ ਨਾ ਹੋ ਸਕੇ ਅਤੇ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਬਣੀ ਰਹੇ ਪਰ ਅਜਿਹਾ ਨਹੀਂ ਹੋ ਪਾ ਰਿਹਾ ਹੈ। ਜਦ ਪ੍ਰਤੀਯੋਗੀ ਪ੍ਰੀਖਿਆਵਾਂ




ਵਿਚ ਗੜਬੜੀ ਕਾਰਨ ਲੱਖਾਂ ਵਿਦਿਆਰਥੀਆਂ ਨੂੰ ਪਰੇਸ਼ਾਨੀ ਝੱਲਣੀ ਪੈਂਦੀ ਹੈ ਤਾਂ ਉਨ੍ਹਾਂ ਦਾ ਸਰਕਾਰ ਤੋਂ ਭਰੋਸਾ ਉੱਠਦਾ ਹੈ।

ਪ੍ਰਸ਼ਨ ਪੱਤਰ ਲੀਕ ਹੋਣ ਦੀਆਂ ਘਟਨਾਵਾਂ ਨੌਜਵਾਨ ਵਰਗ ਵਿਚ ਅਸੰਤੋਸ਼ ਪੈਦਾ ਕਰ ਰਹੀਆਂ ਹਨ। ਅਜਿਹੀਆਂ ਘਟਨਾਵਾਂ ਕਿਉਂਕਿ ਲਗਾਤਾਰ ਵਾਪਰ ਰਹੀਆਂ ਹਨ, ਇਸ ਲਈ ਨੌਜਵਾਨ ਵਰਗ ਦੀ ਅਸੰਤੁਸ਼ਟੀ ਵਧਦੀ ਜਾ ਰਹੀ ਹੈ। ਇਸ ਅਸੰਤੁਸ਼ਟੀ ਦਾ ਸਾਹਮਣਾ ਸਰਕਾਰਾਂ ਨੂੰ ਕਰਨਾ ਪੈਂਦਾ ਹੈ। ਸਮੱਸਿਆ ਇਹ ਹੈ ਕਿ ਸਰਕਾਰਾਂ ਨੌਕਰਸ਼ਾਹਾਂ ਨੂੰ ਜਵਾਬਦੇਹ ਨਹੀਂ ਬਣਾ ਪਾ ਰਹੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਸੂਬਿਆਂ ਤੇ ਕੇਂਦਰ ਵੱਲੋਂ ਆਯੋਜਿਤ ਸ਼ਾਇਦ ਹੀ ਅਜਿਹੀ ਕੋਈ ਪ੍ਰਤੀਯੋਗੀ ਪ੍ਰੀਖਿਆ ਹੋਵੇ ਜਿਸ ਦੇ ਪ੍ਰਸ਼ਨ ਪੱਤਰ ਲੀਕ ਨਾ ਹੋਏ ਹੋਣ ਜਾਂ ਫਿਰ ਉਨ੍ਹਾਂ ਦੇ ਨਤੀਜੇ ਨੂੰ ਲੈ ਕੇ ਸ਼ੱਕ ਨਾ ਉਪਜੇ ਹੋਣ। ਇਕ ਤੋਂ ਬਾਅਦ ਇਕ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ 'ਤੇ ਰਾਜਨੀਤਕ ਪਾਰਟੀਆਂ ਇਕ-ਦੂਜੀ ਨੂੰ ਕਟਹਿਰੇ ਵਿਚ ਤਾਂ ਖੜ੍ਹਾ ਕਰਦੀਆਂ ਹਨ ਪਰ ਇਸ ਮਾਮਲੇ ਵਿਚ ਸਾਰੀਆਂ ਪਾਰਟੀਆਂ ਅਤੇ ਉਨ੍ਹਾਂ ਦੀਆਂ ਸਰਕਾਰਾਂ ਦਾ ਹਾਲ ਇੱਕੋ ਜਿਹਾ ਹੈ।

ਕਰੀਬ-ਕਰੀਬ ਸਾਰੇ ਸੂਬਿਆਂ ਵਿਚ ਪ੍ਰਸ਼ਨ ਪੱਤਰ ਲੀਕ ਹੋ ਚੁੱਕੇ ਹਨ। ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਗੜਬੜੀ ਰੋਕਣ ਲਈ ਕੇਂਦਰ ਸਰਕਾਰ ਨੇ ਇਕ ਸਖ਼ਤ ਕਾਨੂੰਨ ਬਣਾ ਦਿੱਤਾ ਹੈ। ਕੁਝ ਸੂਬਾ ਸਰਕਾਰਾਂ ਵੀ ਸਖ਼ਤ ਕਾਨੂੰਨ ਬਣਾ ਰਹੀਆਂ ਹਨ। ਅਜਿਹਾ ਹੋਣਾ ਹੀ ਚਾਹੀਦਾ ਹੈ ਪਰ ਕੀ ਸਿਰਫ਼ ਸਖ਼ਤ ਕਾਨੂੰਨ ਪ੍ਰਸ਼ਨ ਪੱਤਰ ਲੀਕ ਕਰਨ ਵਾਲਿਆਂ ਦੀ ਹਿਮਾਕਤ ਦਾ ਦਮਨ ਕਰਨ 'ਚ ਕਾਮਯਾਬ ਸਿੱਧ ਹੋ ਸਕਣਗੇ?

ਇਹ ਪ੍ਰਸ਼ਨ ਇਸ ਲਈ ਹੈ ਕਿਉਂਕਿ ਹਾਲੇ ਤੱਕ ਜਿਨ੍ਹਾਂ ਨੇ ਪ੍ਰਸ਼ਨ ਪੱਤਰ ਲੀਕ ਕਰਨ-ਕਰਵਾਉਣ ਦਾ ਕੰਮ ਕੀਤਾ, ਉਨ੍ਹਾਂ ਨੂੰ ਸਖ਼ਤ ਸਜ਼ਾ ਨਹੀਂ ਦਿੱਤੀ ਜਾ ਸਕੀ ਹੈ। ਪ੍ਰਤੀਯੋਗੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਇਸ ਲਈ ਲੀਕ ਹੋ ਰਹੇ ਹਨ ਕਿਉਂਕਿ ਉਨ੍ਹਾਂ ਦਾ ਆਯੋਜਨ ਕਰਵਾਉਣ ਵਾਲੀਆਂ ਸੰਸਥਾਵਾਂ ਆਪਣਾ ਕੰਮ ਪੁਰਾਣੇ ਤਰੀਕਿਆਂ ਨਾਲ ਕਰਦੀਆਂ ਹਨ। ਪ੍ਰਸ਼ਨ ਪੱਤਰ ਲੀਕ ਹੋਣ ਦੇ ਮਾਮਲੇ ਇਸ ਲਈ ਵਧ ਰਹੇ ਹਨ ਕਿਉਂਕਿ ਪ੍ਰੀਖਿਆਵਾਂ ਦੇ ਆਯੋਜਨ ਵਿਚ ਬਾਹਰ ਦੀਆਂ ਏਜੰਸੀਆਂ ਦੀ ਮਦਦ ਲਈ ਜਾ ਰਹੀ ਹੈ। ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਇਨ੍ਹਾਂ ਏਜੰਸੀਆਂ ਦੇ ਲੋਕ ਹੀ ਪੈਸਾ ਕਮਾਉਣ ਲਈ ਧਾਂਦਲੀ ਕਰਦੇ ਅਤੇ ਕਰਵਾਉਂਦੇ ਹਨ।

ਸਮਝਣਾ ਮੁਸ਼ਕਲ ਹੈ ਕਿ ਪ੍ਰਤੀਯੋਗੀ ਪ੍ਰੀਖਿਆਵਾਂ ਦਾ ਸੰਚਾਲਨ ਬਾਹਰ ਦੀਆਂ ਏਜੰਸੀਆਂ ਦੀ ਮਦਦ ਨਾਲ ਕਿਉਂ ਕਰਵਾਇਆ ਜਾਂਦਾ ਹੈ ਅਤੇ ਉਹ ਵੀ ਠੇਕੇ 'ਤੇ। ਜਦ ਤੱਕ ਠੇਕੇ 'ਤੇ ਪ੍ਰੀਖਿਆਵਾਂ ਕਰਵਾਈਆਂ ਜਾਂਦੀਆਂ ਰਹਿਣਗੀਆਂ, ਉਦੋਂ ਤੱਕ ਉਨ੍ਹਾਂ ਦੀ ਭਰੋਸੇਯੋਗਤਾ ਭੰਗ ਹੁੰਦੀ ਰਹੇਗੀ।

ਇਸ ਸਭ ਨਾਲ ਸਰਕਾਰਾਂ ਦੀ ਭਰੋਸੇਯੋਗਤਾ ਵੀ ਵੱਡੇ ਪੱਧਰ 'ਤੇ ਦਾਅ 'ਤੇ ਲੱਗਦੀ ਰਹੇਗੀ ਅਤੇ ਉਨ੍ਹਾਂ ਨੂੰ ਵੀ ਸ਼ੱਕ ਦੇ ਦਾਇਰੇ ਵਿਚ ਲਿਆਂਦਾ ਜਾਂਦਾ ਰਹੇਗਾ। ਇਹ ਸਥਿਤੀ ਸਰਕਾਰਾਂ ਲਈ ਬਹੁਤ ਮੰਦਭਾਗੀ ਹੋਵੇਗੀ। ਪ੍ਰਸ਼ਨ ਪੱਤਰ ਲੀਕ ਹੋਣ ਦਾ ਇਕ ਵੱਡਾ ਕਾਰਨ ਉਨ੍ਹਾਂ ਨੂੰ ਪਹਿਲਾਂ ਤੋਂ ਤਿਆਰ ਕਰ ਕੇ ਛਾਪਣਾ ਅਤੇ ਫਿਰ ਉਨ੍ਹਾਂ ਨੂੰ ਵੱਖ-ਵੱਖ ਸ਼ਹਿਰਾਂ ਵਿਚ ਭੇਜਣ ਦੀ ਰਵਾਇਤ ਹੈ। ਕਈ ਵਾਰ ਇਸੇ ਪ੍ਰਕਿਰਿਆ ਵਿਚ ਕਿਤੇ ਨਾ ਕਿਤੇ ਸੰਨ੍ਹਮਾਰੀ ਹੋ ਜਾਂਦੀ ਹੈ। ਆਖ਼ਰ ਅੱਜ ਦੇ ਇਸ ਤਕਨੀਕੀ ਯੁੱਗ ਵਿਚ ਪੁਰਾਣੇ ਤੌਰ-ਤਰੀਕਿਆਂ ਨਾਲ ਪ੍ਰੀਖਿਆਵਾਂ ਕਿਉਂ ਕਰਵਾਈਆਂ ਜਾਂਦੀਆਂ ਹਨ? ਅਜਿਹਾ ਕਿਉਂ ਨਹੀਂ ਹੋ ਸਕਦਾ ਕਿ ਪ੍ਰਸ਼ਨ ਪੱਤਰਾਂ ਨੂੰ ਪਹਿਲਾਂ ਤੋਂ ਛਾਪਣ ਅਤੇ ਸ਼ਹਿਰ-ਸ਼ਹਿਰ ਭੇਜਣ ਦੀ ਥਾਂ ਉਨ੍ਹਾਂ ਨੂੰ ਪ੍ਰੀਖਿਆ ਹੋਣ ਤੋਂ ਕੁਝ ਘੰਟੇ ਪਹਿਲਾਂ ਅੰਤਿਮ ਰੂਪ ਦਿੱਤਾ ਜਾਵੇ ਅਤੇ ਫਿਰ ਉਨ੍ਹਾਂ ਨੂੰ ਸੂਚਨਾ-ਤਕਨੀਕ ਜ਼ਰੀਏ ਸਬੰਧਤ ਕੇਂਦਰਾਂ ਵਿਚ ਭੇਜਿਆ ਜਾਵੇ।

ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਪ੍ਰੀਖਿਆ ਕੇਂਦਰਾਂ 'ਚ ਹੀ ਪ੍ਰਸ਼ਨ ਪੱਤਰ ਦੀਆਂ ਕਾਪੀਆਂ ਕੱਢਣ ਦੀ ਵਿਵਸਥਾ ਕੀਤੀ ਜਾਵੇ ਤਾਂ ਪ੍ਰੀਖਿਆਵਾਂ ਵਿਚ ਸੰਨ੍ਹਮਾਰੀ ਰੋਕੀ ਜਾ ਸਕਦੀ ਹੈ। ਬੇਸ਼ੱਕ ਪ੍ਰੀਖਿਆਵਾਂ ਦੀ ਪਾਕੀਜ਼ਗੀ ਬਣਾਈ ਰੱਖਣ ਲਈ ਇਹ ਵੀ ਜ਼ਰੂਰੀ ਹੈ ਕਿ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਕੰਪਿਊਟਰ ਜ਼ਰੀਏ ਕਰਵਾਈਆਂ ਜਾਣ। ਅੱਜ ਜਦ ਭਾਰਤ ਡਿਜੀਟਲ ਕ੍ਰਾਂਤੀ ਦਾ ਝੰਡਾਬਰਦਾਰ ਹੈ ਉਦੋਂ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਕੰਪਿਊਟਰ ਨਾਲ ਕਿਉਂ ਨਹੀਂ ਹੋ ਸਕਦੀਆਂ?

ਅੱਜ ਪੈੱਨ-ਕਾਪੀ ਜ਼ਰੀਏ ਪ੍ਰਤੀਯੋਗੀ ਪ੍ਰੀਖਿਆਵਾਂ ਲੈਣ ਦਾ ਕੀ ਮਤਲਬ ਹੈ? ਪ੍ਰਸ਼ਨ ਇਹ ਵੀ ਹੈ ਕਿ ਪ੍ਰਸ਼ਨ ਪੱਤਰਾਂ ਦੇ ਕਈ ਸੈੱਟ ਕਿਉਂ ਨਹੀਂ ਬਣਾਏ ਜਾਂਦੇ ਤਾਂ ਕਿ ਜੇ ਕਿਤੇ ਕੋਈ ਪ੍ਰਸ਼ਨ ਪੱਤਰ ਲੀਕ ਵੀ ਹੋ ਜਾਵੇ ਤਾਂ ਸੂਬੇ ਜਾਂ ਦੇਸ਼ ਭਰ ਵਿਚ ਪ੍ਰੀਖਿਆਵਾਂ ਰੱਦ ਨਾ ਕਰਨੀਆਂ ਪੈਣ। ਪ੍ਰੀਖਿਆਵਾਂ ਨੂੰ ਭਰੋਸੇਯੋਗ ਬਣਾਉਣ ਵਿਚ ਕਾਮਯਾਬੀ ਇਸ ਲਈ ਨਹੀਂ ਮਿਲ ਪਾ ਰਹੀ ਹੈ ਕਿਉਂਕਿ ਜ਼ਰੂਰੀ ਇੱਛਾ-ਸ਼ਕਤੀ ਦਾ ਸਬੂਤ ਨਹੀਂ ਦਿੱਤਾ ਜਾ ਰਿਹਾ।

ਆਖ਼ਰ ਪ੍ਰਤੀਯੋਗੀ ਪ੍ਰੀਖਿਆਵਾਂ ਕਰਵਾਉਣ ਵਾਲੀਆਂ ਸੰਸਥਾਵਾਂ ਸੰਘ ਲੋਕ ਸੇਵਾ ਆਯੋਗ (ਯੂਪੀਐੱਸਸੀ) ਤੋਂ ਕੋਈ ਸਬਕ ਲੈਣ ਨੂੰ ਕਿਉਂ ਤਿਆਰ ਨਹੀਂ ਹਨ? ਸੰਘ ਲੋਕ ਸੇਵਾ ਆਯੋਗ ਹਰ ਸਾਲ ਲੱਖਾਂ ਵਿਦਿਆਰਥੀਆਂ ਦੀ ਪ੍ਰੀਖਿਆ ਲੈਂਦਾ ਹੈ। ਜੇ ਇਹ ਸੰਸਥਾ ਆਪਣੀਆਂ ਪ੍ਰੀਖਿਆਵਾਂ ਦੀ ਪਵਿੱਤਰਤਾ, ਭਰੋਸੇਯੋਗਤਾ ਅਤੇ ਵੱਕਾਰ ਬਣਾਈ ਰੱਖਣ ਵਿਚ ਸਮਰੱਥ ਹੈ ਤਾਂ ਫਿਰ ਐੱਨਟੀਏ ਜਾਂ ਇਸ ਵਰਗੀਆਂ ਹੋਰ ਸੰਸਥਾਵਾਂ ਕਿਉਂ ਨਹੀਂ ਹਨ? ਇਸ ਤੋਂ ਤਾਂ ਇਹੀ ਲੱਗਦਾ ਹੈ ਕਿ ਇਹ ਸੰਸਥਾਵਾਂ ਪੂਰੀ ਸੰਜੀਦਗੀ ਨਾਲ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਹੀਆਂ ਹਨ। ਇਹ ਉਹ ਸਵਾਲ ਹੈ ਜਿਸ 'ਤੇ ਸੂਬਿਆਂ ਅਤੇ ਕੇਂਦਰ ਦੇ ਨੀਤੀ ਘਾੜਿਆਂ ਨੂੰ ਵਿਚਾਰ-ਚਰਚਾ ਕਰਨੀ ਚਾਹੀਦੀ ਹੈ।

# ਬੇਲਗਾਮ ਹੋ ਚੁੱਕਾ ਡਰੱਗ ਮਾਫ਼ੀਆ

ਡਾ. ਪ੍ਰਭਦੀਪ ਸਿੰਘ ਚਾਵਲਾ

ਪੰਜਾਬ ਵਿਚ ਨਸ਼ਿਆਂ ਦੇ ਵਧਦੇ ਕਾਰੋਬਾਰ ਕਾਰਨ ਲੋਕਾਂ 'ਚ ਡਰ ਤੇ ਸਹਿਮ ਦਾ ਮਾਹੌਲ ਹੈ। ਇਹ ਠੀਕ ਹੈ ਕਿ ਬੀਤੇ ਦਿਨੀਂ ਪੁਲਿਸ ਨੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਕਰਦਿਆਂ ਵਿਸ਼ੇਸ਼ ਸਰਚ ਅਭਿਆਨ ਵੀ ਚਲਾਇਆ ਸੀ ਤੇ ਨਸ਼ਿਆਂ ਸਮੇਤ ਕਈਆਂ ਨੂੰ ਹਿਰਾਸਤ 'ਚ ਵੀ ਲਿਆ ਸੀ ਪਰ ਨਸ਼ਿਆਂ ਦੇ ਸੌਦਾਗਰਾਂ 'ਤੇ ਕੋਈ ਅਸਰ ਨਹੀਂ ਹੋ ਰਿਹਾ ਹੈ। ਹਰ ਰੋਜ਼ ਅਖ਼ਬਾਰਾਂ 'ਚ ਪ੍ਰਕਾਸ਼ਿਤ ਹੁੰਦੀਆਂ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਦੀਆਂ ਖ਼ਬਰਾਂ ਕਾਰਨ ਰੂਹ ਕੰਬ ਜਾਂਦੀ ਹੈ। ਉਹ ਨੌਜਵਾਨ ਮੁੰਡੇ-ਕੁੜੀਆਂ ਜਿਨ੍ਹਾਂ ਨੂੰ ਅਸੀਂ ਆਪਣੇ ਦੇਸ਼ ਦੀ ਸ਼ਕਤੀ ਤੇ ਸੁਨਹਿਰਾ ਭਵਿੱਖ ਮੰਨਦੇ ਹਾਂ, ਉਹ ਨਸ਼ਿਆਂ ਦੀ ਦਲਦਲ 'ਚ ਧਸਦੇ ਹੀ ਜਾ ਰਹੇ ਹਨ। ਵੱਡਾ ਸਵਾਲ ਇਹ ਹੈ ਕਿ ਆਖ਼ਰ ਕੌਣ ਬਚਾਊ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ? ਨਸ਼ਾ-ਬਰਬਾਦੀ ਅਤੇ ਉਜਾੜੇ ਦਾ ਜਨਮਦਾਤਾ ਹੈ। ਇਸ ਦੀ ਸ਼ੁਰੂਆਤ ਭਾਵੇਂ ਨਕਲ, ਸ਼ੌਕ ,ਫੁਕਰੇਪਣ ਜਾਂ ਕਿਸੇ ਮਜਬੂਰੀ ਵਿਚ ਕੀਤੀ ਜਾਂਦੀ ਹੈ ਪਰ ਬਾਅਦ ਵਿਚ ਇਹ ਆਦਤ ਬਣ ਜਾਂਦੀ ਹੈ ਅਤੇ ਉਸ ਵਕਤ ਲੱਗੀ ਨਸ਼ੇ ਦੀ ਲਤ ਅੱਖਾਂ ਅੱਗੇ ਹਨੇਰਾ ਕਰ ਦਿੰਦੀ ਹੈ ਜਦੋਂ ਨਸ਼ੇ ਦੀ ਪੂਰਤੀ ਨਹੀਂ ਹੰਦੀ ਤਾਂ ਨਸ਼ੇੜੀ ਚੋਰੀਆਂ ਕਰਦੇ ਹਨ, ਡਾਕੇ ਮਾਰਦੇ ਹਨ ਅਤੇ ਲੁੱਟਾਂ-ਖੋਹਾਂ ਕਰਨ ਲੱਗਦੇ ਹਨ। ਨਸ਼ਿਆਂ ਨੇ ਕਈ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ ਅਤੇ ਅਨੇਕਾਂ ਘਰਾਂ ਦੇ ਚੁੱਲ੍ਹੇ ਠੰਢੇ ਕਰ ਛੱਡੇ ਹਨ। ਭੰਗ, ਅਫੀਮ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਹੁਣ ਨਿਵੇਕਲੇ, ਘਾਤਕ, ਜਾਨਲੇਵਾ ਅਤੇ ਮਹਿੰਗੇ ਨਸ਼ੇ ਚਰਸ, ਬਰਾਊਨ ਸ਼ੂਗਰ, ਸਮੈਕ, ਹੈਰੋਇਨ, ਨਸ਼ੀਲੇ ਟੀਕੇ-ਗੋਲ਼ੀਆਂ ਅਤੇ ਕੈਪਸੂਲਾਂ ਆਦਿ ਦੀ ਵਰਤੋਂ ਬਰਬਾਦੀ ਹੀ ਹੈ। ਪਰਿਵਾਰ ਵਿਚ ਜੇ ਕੋਈ ਮੈਂਬਰ ਨਸ਼ਾ ਕਰਦਾ ਹੈ ਤਾਂ ਜ਼ਿਆਦਾਤਰ ਦੇਖਿਆ ਗਿਆ ਹੈ ਕਿ ਉਸ ਨੂੰ ਦੇਖ ਕੇ ਹੀ ਘਰ ਦਾ ਕੋਈ ਛੋਟਾ ਬੱਚਾ ਜਾਂ ਹੋਰ ਜੀਅ ਵੀ ਨਸ਼ੇ ਕਰਨ ਲੱਗਦਾ ਹੈ। ਮਾਨਸਿਕ ਪਰੇਸ਼ਾਨੀ, ਘਬਰਾਹਟ,



ਵਹਿਮਾਂ ਜਾਂ ਬਿਮਾਰੀ ਕਾਰਨ ਵੀ ਕਈ ਨੌਜਵਾਨ ਨਸ਼ੇ ਕਰਦੇ ਹਨ। ਬੇਰੁਜ਼ਗਾਰੀ, ਭਵਿੱਖ ਦੀ ਚਿੰਤਾ, ਪਰਿਵਾਰਕ ਲੜਾਈ-ਝਗੜੇ ਜਾਂ ਕੋਈ ਹੋਰ ਮਜਬੂਰੀ ਕਾਰਨ ਵੀ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ। ਸਰੀਰਕ ਸਮਰੱਥਾ, ਕਾਰਜ-ਕੁਸ਼ਲਤਾ, ਜ਼ੋਰ-ਅਜਮਾਇਸ਼ ਕਰਨ ਜਾਂ ਸਰੀਰਕ ਤੇਜ਼ੀ ਲਿਆਉਣ ਲਈ ਵੀ ਨੌਜਵਾਨ ਨਸ਼ਾ ਕਰਦੇ ਹਨ। ਨਸ਼ੇ ਕਰਨ ਨਾਲ ਸਰੀਰ ਦੇ ਨਾੜੀ-ਤੰਤਰ, ਅੰਦਰੂਨੀ ਅੰਗਾਂ ਦਿਲ, ਜਿਗਰ, ਫੇਫੜਿਆਂ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਹੁੰਦਾ ਹੈ। ਨਸ਼ੇ ਦੀ ਆਦਤ ਕਾਰਨ ਵਿਅਕਤੀ ਦਾ ਵਿਵਹਾਰ ਆਮ ਵਰਗਾ ਨਹੀਂ ਰਹਿੰਦਾ ਤੇ ਗੁੱਸਾ ਆਉਣਾ, ਗਾਲੀ-ਗਲੋਚ ਕਰਨਾ ਜਾਂ ਹਮਲਾ ਕਰਨਾ ਉਸ ਦਾ ਆਮ ਵਿਵਹਾਰ ਬਣ ਜਾਂਦਾ ਹੈ। ਨਸ਼ੇ ਕਰਨ ਵਾਲੇ ਨੂੰ ਕੋਈ ਮੂੰਹ ਨਹੀਂ ਲਾਉਣਾ ਚਾਹੁੰਦਾ। ਨਸ਼ਿਆਂ ਦੀ ਦਲਦਲ ਵਿਚ ਫਸੇ ਵਿਅਕਤੀਆਂ ਨੂੰ ਸਹੀ ਰਸਤਾ ਵਿਖਾਉਣ, ਸਮਾਜ ਵਿਚ ਉਨ੍ਹਾਂ ਦਾ ਰੁਤਬਾ ਮੁੜ ਬਹਾਲ ਕਰਨ ਲਈ ਸਿਹਤ ਵਿਭਾਗ ਵੱਲੋਂ ਡਰੱਗ-ਡੀ-ਐਡਿਕਸ਼ਨ ਪ੍ਰੋਗਰਾਮ ਤਹਿਤ 'ਨਸ਼ਿਆਂ ਨੂੰ ਕਹੋ ਨਾਂਹ-ਜ਼ਿੰਦਗੀ ਨੂੰ ਕਹੋ ਹਾਂ' ਦਾ ਨਾਅਰਾ ਦਿੱਤਾ ਜਾਂਦਾ ਹੈ। ਪੰਜਾਬ ਵਿਚ ਨਸ਼ਾ ਪੀੜਤਾਂ ਦੇ ਮੁਫ਼ਤ ਇਲਾਜ ਲਈ ਨਸ਼ਾ ਛੁਡਾਊ ਕੇਂਦਰ (ਨਵ-ਜੀਵਨ ਕੇਂਦਰ), ਓਟ ਕਲੀਨਿਕ ਅਤੇ ਪੁਨਰਵਾਸ ਕੇਂਦਰਾਂ (ਨਵ-ਨਿਰਮਾਣ ਕੇਂਦਰਾਂ) ਦਾ ਕਾਰਜਸ਼ੀਲ ਹੋਣਾ ਤੇ ਇਨ੍ਹਾਂ ਸੰਸਥਾਵਾਂ ਵਿਚ ਮਨੋ-ਚਕਿਤਸਕ, ਕਾਊਂਸਲਰ, ਸੋਸ਼ਲ ਵਰਕਰ ਅਤੇ ਹੋਰ ਮੈਡੀਕਲ, ਪੈਰਾ-ਮੈਡੀਕਲ ਸਟਾਫ ਦਾ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਇਕ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਸੈਂਟਰਾਂ ਵਿਚ ਮਰੀਜ਼ ਲਈ ਖਾਣਾ, ਮਨੋਰੰਜਨ ਦੀਆਂ ਸੁਵਿਧਾਵਾਂ, ਯੋਗ-ਕਸਰਤ ਤੇ ਸਮਾਜ ਵਿਚ ਵਿਚਰਨ ਅਤੇ ਰੋਜ਼ੀ-ਰੋਟੀ ਦੇ ਕਾਬਲ ਬਣਾਉਣ ਲਈ ਕਿੱਤਾ-ਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਛੋਟੀ ਉਮਰ ਵਿਚ ਹੀ ਮਾੜੀ ਸੰਗਤ ਕਾਰਨ ਨਸ਼ੇ ਕਰਨ ਵਾਲੇ ਬੱਚਿਆਂ ਦਾ ਕਈ ਵਾਰ ਪਰਿਵਾਰਕ ਮੈਂਬਰਾਂ ਨੂੰ ਪਤਾ ਹੀ ਨਹੀਂ ਚੱਲਦਾ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਲੱਛਣ ਜਿਵੇਂ ਸਰੀਰਕ ਤੇ ਮਾਨਸਿਕ ਹਾਵ-ਭਾਵ, ਵਿਹਾਰ 'ਚ ਬਦਲਾਅ, ਚਿੜਚਿੜਾਪਣ, ਇਕੱਲੇ ਰਹਿਣਾ, ਜ਼ਿਆਦਾ ਖ਼ਰਚੀਲਾ ਹੋਣਾ ਜਾਂ ਪੈਸੇ ਚੋਰੀ ਕਰਨਾ, ਭੁੱਖ ਜਾਂ ਨੀਂਦ 'ਚ ਉਤਰਾਅ-ਚੜ੍ਹਾਅ ਜਾਂ ਬੇਚੈਨ ਰਹਿਣਾ ਆਦਿ ਲੱਛਣਾਂ ਨੂੰ ਭਲੀਭਾਂਤ ਪਛਾਣ ਲੈਣ ਤੇ ਬਿਨਾਂ ਦੇਰੀ ਕੀਤੇ ਆਪਣੇ ਬੱਚਿਆਂ ਦਾ ਭਵਿੱਖ ਬਰਬਾਦ ਹੋਣ ਤੋਂ ਬਚਾਅ ਲੈਣ।

ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਤੁਹਾਨੂੰ ਨਸ਼ਿਆਂ 'ਤੇ ਲਾਉਣ ਵਾਲਾ ਤੁਹਾਡਾ ਦੋਸਤ ਨਹੀਂ-ਦੁਸ਼ਮਣ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਨਸ਼ਿਆਂ ਖ਼ਿਲਾਫ਼ ਠੋਸ ਅਤੇ ਸਖ਼ਤ ਕਾਨੂੰਨ ਬਣਾਵੇ।

ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਹੋਰ ਵਿਭਾਗਾਂ ਨਾਲ ਤਾਲਮੇਲ ਕਰ ਕੇ ਸ਼ੱਕੀ ਇਲਾਕਿਆਂ 'ਚ ਛਾਪੇਮਾਰੀ ਕਰਨ, ਵਾਹਨਾਂ ਦੀ ਚੈਕਿੰਗ ਕੀਤੀ ਜਾਵੇ ਤਾਂ ਜੋ ਨਸ਼ਾ ਤਸਕਰਾਂ ਨੂੰ ਕਾਬੂ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਨਸ਼ਾ ਵੇਚਣ ਵਾਲਿਆਂ ਵਿਚ ਭੈਅ ਪੈਦਾ ਹੋ ਸਕੇ। ਸਾਨੂੰ ਵੀ ਰਲ-ਮਿਲ ਕੇ ਨਸ਼ੇ ਰੂਪੀ ਕੋਹੜ ਨੂੰ ਖ਼ਤਮ ਕਰਨ ਲਈ ਆਪੋ-ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

# ਸੋਸ਼ਲ ਮੀਡੀਆ ਕਾਰਨ ਬੱਚੇ ਹੋਏ ਕਿਤਾਬਾਂ ਤੋਂ ਦੂਰ

ਸਾਹਿਤ (ਸਾ+ਹਿਤ) ਦੋ ਸ਼ਬਦਾਂ ਦਾ ਸੁਮੇਲ ਹੈ। ਉਹ ਰਚਨਾ ਜੋ ਸਾਰਿਆਂ ਦੇ ਹਿੱਤ ਨੂੰ ਧਿਆਨ 'ਚ ਰੱਖ ਕੇ ਰਚੀ ਜਾਵੇ, ਉਹੀ ਅਸਲ ਸਾਹਿਤ ਅਖਵਾਉਂਦਾ ਹੈ। ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਹਨ ਗਦ ਅਤੇ ਪਦ। ਗਦ ਅਧੀਨ ਸਾਡਾ ਵਾਰਤਕ ਸਾਹਿਤ ਹੁੰਦਾ ਹੈ ਤੇ ਪਦ ਅਧੀਨ ਕਵਿਤਾ, ਗ਼ਜ਼ਲ, ਰੁਬਾਈ ਆਦਿ ਸ਼ਾਮਲ ਹਨ। ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਸਾਹਿਤ ਨੂੰ ਸੱਤਿਅਮ, ਸ਼ਿਵਮ, ਸੁੰਦਰਮ ਕਿਹਾ ਗਿਆ ਹੈ। ਸੱਤਿਅਮ ਦਾ ਅਰਥ ਹੈ ਸੱਚ, ਸ਼ਿਵਮ ਦਾ ਅਰਥ ਹੈ ਕਲਿਆਣਕਾਰੀ ਤੇ ਸੁੰਦਰਮ ਦਾ ਅਰਥ ਹੈ ਸੁੰਦਰ ਅਤੇ ਸੁਹਜਮਈ। ਬਾਲ ਸਾਹਿਤ ਬਾਲਾਂ ਲਈ ਰਚਿਆ ਜਾਣ ਵਾਲਾ ਸਾਹਿਤ ਹੈ। ਬਾਲ ਸਾਹਿਤ ਦੀ ਰਚਨਾ ਬਾਲਾਂ ਨੂੰ ਹੀ ਧੁਰਾ ਮੰਨ ਕੇ ਕੀਤੀ ਜਾਂਦੀ ਹੈ। ਇਹ ਮੁੱਢ ਤੋਂ ਹੀ ਮੌਖਿਕ ਰੂਪ 'ਚ ਚੱਲਦਾ ਰਿਹਾ ਹੈ। ਛਾਪਾਖ਼ਾਨਾ ਆਉਣ ਤੋਂ ਬਾਅਦ ਇਹ ਲਿਖਤੀ ਰੂਪ 'ਚ ਸਾਹਮਣੇ ਆਇਆ ਹੈ।

ਰੁਚੀ ਦਾ ਅਰਥ ਹੈ ਕਿਸੇ ਚੀਜ਼ ਪ੍ਰਤੀ ਦਿਲਚਸਪੀ ਰੱਖਣਾ। ਹਰ ਇਨਸਾਨ ਦੀਆਂ ਵੱਖਰੀਆਂ-ਵੱਖਰੀਆਂ ਰੁਚੀਆਂ ਹੁੰਦੀਆਂ ਹਨ। ਜੋ ਵਿਅਕਤੀ ਸਾਹਿਤ ਪੜ੍ਹਨ-ਲਿਖਣ ਜਾਂ ਸੁਣਨ ਪ੍ਰਤੀ ਮੋਹ-ਪਿਆਰ ਰੱਖਦਾ



ਹੈ, ਇਹ ਉਸ ਦੀ ਸਾਹਿਤਕ ਰੁਚੀ ਅਖਵਾਉਂਦੀ ਹੈ। ਇਹ ਤਿੰਨ ਪ੍ਰਕਾਰ ਦੀਆਂ ਰੁਚੀਆਂ ਵਿੱਚੋਂ ਇਕ ਵੀ ਹੋ ਸਕਦੀ ਹੈ, ਦੋ ਵੀ ਹੋ ਸਕਦੀਆਂ ਹਨ ਤੇ ਤਿੰਨੋਂ ਵੀ ਹੋ ਸਕਦੀਆਂ ਹਨ।

### ਬੱਚੇ ਦਾ ਬਣਨਾ ਪੈਂਦਾ ਹਾਣੀ

ਬਾਲ ਸਾਹਿਤ ਹਾਲੇ ਉਸ ਪੱਧਰ 'ਤੇ ਨਹੀਂ ਰਚਿਆ ਜਾ ਰਿਹਾ, ਜਿਸ ਪੱਧਰ ਤਕ ਲਿਖਿਆ ਜਾਣਾ ਚਾਹੀਦਾ ਹੈ ਪਰ ਚੰਗੀ ਗੱਲ ਇਹ ਹੈ ਕਿ ਰਚਿਆ ਜਾ ਰਿਹਾ ਹੈ। ਜੇ ਬਾਲ ਸਾਹਿਤ ਲੇਖਕਾਂ ਦੀ ਗੱਲ ਕਰੀਏ ਤਾਂ ਬਹੁਤ ਹੀ ਗਿਣਵੇਂ-ਚੁਣਵੇਂ ਨਾਂ ਸਾਡੇ ਸਾਹਮਣੇ ਆਉਂਦੇ ਹਨ, ਜਿਵੇਂ ਡਾ। ਦਰਸ਼ਨ ਸਿੰਘ ਆਸ਼ਟ, ਮੋਹਨ ਸਿੰਘ ਦਾਊਂ, ਸਤਪਾਲ ਭੀਖੀ, ਬਲਜਿੰਦਰ ਮਾਨ ਆਦਿ। ਬਾਲ ਸਾਹਿਤ ਦੀ ਸਿਰਜਣਾ ਕਰਨੀ ਬੜਾ ਔਖਾ ਕੰਮ ਹੈ। ਇਸ ਦੀ ਰਚਨਾ ਕਰਨ ਲਈ ਸਾਨੂੰ ਬੱਚੇ ਦੇ ਪੱਧਰ 'ਤੇ ਆ ਕੇ ਉਸ ਦੇ ਹਾਣ ਦਾ ਬਣਨਾ ਪੈਂਦਾ ਹੈ। ਉਨ੍ਹਾਂ ਦੇ ਪੱਧਰ ਦੀ ਬੋਲੀ ਤੇ ਭਾਸ਼ਾ ਦੀ ਵਰਤੋਂ ਕਰਨੀ ਪੈਂਦੀ ਹੈ। ਓਨਾ ਜ਼ੋਰ ਬਾਲਗ ਸਾਹਿਤ ਲਿਖਣ ਵੇਲੇ ਨਹੀਂ ਲੱਗਦਾ, ਜਿੰਨਾ ਬਾਲ ਸਾਹਿਤ ਦੀ ਰਚਨਾ ਕਰਨ ਵੇਲੇ ਲੱਗਦਾ ਹੈ।

### ਕਿਹੋ ਜਿਹੇ ਹੋਣੇ ਚਾਹੀਦੇ ਬਾਲ ਸਾਹਿਤ ਦੇ ਵਿਸ਼ੇ

ਬਾਲਾਂ ਸਬੰਧੀ ਵਿਸ਼ਿਆਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪ੍ਰਸਿੱਧ ਮਨੋਵਿਗਿਆਨੀ ਫਰਾਇਡ ਅਨੁਸਾਰ ਬੱਚੇ ਦੇ ਮੁੱਢਲੇ ਸਾਲ ਬਹੁਤ ਮਹੱਤਵਪੂਰਨ ਹੁੰਦੇ ਹਨ, ਜਿਸ ਦੇ ਅਧਾਰ 'ਤੇ ਉਹਦੀ ਪੂਰੀ ਜ਼ਿੰਦਗੀ ਨਿਰਭਰ ਕਰਦੀ ਹੈ। ਬਾਲ ਸਾਹਿਤ ਦੇ ਵਿਸ਼ੇ ਸੂਝ ਨੂੰ ਵਿਕਸਤ ਕਰਨ ਵਾਲੇ ਹੋਣੇ ਚਾਹੀਦੇ ਹਨ। ਕਲਪਨਾ-ਸ਼ਕਤੀ ਨੂੰ ਪ੍ਰਚੰਡ ਕਰਨ ਵਾਲੇ ਹੋਣੇ ਚਾਹੀਦੇ ਹਨ। ਅਜਿਹੇ ਵਿਸ਼ੇ ਚੁਣਨੇ ਚਾਹੀਦੇ ਹਨ, ਜਿਸ ਨਾਲ ਉਸ ਦਾ ਸਰਬਪੱਖੀ ਵਿਕਾਸ ਹੋ ਸਕੇ।

### ਲੇਖਕ ਦੀ ਮਨੋਦਸ਼ਾ

ਲੇਖਕ ਦੀ ਮਨੋਦਸ਼ਾ ਬਾਲਕਾਂ ਦੀ ਮਨੋਦਸ਼ਾ ਦੇ ਹਾਣ ਦੀ ਹੋਣੀ ਚਾਹੀਦੀ ਹੈ। ਲੇਖਕ ਆਪਣੀਆਂ ਰਚਨਾਵਾਂ ਵਿਚ ਔਖੀ ਸ਼ਬਦਾਵਲੀ ਨਾ ਵਰਤੇ। ਇਹ ਨਾ ਹੋਵੇ ਕਿ ਲੇਖਕਾਂ ਦੀਆਂ ਲਿਖੀਆਂ ਹੋਈਆਂ ਰਚਨਾਵਾਂ ਉਨ੍ਹਾਂ ਦੇ ਸਮਝ ਨਾ ਆਵੇ। ਜੇ ਔਖੇ ਸ਼ਬਦ ਵਰਤੇ ਜਾਣਗੇ ਤਾਂ ਪੱਲੇ ਨਹੀਂ ਪੈਣਗੇ, ਜਿਸ ਕਰਕੇ ਬੱਚਿਆਂ ਦਾ ਮੋਹ ਕਿਤਾਬਾਂ ਨਾਲ ਨਹੀਂ ਪਵੇਗਾ।

### ਮਾਪਿਆਂ ਦੀ ਜ਼ਿੰਮੇਵਾਰੀ

ਜੇ ਮਾਪੇ ਖ਼ੁਦ ਸਾਹਿਤਕ ਰੁਚੀ ਨਹੀਂ ਰੱਖਦੇ ਤਾਂ ਬੱਚੇ ਨੂੰ ਸਾਹਿਤ ਨਾਲ ਕਿਵੇਂ ਜੋੜ ਸਕਦੇ ਹਨ। ਸਾਡੇ ਘਰਾਂ 'ਚ ਸਕੂਲੀ ਕਿਤਾਬਾਂ ਤੋਂ ਇਲਾਵਾ ਕੋਈ ਹੋਰ ਕਿਤਾਬੀ ਕੋਨਾ ਨਹੀਂ ਹੁੰਦਾ, ਜਿੱਥੇ ਸਿਲੇਬਸ ਤੋਂ ਬਾਹਰੀ ਕਿਤਾਬਾਂ ਸ਼ਾਮਿਲ ਹੋਣ। ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਘਰ ਵਿਚ ਮਿੰਨੀ ਲਾਇਬ੍ਰੇਰੀ ਸਥਾਪਿਤ ਕਰਨ। ਪੁਸਤਕ ਮੇਲੇ 'ਚ ਬੱਚਿਆਂ ਨੂੰ ਨਾਲ ਲਿਜਾ ਕੇ ਉਨ੍ਹਾਂ ਦੀਆਂ ਪਸੰਦ ਦੀਆਂ ਕਿਤਾਬਾਂ ਖ਼ਰੀਦ ਕੇ ਦੇਣ। ਇਹ ਕਿਤਾਬਾਂ ਨਾਲ ਜੋੜਨ ਦਾ ਵੱਡਾ ਉਪਰਾਲਾ ਹੋ ਸਕਦਾ ਹੈ।

### ਲੇਖਕਾਂ ਦੀ ਜ਼ਿੰਮੇਵਾਰੀ

ਲੇਖਕ ਬਾਲ ਸਾਹਿਤ ਦੀ ਰਚਨਾ ਵੀ ਵੱਧ ਤੋਂ ਵੱਧ ਕਰਨ, ਤਾਂ ਜੋ ਵਿਦਿਆਰਥੀ ਵੱਧ ਤੋਂ ਵੱਧ ਸਾਹਿਤ ਨਾਲ ਜੁੜ ਸਕਣ। ਸਾਹਿਤਕਾਰ ਬੌਧਿਕ ਸੋਚ ਵਾਲੇ ਵਿਸ਼ੇ ਦੀ ਚੋਣ ਕਰਨ। ਜਿੰਨ, ਭੂਤ, ਪਰੀਆਂ, ਰਾਖ਼ਸ਼ਾਂ ਆਦਿ ਪਾਤਰਾਂ ਨੂੰ ਤਿਲਾਂਜਲੀ ਦੇਣੀ ਚਾਹੀਦੀ ਹੈ। ਏਸ ਵਲਗਣ ਨੂੰ ਤੋੜਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

# ਜੰਮੂ-ਕਸ਼ਮੀਰ 'ਚ ਅੱਤਵਾਦ ਦੇ ਨਵੇਂ ਦੌਰ ਦੀ ਵਾਪਸੀ

ਦਿਵਿਆ ਕੁਮਾਰ ਸੋਤੀ

ਪੀਰ-ਪੰਜਾਲ ਪਹਾੜੀ ਲੜੀ ਦੇ ਦੱਖਣ 'ਚ ਮੌਜੂਦ ਜੰਮੂ ਖੇਤਰ 'ਚ ਮੁੜ ਅੱਤਵਾਦੀ ਹਮਲਿਆਂ ਦਾ ਸਿਲਸਿਲਾ ਤੁਰ ਪਿਆ ਹੈ। ਜੰਮੂ ਦੇ ਰਿਆਸੀ ਜ਼ਿਲ੍ਹੇ 'ਚ ਤੀਰਥ ਯਾਤਰੀਆਂ ਦੀ ਬੱਸ 'ਤੇ ਅਜਿਹੇ ਹੀ ਹਮਲੇ 'ਚ ਨੌਂ ਲੋਕਾਂ ਦੀ ਜਾਨ ਚਲੀ ਗਈ ਤੇ 33 ਹੋਰ ਜ਼ਖ਼ਮੀ ਹੋ ਗਏ। ਇਸ ਤੋਂ ਅਗਲੇ ਹੀ ਦਿਨ ਕਠੂਆ ਦੇ ਹੀਰਾ ਨਗਰ 'ਚ ਅੱਤਵਾਦੀਆਂ ਨੇ ਇਕ ਪਿੰਡ 'ਤੇ ਹਮਲਾ ਕੀਤਾ, ਪਰ ਸੁਰੱਖਿਆ ਦਸਤਿਆਂ ਦੀ ਤੁਰੰਤ ਕਾਰਵਾਈ ਕਾਰਨ ਕੋਈ ਵੱਡਾ ਨੁਕਸਾਨ ਨਹੀਂ ਹੋਇਆ। ਕਠੂਆ 'ਚ ਇਸ ਹਮਲੇ ਦੇ ਸਮੇਂ ਹੀ ਉਥੋਂ ਲਗਪਗ 200 ਕਿੱਲੋਮੀਟਰ ਦੂਰ ਡੋਡਾ 'ਚ ਫ਼ੌਜ ਤੇ ਪੁਲਿਸ ਦੇ ਸਾਂਝੇ ਨਾਕੇ 'ਤੇ ਅੱਤਵਾਦੀਆਂ ਵੱਲੋਂ ਹਮਲਾ ਕੀਤਾ ਗਿਆ, ਜਿਸ 'ਚ ਛੇ ਜਵਾਨ ਜ਼ਖ਼ਮੀ ਹੋ ਗਏ। ਇਕ ਘੰਟੇ ਦੇ ਮੁਕਾਬਲੇ ਤੋਂ ਬਾਅਦ ਅੱਤਵਾਦੀ ਭੱਜਣ 'ਚ ਕਾਮਯਾਬ ਹੋ ਗਏ।

ਇਨ੍ਹਾਂ 'ਚ ਰਿਆਸੀ ਹਮਲਾ ਉਸ ਸਮੇਂ ਹੋਇਆ, ਜਦ ਦਿੱਲੀ 'ਚ ਨਵੀਂ ਐੱਨਡੀਏ ਸਰਕਾਰ ਸਹੁੰ ਚੁੱਕ ਰਹੀ ਸੀ। ਇਸ ਹਮਲੇ ਨੂੰ ਸਹੁੰ ਚੁੱਕਣ ਨਾਲ ਵੀ ਜੋੜ ਕੇ ਦੇਖਿਆ ਗਿਆ। ਇਸ ਤੋਂ ਪਹਿਲਾਂ ਪੁਣਛ-ਰਾਜੌਰੀ 'ਚ ਵੀ ਕਈ ਅੱਤਵਾਦੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਹਮਲਿਆਂ 'ਚ ਸਮਾਨਤਾ ਇਹ ਹੈ ਕਿ ਇਨ੍ਹਾਂ 'ਚ ਅੱਤਵਾਦੀਆਂ ਨੇ ਸੜਕ ਦੇ ਦੋਵਾਂ ਪਾਸੇ ਪਹਾੜਾਂ ਤੋਂ ਸੁਰੱਖਿਆ ਦਸਤਿਆਂ ਅਤੇ ਨਾਗਰਿਕ ਵਾਹਨਾਂ ਨੂੰ ਨਿਸ਼ਾਨਾ ਬਣਾਇਆ ਤੇ ਹਮਲੇ ਨੂੰ ਅੰਜਾਮ ਦੇਣ ਤੋਂ ਬਾਅਦ ਪਹਾੜੀਆਂ ਦੇ ਸੰਘਣੇ ਜੰਗਲਾਂ 'ਚ ਲੁਕ ਗਏ। ਇਸ ਕਾਰਨ ਫ਼ੌਜ ਵੱਲੋਂ ਚਲਾਈ ਗਈ ਤਲਾਸ਼ੀ ਮੁਹਿੰਮ ਤੋਂ ਖ਼ਾਸ ਨਤੀਜੇ ਨਹੀਂ ਨਿਕਲੇ।

ਜੰਮੂ ਡਵੀਜ਼ਨ 'ਚ ਅੱਤਵਾਦੀ ਹਮਲਿਆਂ ਦੇ ਤੌਰ-ਤਰੀਕਿਆਂ 'ਚ ਪੇਸ਼ੇਵਰ ਦਸਤਿਆਂ ਦੀ ਛਾਪ ਸਪੱਸ਼ਟ ਦਿਸੀ। ਇਨ੍ਹਾਂ 'ਚ ਬਖ਼ਤਰ ਭੇਦਣ ਵਾਲੀਆਂ ਗੋਲ਼ੀਆਂ ਤੇ ਅਮਰੀਕੀ ਮੂਲ ਦੀ ਐੱਮ-4 ਉੱਨਤ ਰਾਈਫਲ ਦਾ ਇਸਤੇਮਾਲ ਦੇਖਿਆ ਗਿਆ। ਪੰਜ ਮਈ ਨੂੰ ਹਵਾਈ ਫ਼ੌਜ ਦੇ ਕਾਫ਼ਲੇ 'ਤੇ ਹਮਲੇ 'ਚ ਲੋੜੀਂਦਾ ਅੱਤਵਾਦੀ ਹਾਦੂਨ ਪਾਕਿਸਤਾਨ ਫ਼ੌਜ ਦੇ ਵਿਸ਼ੇਸ਼ ਕਮਾਂਡੋ ਦਸਤੇ ਸਪੈਸ਼ਲ ਸਰਵਿਸ ਗਰੁੱਪ (ਐੱਸਐੱਸਜੀ) ਦਾ ਮੈਂਬਰ ਰਹਿ ਚੁੱਕਾ ਹੈ। ਇਸੇ ਤਰ੍ਹਾਂ ਹੀਰਾ ਨਗਰ ਹਮਲੇ ਦੌਰਾਨ ਮਾਰੇ ਗਏ ਰਾਵਲਕੋਟ ਦੇ ਰਹਿਣ ਵਾਲੇ ਅੱਤਵਾਦੀ ਰੇਹਾਨ ਅਲੀ ਦੀਆਂ ਪਾਕਿਸਤਾਨ 'ਚ ਇੰਟਰਨੈੱਟ ਮੀਡੀਆ 'ਤੇ ਫ਼ੌਜੀ ਵਰਦੀ ਵਿਚ ਤਸਵੀਰਾਂ ਵਾਇਰਲ ਹਨ। ਉਸ ਨੂੰ ਫ਼ੌਜੀ ਦੱਸ ਕੇ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਸ਼ੱਕ ਇਹੀ ਹੈ ਕਿ ਪੁਣਛ-ਰਾਜੌਰੀ ਖੇਤਰ 'ਚ ਫੈਲੇ ਪੀਰ-ਪੰਜਾਲ ਦੇ ਪਹਾੜਾਂ 'ਚ ਸਥਿਤ ਸੰਘਣੇ ਜੰਗਲਾਂ 'ਚ ਠੀਕ-ਠਾਕ ਗਿਣਤੀ 'ਚ ਜਿਹਾਦੀ ਅੱਤਵਾਦੀ ਲੁਕੇ ਹੋਏ ਹਨ। ਇਹ ਜੰਮੂ ਖੇਤਰ 'ਚ ਘਾਤ ਲਾ ਕੇ ਅੱਤਵਾਦੀ ਹਮਲਿਆਂ ਨੂੰ ਅੰਜਾਮ ਦਿੰਦੇ ਹਨ ਤੇ ਤੇਜ਼ੀ ਨਾਲ ਵਾਪਸ ਸੰਘਣੇ ਜੰਗਲਾਂ 'ਚ ਲੁਕ ਜਾਂਦੇ ਹਨ। ਇਹ ਅੱਤਵਾਦੀ ਪਾਕਿਸਤਾਨੀ ਫ਼ੌਜ ਦੇ ਖ਼ਾਸ ਦਸਤਿਆਂ 'ਚ ਕੰਮ ਕਰ ਚੁੱਕੇ ਹਨ। ਇਨ੍ਹਾਂ ਨੂੰ ਸਥਾਨਕ ਇਸਲਾਮਿਕ ਕੱਟੜਪੰਥੀ ਤੱਤਾਂ ਦਾ ਸਹਿਯੋਗ ਵੀ ਹਾਸਲ ਹੈ। ਕੁਝ ਸਥਾਨਕ ਲੋਕ ਅੱਤਵਾਦੀਆਂ ਨੂੰ ਨਾ ਸਿਰਫ਼ ਫ਼ੌਜੀ ਆਵਾਜਾਈ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ, ਬਲਕਿ ਕੜਾਕੇ ਦੀ ਠੰਢ ਦੌਰਾਨ ਉਨ੍ਹਾਂ ਨੂੰ ਰਹਿਣ ਲਈ ਜ਼ਰੂਰੀ ਸੰਸਾਧਨ ਵੀ ਉਪਲੱਬਧ ਕਰਵਾਉਂਦੇ ਹਨ। ਮੁਸ਼ਕਲ ਇਹ ਹੈ ਕਿ ਸੈਂਕੜੇ ਵਰਗ ਕਿਲੋਮੀਟਰ 'ਚ ਫੈਲੇ ਇਨ੍ਹਾਂ ਜੰਗਲਾਂ 'ਚ ਲੁਕੇ ਇਨ੍ਹਾਂ ਅੱਤਵਾਦੀਆਂ, ਜਿਨ੍ਹਾਂ



ਦੀ ਗਿਣਤੀ ਦਾ ਅਜੇ ਸਹੀ-ਸਹੀ ਅੰਦਾਜ਼ਾ ਨਹੀਂ ਹੈ, ਦਾ ਸਫ਼ਾਇਆ ਕਰਨ ਲਈ ਜੇ ਵੱਡੀ ਮੁਹਿੰਮ ਚਲਾਈ ਜਾਵੇ ਤਾਂ ਸ਼ੱਕ ਹੈ ਕਿ ਸਾਨੂੰ ਵੱਡੇ ਪੱਧਰ 'ਤੇ ਆਪਣੈ ਫ਼ੌਜੀਆਂ ਨੂੰ ਗੁਆਉਣਾ ਪਵੇਗਾ। ਹਾਲਾਂਕਿ ਹਵਾਈ ਫ਼ੌਜ ਵੱਲੋਂ ਸਰੀਰ ਦੀ ਗਰਮੀ ਫੜਨ ਵਾਲੇ ਖੋਜੀ ਤੇ ਆਤਮਘਾਤੀ ਡ੍ਰੋਨਾਂ ਦੀ ਵਰਤੋਂ ਕਰ ਕੇ ਕੁਝ ਹੱਦ ਤੱਕ ਸੰਭਾਵਿਤ ਨੁਕਸਾਨ ਨੂੰ ਕਾਬੂ ਕੀਤਾ ਜਾ ਸਕਦਾ ਹੈ। ਜੰਮੂ ਖੇਤਰ 'ਚ ਵਧ ਰਹੇ ਅੱਤਵਾਦੀ ਹਮਲਿਆਂ 'ਤੇ ਰੋਕ ਨਾ ਲਾਈ ਗਈ ਤਾਂ ਉਸ ਨਾਲ ਲਗਦੇ ਪੰਜਾਬ ਤੇ ਹਿਮਾਚਲ ਦੇ ਇਲਾਕਿਆਂ 'ਤੇ ਵੀ ਇਸ ਦਾ ਅਸਰ ਪੈ ਸਕਦਾ ਹੈ। ਜੇ ਫ਼ੌਜੀ ਮੁਹਿੰਮ 'ਚ ਅੱਤਵਾਦੀਆਂ ਦਾ ਸਫ਼ਾਇਆ ਕਰ ਦਿੱਤਾ ਜਾਵੇ ਤਾਂ ਵੀ ਕੁਝ ਸਾਲਾਂ 'ਚ ਮੁੜ ਤੋਂ ਇਹੀ ਸਥਿਤੀ ਹੋਵੇਗੀ, ਕਿਉਂਕਿ ਪਿਛਲਾ ਤਜਰਬਾ ਦੱਸਦਾ ਹੈ ਕਿ ਵੱਖ-ਵੱਖ ਭੂਗੋਲਿਕ ਤੇ ਹੋਰ ਕਾਰਨਾਂ ਨਾਲ ਸਰਹੱਦ ਪਾਰ ਘੁਸਪੈਠ ਪੂਰੀ ਤਰ੍ਹਾਂ ਰੋਕ ਸਕਣਾ ਸੰਭਵ ਨਹੀਂ ਹੈ।

ਭਾਰਤ ਨੂੰ ਸਰਹੱਦ ਪਾਰ ਅੱਤਵਾਦ ਨਾਲ ਲੜਦੇ ਹੋਏ ਲਗਪਗ ਚੌਥਾ ਦਹਾਕਾ ਹੈ, ਪਰ ਅਸੀਂ ਅਜੇ ਤਕ ਇਸ ਦੀ ਪੱਕੀ ਕਾਟ ਨਹੀਂ ਲੱਭ ਸਕੇ। ਮੋਦੀ ਸਰਕਾਰ ਨੇ ਪਹਿਲੀ ਵਾਰ ਹਿੰਮਤ ਦਿਖਾਉਂਦੇ ਹੋਏ ਕੰਟਰੋਲ ਲਾਈਨ ਪਾਰ ਕਰ ਕੇ ਪਹਿਲਾਂ ਸਰਜੀਕਲ ਸਟ੍ਰਾਈਕ ਤੇ ਫਿਰ ਬਾਲਾਕੋਟ 'ਚ ਅੱਤਵਾਦੀ ਟਿਕਾਣਿਆਂ 'ਤੇ ਹਵਾਈ ਹਮਲੇ ਦਾ ਹੁਕਮ ਜ਼ਰੂਰ ਦਿੱਤਾ ਸੀ, ਜਿਸ ਤੋਂ ਬਾਅਦ ਵੱਡੇ ਅੱਤਵਾਦੀ ਹਮਲਿਆਂ 'ਚ ਗਿਰਾਵਟ ਦੇਖੀ ਗਈ ਸੀ। ਇਸ ਦੇ ਬਾਵਜੂਦ ਅਜਿਹੇ ਜਵਾਬੀ ਹਮਲੇ ਸੁਭਾਵਿਕ ਤੌਰ 'ਤੇ ਘੁਸਪੈਠ ਦੇ ਉਨ੍ਹਾਂ ਮਾਰਗਾਂ ਨੂੰ ਬੰਦ ਨਹੀਂ ਕਰ ਸਕਦੇ, ਜੋ ਪਕਿਸਤਾਨ ਸਮਰਥਿਤ ਅੱਤਵਾਦੀਆਂ ਨੂੰ ਉਪਲੱਬਧ ਹਨ। ਜੇ ਇਸ ਸਰਹੱਦ ਪਾਰ ਅੱਤਵਾਦ ਨੂੰ ਬੰਦ ਕਰਨਾ ਹੈ ਤਾਂ ਹਾਜ਼ੀ ਪੀਰ ਦੱਰੇ ਤੇ ਘੁਸਪੈਠ ਦੇ ਹੋਰ ਮਾਰਗਾਂ ਨੂੰ ਭਾਰਤ ਨੂੰ ਆਪਣੇ ਕਾਬੂ ਵਿਚ ਲੈਣਾ ਪਵੇਗਾ। ਇਸ ਤੋਂ ਬਿਨਾਂ ਆਰਟੀਕਲ-370 ਨੂੰ ਹਟਾਉਣ ਦਾ ਪੂਰਾ ਲਾਭ ਵੀ ਨਹੀਂ ਮਿਲ ਸਕੇਗਾ, ਕਿਉਂਕਿ ਅੱਤਵਾਦੀ ਜੰਮੂ-ਕਸ਼ਮੀਰ ਦੇ ਬਾਹਰ ਤੋਂ ਕੰਮ ਦੀ ਭਾਲ 'ਚ ਇੱਥੇ ਪੁੱਜ ਰਹੇ ਕਾਮਿਆਂ ਦੀ ਹੱਤਿਆ ਕਰ ਰਹੇ ਹਨ।

ਜਿਨ੍ਹਾਂ ਵਿਸਥਾਪਤ ਕਸ਼ਮੀਰੀ ਹਿੰਦੂਆਂ ਨੂੰ ਸਰਕਾਰ ਵੱਲੋਂ ਨੌਕਰੀਆਂ ਦਿੱਤੀਆਂ ਗਈਆਂ, ਉਨ੍ਹਾਂ ਨੂੰ ਵੀ ਅੱਤਵਾਦੀਆਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਸਹੀ ਸਮਾਂ ਆਉਣ 'ਤੇ ਸਰਹੱਦ ਪਾਰ ਜੋ ਵੀ ਕਦਮ ਚੁੱਕੇ ਜਾਣ, ਉਹ ਪੱਕੇ ਰਣਨੀਤਕ ਲਾਭ ਤੇ ਸਰਹੱਦ ਪਾਰ ਘੁਸਪੈਠ 'ਤੇ ਹਮੇਸ਼ਾ ਲਈ ਲਗਾਮ ਲਾਉਣ ਲਈ ਹੋਣੇ ਚਾਹੀਦੇ ਹਨ। ਰੂਸ ਯੂਕਰੇਨ ਜੰਗ ਤੇ ਇਜ਼ਰਾਈਲ-ਈਰਾਨ ਤਣਾਅ ਵਿਚਾਲੇ ਪਾਕਿਸਤਾਨ ਦਾ ਰਣਨੀਤਕ ਮਹੱਤਵ ਪੱਛਮ ਤੇ ਚੀਨ, ਦੋਵਾਂ ਲਈ ਮੁੜ ਵਧ ਗਿਆ ਹੈ। ਕਮਜ਼ੋਰ ਆਰਥਕ ਸਥਿਤੀ ਦੇ ਬਾਵਜੂਦ ਉਹ ਆਪਣੇ ਵਧੇ ਮਹੱਤਵ ਦਾ ਲਾਭ ਉਠਾਉਣ ਤੋਂ ਨਹੀਂ ਖੁੰਝੇਗਾ। ਪਾਕਿਸਤਾਨ ਬਣਾਉਣ ਵਾਲੇ ਵੀ ਇਹ ਜਾਣਦੇ ਸਨ ਕਿ ਉਸ ਦੀ ਆਰਥਕ ਸਮਰੱਥਾ ਘੱਟ ਹੀ ਹੈ ਤੇ ਉਸ ਨੂੰ ਆਪਣੇ ਜ਼ਮੀਨੀ ਰਾਜਨੀਤਕ ਮਹੱਤਵ ਦੇ ਦਮ 'ਤੇ ਹੀ ਆਪਣੀ ਅਹਿਮੀਅਤ ਬਣਾਈ ਰੱਖਣੀ ਪਵੇਗੀ। ਇਸ ਕਾਰਨ ਪਾਕਿਸਤਾਨ ਨੇ ਜੰਮੂ ਵਿਚ ਅੱਤਵਾਦੀ ਹਿੰਸਾ ਦਾ ਜੋ ਅਸਾਧਾਰਨ ਦੌਰ ਸ਼ੁਰੂ ਕੀਤਾ ਹੈ, ਉਹ ਕਿਸੇ ਵੱਡੀ ਅੰਤਰਰਾਸ਼ਟਰੀ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ, ਕਿਉਂਕਿ ਐੱਲਏਸੀ 'ਤੇ ਚੀਨ ਦੇ ਨਾਲ ਅਜੇ ਵੀ ਫ਼ੌਜੀ ਤਣਾਅ ਬਣਿਆ ਹੋਇਆ ਹੈ। ਕਈ ਥਾਵਾਂ 'ਤੇ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਆਹਮੋ-ਸਾਹਮਣੇ ਹਨ।ਉਥੇ, ਪਾਕਿਸਤਾਨ ਦੇ ਨਾਲ ਕੰਟਰੋਲ ਲਾਈਨ 'ਤੇ ਭਾਰਤ ਦਾ ਸੰਘਰਸ਼ ਵਿਰਾਮ ਸਮਝੌਤਾ ਲਾਗੂ ਹੈ। ਇਹ ਸਮਝੌਤਾ ਤਦ ਹੋਇਆ ਸੀ, ਜਦ ਭਾਰਤ-ਚੀਨ ਤਣਾਅ ਆਪਣੇ ਸਿਖਰ 'ਤੇ ਸੀ।

ਪਾਕਿਸਤਾਨ ਨੇ ਉਨ੍ਹਾਂ ਦਿਨਾਂ ਦੌਰਾਨ ਆਪਣੀ ਬਹੁਤ ਖ਼ਰਾਬ ਆਰਥਕ ਸਥਿਤੀ ਨੂੰ ਦੇਖਦੇ ਹੋਏ ਭਾਰਤ ਦੇ ਨਾਲ ਕਿਸੇ ਤਰ੍ਹਾਂ ਦਾ ਟਕਰਾਅ ਮੁੱਲ ਲੈਣਾ ਸਹੀ ਨਹੀਂ ਸਮਝਿਆ ਸੀ। ਉਸ ਵੇਲੇ ਦੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਤਦ ਫ਼ੌਜ ਦੇ ਰਿਸ਼ਤੇ ਵੀ ਖ਼ਰਾਬ ਚੱਲ ਰਹੇ ਸਨ। ਪਾਕਿਸਤਾਨੀ ਜਨਰਲ ਇਮਰਾਨ ਨੂੰ ਹਟਾਉਣ ਦੀ ਯੋਜਨਾ ਬਣਾ ਰਹੇ ਸਨ, ਜਿਸ 'ਚ ਅੱਤਵਾਦੀ ਅਸਥਿਰਤਾ ਦਾ ਸ਼ੱਕ ਸੀ।

ਅਜਿਹੀ ਸਥਿਤੀ 'ਚ ਪਾਕਿਸਤਾਨੀ ਫ਼ੌਜ ਭਾਰਤ-ਚੀਨ ਫ਼ੌਜੀ ਤਣਾਅ ਵਿਚਾਲੇ ਭਾਰਤ ਨਾਲ ਸੰਘਰਸ਼ ਵਿਰਾਮ ਲਈ ਤਿਆਰ ਹੋਈ ਸੀ। ਹੁਣ ਉਹ ਹਾਲਾਤ ਬਦਲ ਚੁੱਕੇ ਹਨ।ਇਸ ਸ਼ੱਕ ਤੋਂ ਇਨਕਾਰ ਨਹੀਂ ਕਿ ਪਾਕਿਸਤਾਨੀ ਫ਼ੌਜ ਹੁਣ ਇਸ ਸੰਘਰਸ਼ ਵਿਰਾਮ ਸਮਝੌਤੇ ਤੋਂ ਕਿਨਾਰਾ ਕਰ ਕੇ ਚੀਨ ਦੇ ਨਾਲ ਮਿਲ ਕੇ ਭਾਰਤ 'ਤੇ ਦੋ ਮੋਰਚਿਆਂ 'ਤੇ ਫ਼ੌਜੀ ਦਬਾਅ ਬਣਾਉਣਾ ਚਾਹੁੰਦੀ ਹੋਵੇ।

# ਕੈਲੀਫੋਰਨੀਆ ਅਸੈਂਬਲੀ 'ਚ ਨਕੋਦਰ ਕਾਂਡ ਦੇ ਸ਼ਹੀਦਾਂ ਨੂੰ ਮਾਨਤਾ

ਜਲੰਧਰ- ਨਕੋਦਰ ਵਿੱਚ 2 ਫਰਵਰੀ 1986 ਨੂੰ ਵਾਪਰੇ ਬੇਅਦਬੀ ਕਾਂਡ ਦੇ ਚਾਰ ਸਿੱਖ ਨੌਜਵਾਨਾਂ ਦੀ ਸ਼ਹਾਦਤ ਨੂੰ ਅਮਰੀਕਾ ਦੇ ਸੂਬੇ ਕੈਲੀਫੋਰੀਆ ਦੀ ਅਸੈਂਬਲੀ ਵਿੱਚ ਮਾਨਤਾ ਦਿੱਤੀ ਗਈ ਹੈ। ਕੈਲੇਫੋਰਨੀਆ ਦੀ 80 ਮੈਂਬਰੀ ਅਸੈਂਬਲੀ ਨੇ ਸਰਬਸਮੰਤੀ ਨਾਲ ਬਿੱਲ ਪਾਸ ਕਰਦਿਆਂ ਕਿਹਾ ਕਿ ਇਸ ਘਟਨਾ ਵਿੱਚ ਪੀੜਤ ਪਰਿਵਾਰਾਂ ਨੂੰ 38 ਸਾਲ ਬੀਤਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲਿਆ। ਅਸੈਂਬਲੀ ਵਿੱਚ ਇਹ ਵੀ ਪਾਸ ਕੀਤਾ ਗਿਆ ਕਿ ਕੈਲੀਫੋਰ-ਨੀਆ ਵਿੱਚ ਹਰ ਸਾਲ 4 ਫਰਵਰੀ ਵਾਲਾ ਦਿਨ ਸਾਕਾ ਨਕੋਦਰ ਵਜੋਂ ਮਨਾਇਆ ਜਾਵੇਗਾ। ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸਾੜ ਦਿੱਤੀਆਂ ਗਈਆਂ ਸਨ। ਇਸ ਘਟਨਾ ਵਿਰੁੱਧ ਸ਼ਾਂਤਮਈ ਰੋਸ ਪ੍ਰਗਟਾਉਣ ਵਾਲੀ ਸਿੱਖ ਸੰਗਤ 'ਤੇ ਪੰਜਾਬ ਪੁਲੀਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ। ਇਸ ਘਟਨਾ ਵਿੱਚ ਪੁਲੀਸ ਦੀਆਂ ਗੋਲੀਆਂ ਨਾਲ ਚਾਰ ਸਿੱਖ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ, ਬਲਧੀਰ ਸਿੰਘ ਅਤੇ ਝਿਲਮਿਣ ਸਿੰਘ ਸ਼ਹੀਦ ਹੋ ਗਏ ਸਨ। ਉਸ ਸਮੇਂ ਸੂਬੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਕੈਲੀਫੋਰਨੀਆ ਦੀ ਅਸੈਂਬਲੀ ਵਿੱਚ ਡਾ। ਜਸਬੀਰ ਕੌਰ ਬੈਂਸ ਨੇ ਇਹ ਮਤਾ ਲਿਆਂਦਾ ਸੀ। ਇਸ ਮਤੇ ਦੀ ਪ੍ਰੋੜ੍ਹਤਾ ਲਿਜ਼ ਓਰਟੇਗਾ ਨੇ ਕੀਤੀ ਸੀ। ਇਸ 80 ਮੈਂਬਰੀ ਅਸੈਂਬਲੀ ਵਿੱਚ 79 ਮੈਂਬਰ ਹਨ ਤੇ ਇੱਕ ਸੀਟ ਖਾਲੀ ਹੈ। ਇਸ ਮਤੇ ਨੂੰ ਸਰਬਸਮੰਤੀ ਨਾਲ ਪਾਸ ਕਰਦਿਆਂ ਮੈਂਬਰਾਂ ਨੇ ਦੁੱਖ ਪ੍ਰਗਟਾਇਆ ਕਿ 38 ਸਾਲ ਬੀਤਣ 'ਤੇ ਵੀ ਪੀੜਤ ਪਰਿਵਾਰਾਂ ਨੂੰ ਇਨਸਾਫ਼ ਨਹੀਂ ਮਿਲ ਸਕਿਆ। ਇਸ ਮਤੇ ਵਿੱਚ ਇਸ ਗੱਲ ਦਾ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ ਕਿ ਅਮਰੀਕਾ ਅਤੇ ਕੈਲੀਫੋਰਨੀਆ ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰੀ ਢੰਗ ਨਾਲ ਰੋਸ ਪ੍ਰਦਰਸ਼ਨ ਕਰਨ ਦੀ ਵਕਾਲਤ ਕਰਦਾ ਹੈ। ਰੋਸ ਪ੍ਰਦਰਸ਼ਨ ਕਰਨਾ ਦੁਨੀਆਂ ਵਿੱਚ ਸਾਰੇ ਲੋਕਾਂ ਦਾ ਜਮਹੂਰੀ ਅਧਿਕਾਰ ਹੈ। ਅਸੈਂਬਲੀ ਵਿੱਚ ਹਾਜ਼ਰ ਮੈਂਬਰਾਂ ਨੇ ਇੱਕਸੁਰ ਹੁੰਦਿਆਂ ਕਿਹਾ ਕਿ ਉਹ ਨਕੋਦਰ ਦੇ ਪੀੜਤ ਪਰਿਵਾਰਾਂ ਨਾਲ ਇਕਜੁੱਟਤਾ ਨਾਲ ਖੜ੍ਹੇ ਹਨ। ਕੌਮਾਂਤਰੀ ਪੱਧਰ 'ਤੇ ਉਹ ਸਿੱਖ ਭਾਈਚਾਰੇ ਨਾਲ ਸੱਚ ਅਤੇ ਨਿਆਂ ਦੀ ਪੈਰਵੀ ਕਰਨ ਲਈ ਵਿਸ਼ਵ ਪੱਧਰੀ ਸਮਰਥਨ ਬਣਾਉਣਾ ਜਾਰੀ ਰੱਖਣਗੇ। ਮਤੇ ਵਿੱਚ ਕਿਹਾ ਗਿਆ ਕਿ ਸਿੱਖਾਂ ਵਿਰੁੱਧ ਨਫ਼ਰਤੀ ਪ੍ਰਚਾਰ ਅਤੇ ਮਨੁੱਖੀ ਅਧਿਕਾਰਾਂ ਦੀ ਕੀਤੀ ਗਈ ਉਲੰਘਣਾ ਦੀ ਕੈਲੇਫੋਰਨੀਆ ਅਸੈਂਬਲੀ ਨਿਖੇਧੀ ਕਰਦੀ ਹੈ। ਪਾਸ ਕੀਤੇ ਗਏ ਬਿੱਲ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਇਸ ਘਟਨਾ ਬਾਰੇ ਬਣਾਏ ਜਾਂਚ ਕਮਿਸ਼ਨ ਦੀ ਰਿਪੋਰਟ 'ਤੇ ਵੀ ਅਮਲ ਨਹੀਂ ਕੀਤਾ ਜਦੋਂਕਿ ਇਸ ਰਿਪੋਰਟ ਨੂੰ ਛੇ ਮਹੀਨਿਆਂ ਦੇ ਅੰਦਰ ਪੰਜਾਬ ਅਸੈਂਬਲੀ ਵਿੱਚ ਰੱਖ ਕੇ ਉਸ ਰਿਪੋਰਟ 'ਤੇ ਕਾਰਵਾਈ ਕਰਨੀ ਸੀ।



# ਪੰਜਾਬ ਦੇ ਸਿਆਸੀ ਪਾਣੀਆਂ 'ਚ ਹਲਚਲ, ਫਤਵਾ ਕਿਸੇ ਦੇ ਪੱਖ ਵਿਚ ਨਹੀਂ



ਜਗਤਾਰ ਸਿੰਘ

ਅੰਕੜਿਆਂ ਦੇ ਲਿਹਾਜ਼ ਤੋਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਚੋਂ ਕਾਂਗਰਸ ਨੇ ਸੱਤ ਸੀਟਾਂ ਬਰਕਰਾਰ ਰੱਖੀਆਂ ਹਨ (2019 ਵਿਚ ਪਾਰਟੀ ਨੇ ਅੱਠ ਸੀਟਾਂ ਜਿੱਤੀਆਂ ਸਨ)। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੇ ਤਿੰਨ ਸੀਟਾਂ ਜਿੱਤੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਇੱਕ ਸੀਟ ਆਈ ਹੈ। ਦੋ ਸੀਟਾਂ ਸਿੱਖ ਸਿਆਸਤ ਨਾਲ ਸਬੰਧਿਤ ਦੋ ਆਜ਼ਾਦ ਉਮੀਦਵਾਰਾਂ ਦੇ ਖਾਤੇ ਪਈਆਂ ਹਨ। ਉਂਝ, ਅੰਕੜਿਆਂ ਤੋਂ ਸੂਬੇ ਦੀ ਸਿਆਸਤ ਦੇ ਚੁਣਾਵੀ ਵਲਵਲਿਆਂ ਦਾ ਬਹੁਤਾ ਖੁਲਾਸਾ ਨਹੀਂ ਹੁੰਦਾ। ਬਿਨਾਂ ਸ਼ੱਕ, ਚੁਣਾਵੀ ਵਲਵਲੇ ਬਿਰਤਾਂਤ ਦੀ ਕੜੀ ਹੁੰਦੇ ਹਨ ਅਤੇ ਇਸ ਦਾ ਦੂਜਾ ਤੇ ਵਧੇਰੇ ਅਹਿਮ ਹਿੱਸਾ ਧਾਰਮਿਕ-ਸਿਆਸੀ ਵਲਵਲਿਆਂ ਨਾਲ ਜੁੜਿਆ ਹੁੰਦਾ ਹੈ। ਸਿੱਖ ਧਾਰਮਿਕ ਸਿਆਸੀ ਧਰਾਤਲ ਵਿੱਚ ਪਈ ਤਰੇੜ ਇਸ ਚੋਣ ਦਾ ਸਭ ਤੋਂ ਅਹਿਮ ਪਹਿਲੂ ਹੈ ਅਤੇ ਇਸ ਹਿੱਸੇ ਦੀ ਵਜਾਹਤ ਸਿਰਫ਼ ਧਾਰਮਿਕ-ਸਿਆਸੀ ਵਲਵਲੇ ਹੀ ਕਰ ਸਕਦੇ ਹਨ।

'ਆਪ' ਨੇ 2022 ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ 92 ਸੀਟਾਂ ਜਿੱਤ ਕੇ ਪੰਜਾਬ ਦੀ ਸੱਤਾ ਸੰਭਾਲੀ। ਬਹਰਹਾਲ, ਇਹਨੂੰ ਦੋ ਸਾਲਾਂ ਵਿੱਚ ਹੀ ਤਰੇਲੀਆਂ ਸ਼ੁਰੂ ਹੋ ਗਈਆਂ ਅਤੇ ਇਹ ਲੋਕ ਸਭਾ ਦੀਆਂ ਸਿਰਫ਼ ਤਿੰਨ ਸੀਟਾਂ- ਸੰਗਰੂਰ, ਅਨੰਦਪੁਰ ਸਾਹਿਬ ਤੇ ਹੁਸ਼ਿਆਰਪੁਰ, ਹੀ ਜਿੱਤ ਸਕੀ। ਇੱਕ ਹੋਰ ਅੰਕੜਾ ਹੈ ਕਿ ਪਾਰਟੀ ਦੋ ਸਾਲ ਪਹਿਲਾਂ ਜਿੱਤੇ 92 ਵਿਧਾਨ ਸਭਾ ਹਲਕਿਆਂ ਵਿੱਚੋਂ ਸਿਰਫ਼ 32 ਹਲਕਿਆਂ ਵਿੱਚ ਹੀ ਸਭ ਤੋਂ ਵੱਧ ਵੋਟਾਂ ਲੈ ਸਕੀ ਹੈ। ਰਵਾਇਤੀ ਪਾਰਟੀਆਂ ਤੋਂ ਅੱਕੇ ਲੋਕਾਂ ਨੇ ਨਵੀਂ ਪਾਰਟੀ ਨੂੰ ਬੇਮਿਸਾਲ ਫ਼ਤਵਾ ਦਿੱਤਾ ਸੀ ਪਰ ਇਹ ਸੂਬੇ ਲਈ ਕੋਈ ਭਵਿੱਖੀ ਨਜ਼ਰੀਆ ਪੇਸ਼ ਕਰਨ ਵਿੱਚ ਸਫਲ ਨਹੀਂ ਹੋ ਸਕੀ ਜਿੱਥੇ ਦੇ ਸਿਆਸੀ ਵਲਵਲਿਆਂ ਵਿੱਚ ਸਮੇਂ-ਸਮੇਂ 'ਤੇ ਮਜ਼ਬੂਤ ਲਹਿਰਾਂ ਵਹਿੰਦੀਆਂ ਰਹਿੰਦੀਆਂ ਹਨ। 'ਆਪ' ਨੇ ਆਪਣੇ ਆਪ ਨੂੰ ਖ਼ੈਰਾਤਾਂ/ਸੌਗਾਤਾਂ ਦੀ ਸਿਆਸਤ ਦੀ ਮੁਥਾਜ ਬਣਾ ਲਿਆ ਹੈ। ਖਿੱਤੇ ਦੇ ਇਤਿਹਾਸ ਦੀ ਸੂਝ-ਬੂਝ ਤੋਂ ਬਿਨਾਂ ਸੂਬੇ ਦਾ ਭਵਿੱਖੀ ਨਜ਼ਰੀਆ ਨਹੀਂ ਸਿਰਜਿਆ ਜਾ ਸਕਦਾ। 'ਆਪ' ਅਜੇ ਤੱਕ ਖ਼ੁਦ ਨੂੰ ਪੰਜਾਬ ਦੀ ਇਸ ਸਜੀਵ ਹਕੀਕਤ ਨਾਲ ਇਕਮਿਕ ਨਹੀਂ ਕਰ ਸਕੀ ਜਿਸ ਵਿੱਚ ਗ਼ੈਰਤ ਤੇ ਅਣਖ ਨਾਲ ਜਿਊਣ ਦਾ ਵੱਲ ਵੀ ਸ਼ਾਮਿਲ ਹੈ। 'ਆਪ' ਨੂੰ ਅਵਾਮ ਨਾਲ ਉਸਾਰੂ ਰਾਬਤਾ ਕਾਇਮ ਕਰਨਾ ਪਵੇਗਾ ਜੋ ਪੰਜਾਬ ਦੇ ਇਤਿਹਾਸਕ ਪ੍ਰਸੰਗ ਨੂੰ ਸਮਝੇ ਬਿਨਾਂ ਹੋ ਨਹੀਂ ਸਕੇਗਾ।

ਕਾਂਗਰਸ ਨੇ ਜਿਹੜੀਆਂ ਸੱਤ ਸੀਟਾਂ ਜਿੱਤੀਆਂ, ਉਨ੍ਹਾਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਫਿਰੋਜ਼ਪੁਰ, ਪਟਿਆਲਾ, ਲੁਧਿਆਣਾ ਤੇ ਫਤਿਹਗੜ੍ਹ ਸਾਹਿਬ ਸ਼ਾਮਿਲ ਹਨ। ਵਿਧਾਨ ਸਭਾ ਦੇ 54 ਹਲਕਿਆਂ 'ਚ ਇਹ ਦੂਜੇ ਸਥਾਨ 'ਤੇ ਰਹੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਵੋਟ ਫ਼ੀਸਦ 42.01 ਫ਼ੀਸਦ ਤੋਂ ਘਟ ਕੇ 26.02 ਰਹਿ ਗਈ ਹੈ। ਇੱਕ ਲਿਹਾਜ਼ ਤੋਂ ਪੰਜਾਬ ਵਿਚ ਕਾਂਗਰਸ ਕੋਲ ਵੀ ਕੋਈ ਏਜੰਡਾ ਨਹੀਂ ਹੈ ਅਤੇ ਇਸ ਦੀਆਂ ਸਾਰੀਆਂ ਆਸਾਂ ਸੱਤਾ ਵਿਰੋਧੀ ਰਾਜਨੀਤੀ 'ਤੇ ਹਨ। ਅਸਲ ਵਿੱਚ ਇਹ ਉਨ੍ਹਾਂ ਦਿਨਾਂ ਦੀ ਸੋਚ ਹੈ ਜਦੋਂ ਪੰਜਾਬ ਵਿਚ ਦੋ ਧੁਰੀ ਰਾਜਨੀਤੀ ਦੀ ਤੂਤੀ ਬੋਲਦੀ ਸੀ।

ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਭਾਵੇਂ ਬਠਿੰਡਾ ਸੀਟ ਬਚਾਉਣ ਵਿੱਚ ਕਾਮਯਾਬ ਰਹੇ ਪਰ ਪਾਰਟੀ ਦੀ ਵੋਟ ਫ਼ੀਸਦ ਮਹਿਜ਼ 13.43 ਰਹਿ ਗਈ। ਪਾਰਟੀ ਨੇ ਸਾਰੀਆਂ 13 ਸੀਟਾਂ 'ਤੇ ਉਮੀਦਵਾਰ ਉਤਾਰੇ ਪਰ ਇਸ ਦੇ 10 ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਸਿਰਫ਼ ਤਿੰਨ ਸੀਟਾਂ ਮਿਲੀਆਂ ਸਨ। ਕੀ ਪਾਰਟੀ ਇਸ ਨਿਘਾਰ ਦੇ ਕਾਰਨਾਂ ਦੀ ਪੜਚੋਲ ਕਰੇਗੀ? 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਜੇ ਤੱਕ ਪਾਰਟੀ ਨੇ ਇਹ ਕਵਾਇਦ ਨਹੀਂ ਕੀਤੀ। ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਪਾਰਟੀ ਨੇ ਕਾਰਨਾਂ ਦਾ ਪਤਾ ਲਾਉਣ ਅਤੇ ਪਾਰਟੀ ਦੇ ਮੁੜ ਉਭਾਰ ਲਈ ਸਿਫਾਰਸ਼ਾਂ ਕਰਨ ਲਈ ਕਮੇਟੀ ਬਣਾਈ ਸੀ ਪਰ ਇਸ ਦੀ ਰਿਪੋਰਟ ਅਜੇ ਤੱਕ ਨਸ਼ਰ ਨਹੀਂ ਕੀਤੀ। ਹੋਰ ਤਾਂ ਹੋਰ, ਕਮੇਟੀ ਦੇ ਮੈਂਬਰਾਂ ਨੂੰ ਵੀ ਇਸ ਰਿਪੋਰਟ ਦੀ ਕਾਪੀ ਨਹੀਂ ਮਿਲ ਸਕੀ।

ਸਿੱਖ ਭਾਈਚਾਰੇ ਦੀ ਤਰਜਮਾਨੀ ਕਰਦਾ ਰਿਹਾ ਸ਼੍ਰੋਮਣੀ ਅਕਾਲੀ ਦਲ ਉਦੋਂ ਤੋਂ ਹੀ ਭੰਬਲਭੂਸੇ ਦਾ ਸ਼ਿਕਾਰ ਹੈ ਜਦੋਂ ਤੋਂ ਇਸ ਨੇ ਆਪਣੀ ਭੂਮਿਕਾ ਨੂੰ ਮੁੜ ਪਰਿਭਾਸ਼ਤ ਕਰਨ ਦੀ ਸ਼ੁਰੂਆਤ ਕੀਤੀ ਸੀ। ਉਦੋਂ ਤੋਂ ਹੁਣ ਤੱਕ ਅਕਾਲੀ ਦਲ ਪੰਥ ਅਤੇ ਪੰਜਾਬ ਦੀ ਕਸ਼ਮਕਸ਼ ਵਿਚ ਜੂਝ ਰਿਹਾ ਹੈ। ਦੂਜੇ ਪਾਸੇ, ਅਕਾਲੀ ਦਲ ਲਈ ਬੁਰੀ ਖ਼ਬਰ ਇਹ ਹੈ ਕਿ ਲੰਮੇ ਸਮੇਂ ਤੱਕ ਇਸ ਦੀ ਭਿਆਲ ਰਹੀ ਭਾਜਪਾ ਹਾਲੀਆ ਲੋਕ ਸਭਾ ਚੋਣਾਂ ਵਿਚ 18.06 ਫ਼ੀਸਦ ਵੋਟਾਂ ਹਾਸਲ ਕਰ ਕੇ ਤੀਜੇ ਨੰਬਰ 'ਤੇ ਆ ਗਈ ਹੈ; ਅਕਾਲੀ ਦਲ ਦਾ ਮੁਕਾਮ ਹੁਣ ਚੌਥਾ ਹੈ। ਇਹੀ ਨਹੀਂ, ਅਕਾਲੀ ਦਲ ਸਿਰਫ਼ ਨੌਂ ਅਸੈਂਬਲੀ ਹਲਕਿਆਂ ਵਿੱਚ ਵੱਧ ਵੋਟਾਂ ਲੈ ਸਕਿਆ ਹੈ; ਭਾਜਪਾ ਨੇ 23 ਹਲਕਿਆਂ ਵਿੱਚ ਵੱਧ ਵੋਟਾਂ ਲਈਆਂ ਹਨ। ਕਾਂਗਰਸ ਨੇ 2022 ਵਾਲੀਆਂ ਚੋਣਾਂ ਦੇ ਮੁਕਾਬਲੇ 38 ਅਸੈਂਬਲੀ ਹਲਕਿਆਂ ਵਿਚ ਵੱਧ ਵੋਟਾਂ ਹਾਸਲ ਕੀਤੀਆਂ ਹਨ ਅਤੇ ਇਸ ਮਾਮਲੇ ਵਿਚ 'ਆਪ' ਦੀ ਹਾਲਤ 92 ਹਲਕਿਆਂ ਤੋਂ ਘਟ ਕੇ 32 ਹਲਕਿਆਂ ਤੱਕ ਸਿਮਟ ਗਈ ਹੈ। ਇਸ ਪੱਖੋਂ ਕਾਂਗਰਸ ਅਤੇ ਭਾਜਪਾ ਨੇ ਆਪੋ-ਆਪਣੀ ਸਥਿਤੀ ਵਿੱਚ ਸੁਧਾਰ ਲਿਆਂਦਾ ਹੈ।

ਭਾਜਪਾ ਨੇ ਧੂਮ ਧੜੱਕੇ ਨਾਲ ਪੰਜਾਬ ਦੇ ਚੁਣਾਵੀ ਮੈਦਾਨ 'ਚ ਪੈਰ ਧਰਿਆ ਪਰ ਪਾਰਟੀ ਦਾ ਖਾਤਾ ਨਹੀਂ ਖੁੱਲ੍ਹ ਸਕਿਆ। ਉਂਝ, ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਪਾਰਟੀ ਨੇ ਦਿਹਾਤੀ ਇਲਾਕਿਆਂ 'ਚ ਦਾਖ਼ਲਾ ਪਾ ਲਿਆ। ਹੁਣ ਇਸ ਦੀਆਂ ਨਜ਼ਰਾਂ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਹੋਣਗੀਆਂ। ਚੋਣ ਅਖਾੜੇ 'ਚ ਇਨ੍ਹਾਂ ਚਾਰ ਪਾਰਟੀਆਂ ਦੇ ਉਤਰਾਅ-ਚੜ੍ਹਾਅ ਆਮ ਚੁਣਾਵੀ ਪ੍ਰਕਿਰਿਆ ਵਰਗੇ ਹਨ। ਸੱਤਾ ਵਿੱਚ ਆਈ ਲਗਭਗ ਹਰ ਸਿਆਸੀ ਬਣਤਰ ਅਧੀਨ ਉਹੋ ਜਿਹਾ ਹੀ ਰਿਹਾ ਹੈ, ਭਾਵੇਂ ਉਹ ਅਕਾਲੀ-ਭਾਜਪਾ ਦਾ ਗੱਠਜੋੜ ਹੋਵੇ, ਕਾਂਗਰਸ ਹੋਵੇ ਜਾਂ ਫਿਰ ਹੁਣ 'ਆਪ'। ਸੂਬਾ ਦਹਾਕਿਆਂ ਤੋਂ ਉਨ੍ਹਾਂ ਹੀ ਮੁੱਦਿਆਂ ਨਾਲ ਜੂਝ ਰਿਹਾ ਹੈ।

ਇਨ੍ਹਾਂ ਰਾਜਨੀਤਕ ਜੋੜਾਂ ਦੀ ਸਫਲਤਾ ਜਾਂ ਨਾਕਾਮੀ ਸੂਬੇ ਦੇ ਸਿਆਸੀ ਤਾਣੇ-ਬਾਣੇ ਨੂੰ ਪ੍ਰਭਾਵਿਤ ਨਹੀਂ ਕਰਦੀ ਪਰ ਇੱਕ ਹੋਰ ਪਹਿਲੂ ਹੈ ਜੋ ਇਸ 'ਤੇ ਅਸਰ ਪਾਉਂਦਾ ਹੈ। ਇਹ ਸਭ ਤੋਂ ਮਹੱਤਵਪੂਰਨ ਪਹਿਲੂ ਦੋ ਸੀਟਾਂ (ਖਡੂਰ ਸਾਹਿਬ ਤੇ ਫਰੀਦਕੋਟ) ਦਾ ਚੋਣ ਨਤੀਜਾ ਹੈ।



ਨੌਜਵਾਨ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਦੀ ਸੀਟ ਪੰਜਾਬ ਵਿਚ ਸਭ ਤੋਂ ਵੱਡੇ ਫ਼ਰਕ (1,97,120 ਵੋਟਾਂ) ਨਾਲ ਜਿੱਤੀ ਹੈ। ਜਿੱਤ ਦਾ ਫ਼ਰਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਿੱਤੀ ਵਾਰਾਨਸੀ ਸੀਟ ਨਾਲੋਂ ਵੀ ਵੱਡਾ ਹੈ। ਇੰਦਰਾ ਗਾਂਧੀ ਦੇ ਕਾਤਲਾਂ ਵਿੱਚੋਂ ਇਕ ਬੇਅੰਤ ਸਿੰਘ ਦੇ ਪੁੱਤਰ ਸਰਬਜੀਤ ਸਿੰਘ ਨੇ ਫਰੀਦਕੋਟ ਸੀਟ 70,053 ਵੋਟਾਂ ਦੇ ਫ਼ਰਕ ਨਾਲ ਜਿੱਤੀ ਹੈ।

ਐੱਨਐੱਸਏ ਤਹਿਤ ਹਿਰਾਸਤ 'ਚ ਲਿਆ ਅੰਮ੍ਰਿਤਪਾਲ ਸਿੰਘ ਸਾਲ ਤੋਂ ਵੀ ਵੱਧ ਸਮੇਂ ਤੋਂ ਆਪਣੇ ਅੱਠ ਸਾਥੀਆਂ ਨਾਲ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਅੰਮ੍ਰਿਤਪਾਲ ਸਿੰਘ ਇਸ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਰਗੀ ਦਿੱਖ ਅਤੇ ਤਿੱਖੀ ਸਰਗਰਮੀ ਕਰ ਕੇ ਮਸ਼ਹੂਰ ਹੋਇਆ ਸੀ ਜਿਸ (ਭਿੰਡਰਾਂਵਾਲੇ) ਨੇ ਨਾ ਸਿਰਫ਼ ਪੰਜਾਬ ਬਲਕਿ ਭਾਰਤ ਦੇ ਇਤਿਹਾਸ 'ਚ ਆਪਣਾ ਵੱਖਰਾ ਨਾਂ ਦਰਜ ਕਰਵਾਇਆ ਹੈ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਨੂੰ ਸੰਤ ਭਿੰਡਰਾਂਵਾਲੇ ਦਾ ਹਵਾਲਾ ਦਿੱਤੇ ਬਿਨਾਂ ਨਹੀਂ ਸਮਝਾਇਆ ਜਾ ਸਕਦਾ ਜਿਸ ਦੀ ਯਾਦਗਾਰ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਬਣੀ ਹੋਈ ਹੈ। ਸਰਬਜੀਤ ਸਿੰਘ ਉਸ ਬੇਅੰਤ ਸਿੰਘ ਦਾ ਪੁੱਤਰ ਹੈ ਜੋ ਇੰਦਰਾ ਗਾਂਧੀ ਦੇ ਹਤਿਆਰਿਆਂ ਵਿਚੋਂ ਇੱਕ ਸੀ। ਇੰਦਰਾ ਗਾਂਧੀ ਦੀ ਹੱਤਿਆ ਉਸ ਦੇ ਅੰਗ ਰੱਖਿਅਕਾਂ ਨੇ ਗੋਲੀਆਂ ਮਾਰ ਕੇ ਕਰ ਦਿੱਤੀ ਸੀ। ਸਰਬਜੀਤ ਸਿੰਘ ਪਹਿਲਾਂ ਤਿੰਨ ਵਾਰ ਚੋਣ ਲੜ ਚੁੱਕਿਆ ਹੈ। ਹੁਣ ਅਚਾਨਕ ਉਹ ਸੁਰਖੀਆਂ ਵਿੱਚ ਆ ਗਿਆ। ਇਹ ਵੀ ਜ਼ਿਕਰਯੋਗ ਹੈ ਕਿ ਸਰਬਜੀਤ ਸਿੰਘ ਆਮ ਜ਼ਿੰਦਗੀ ਗੁਜ਼ਾਰ ਰਿਹਾ ਸੀ ਤੇ ਬਹੁਤਾ ਸਰਗਰਮ ਨਹੀਂ ਸੀ; ਅੰਮ੍ਰਿਤਪਾਲ ਸਿੰਘ ਗ੍ਰਿਫ਼ਤਾਰੀ ਤੋਂ ਪਹਿਲਾਂ ਪੂਰੀ ਤਰ੍ਹਾਂ ਸਰਗਰਮ ਸੀ।

ਸਰਬਜੀਤ ਸਿੰਘ ਲਈ ਪ੍ਰਚਾਰ ਕਰਨ ਵਾਲਿਆਂ ਨੇ ਉਸ ਦੇ ਨਾਂ ਉੱਤੇ ਨਹੀਂ ਸਗੋਂ ਉਸ ਦੇ ਪਿਤਾ ਦੇ ਨਾਂ ਉੱਤੇ ਵੋਟਾਂ ਮੰਗੀਆਂ ਜਿਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸਾਕਾ ਨੀਲਾ ਤਾਰਾ ਦਾ ਬਦਲਾ ਲੈ ਕੇ ਉਸ ਨੇ ਸਿੱਖਾਂ ਦਾ ਇੱਜ਼ਤ-ਮਾਣ ਬਹਾਲ ਕੀਤਾ। ਦਰਬਾਰ ਸਾਹਿਬ ਕੰਪਲੈਕਸ 'ਤੇ ਫ਼ੌਜੀ ਕਾਰਵਾਈ ਜੂਨ 1984 ਵਿਚ ਹੋਈ ਸੀ ਅਤੇ ਇੰਦਰਾ ਗਾਂਧੀ ਦੀ ਹੱਤਿਆ ਉਸੇ ਸਾਲ 31 ਅਕਤੂਬਰ ਨੂੰ ਹੋਈ। ਸਰਬਜੀਤ ਸਿੰਘ ਨੇ ਲੰਘੇ ਸਾਲਾਂ 'ਚ ਚੋਣ ਲੜਨ ਦੀ ਆਪਣੀ ਇੱਛਾ ਸਿੱਖ ਹਲਕਿਆਂ 'ਚ ਸਰਗਰਮ ਲੋਕਾਂ (ਸ਼੍ਰੋਮਣੀ ਅਕਾਲੀ ਦਲ ਨਹੀਂ) ਕੋਲ ਜ਼ਾਹਿਰ ਕੀਤੀ ਸੀ। ਇਸ ਬਾਰੇ ਫੈਸਲਾ ਕਰਨ ਲਈ ਰੋਡੇ ਪਿੰਡ ਦੇ ਗੁਰਦੁਆਰੇ ਵਿੱਚ ਇਕੱਤਰਤਾ ਹੋਈ। ਸੰਤ ਭਿੰਡਰਾਂਵਾਲੇ ਦੇ ਇਸੇ ਜੱਦੀ ਪਿੰਡ ਤੋਂ ਪ੍ਰਚਾਰ ਸ਼ੁਰੂ ਹੋਇਆ। ਅੰਮ੍ਰਿਤਪਾਲ ਸਿੰਘ ਨੇ ਵੀ ਜਸਬੀਰ ਸਿੰਘ ਰੋਡੇ ਦੀ ਹਾਜ਼ਰੀ ਵਿਚ ਇਸੇ ਗੁਰਦੁਆਰੇ 'ਚ ਸਮਰਪਣ ਕੀਤਾ ਸੀ।

ਮੁੱਦਾ ਇਹ ਹੈ ਕਿ ਸਿੱਖ ਧਾਰਮਿਕ-ਰਾਜਨੀਤਕ ਹਲਕਿਆਂ 'ਚ ਅਚਾਨਕ ਇਹ ਉਬਾਲ ਕਿਉਂ ਆਇਆ। ਇਸ ਦਾ ਅੰਸ਼ਕ ਤੌਰ 'ਤੇ ਇਕ ਜਵਾਬ ਸ਼੍ਰੋਮਣੀ ਅਕਾਲੀ ਦਲ ਦੇ ਲਗਾਤਾਰ ਬਾਈਕਾਟ ਵਿਚੋਂ ਖੋਜਿਆ ਜਾ ਸਕਦਾ ਹੈ। ਵਿਚਾਰਧਾਰਕ ਤਬਦੀਲੀ ਦੇ ਹਿੱਸੇ ਵਜੋਂ ਪਾਰਟੀ ਵੱਲੋਂ ਪੰਥਕ ਖਲਾਅ ਛੱਡਣ ਤੋਂ ਬਾਅਦ ਇਹ ਲਗਾਤਾਰ ਹਾਸ਼ੀਏ 'ਤੇ ਜਾ ਰਹੀ ਹੈ।

ਨਾ-ਇਨਸਾਫ਼ੀ ਦਾ ਇਤਿਹਾਸਕ ਭਾਵ ਲਗਾਤਾਰ ਸਿੱਖ ਬਿਰਤਾਂਤ ਦਾ ਹਿੱਸਾ ਬਣਿਆ ਹੋਇਆ ਹੈ, ਇੱਥੇ ਮੌਕਾ ਸੀ ਇਨ੍ਹਾਂ ਦੁਖਦੇ ਜਜ਼ਬਾਤ ਨੂੰ ਪ੍ਰਗਟ ਕਰਨ ਦਾ, ਤੇ ਇਸ ਨੇ ਆਪਣੇ ਆਪ ਨੂੰ ਜਤਾਉਣ ਲਈ ਲੋਕਰਾਜੀ ਰਾਹ ਲੱਭ ਲਿਆ।

ਇਹ ਹਾਲਤ ਸਿੱਖ ਹਲਕਿਆਂ 'ਚ ਇੱਕ ਵਾਰ ਫਿਰ ਪੰਥਕ ਮੁੱਦਿਆਂ ਨੂੰ ਪ੍ਰਣਾਈ ਮਜ਼ਬੂਤ ਅਕਾਲੀ ਪਾਰਟੀ ਦੀ ਚਰਚਾ ਛੇੜ ਸਕਦੀ ਹੈ ਜਿਨ੍ਹਾਂ ਮੁੱਦਿਆਂ ਦੀਆਂ ਜੜ੍ਹਾਂ ਮਨੁੱਖਤਾ ਅਤੇ ਸਰਬੱਤ ਦੇ ਭਲੇ ਵਿਚ ਲੱਗੀਆਂ ਹੋਈਆਂ ਹਨ। ਪੰਥ ਇਸ ਬਿਰਤਾਂਤ ਲਈ ਨੈਤਿਕ ਹਮਾਇਤ ਤੇ ਅਖ਼ਤਿਆਰ ਦੇਵੇਗਾ।

ਜੂਨ 1984 ਵਿੱਚ ਫ਼ੌਜ ਦੇ ਦਰਬਾਰ ਸਾਹਿਬ 'ਤੇ ਹਮਲੇ ਨੂੰ 40 ਸਾਲ ਬੀਤ ਚੁੱਕੇ ਹਨ, ਹੁਣ ਸਿੱਖ ਸਿਆਸੀ-ਧਾਰਮਿਕ ਹਲਚਲ ਭਾਰਤ ਦੇ ਭੂ-ਰਾਜਨੀਤਕ ਦ੍ਰਿਸ਼ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰ ਰਹੀ। ਪੰਜਾਬ ਦੀਆਂ ਸਿਆਸੀ ਪਾਰਟੀਆਂ ਇਸ ਪਹਿਲੂ ਬਾਰੇ ਅਵੇਸਲੀਆਂ ਹਨ। ਪੰਜਾਬ ਦੇ ਪਰਵਾਸੀ ਸਿੱਖਾਂ ਨਾਲ ਮਜ਼ਬੂਤ ਸਬੰਧ ਹਨ। ਖਡੂਰ ਸਾਹਿਬ ਅਤੇ ਫਰੀਦਕੋਟ ਦਾ ਵਰਤਾਰਾ ਬਿਲਕੁਲ ਵੱਖਰਾ ਬਿਰਤਾਂਤ ਨਹੀਂ ਹੈ। ਹੁਣ ਦੇਖਣਾ ਇਹ ਹੈ ਕਿ ਪੰਜਾਬ ਆਉਣ ਵਾਲੇ ਸਮੇਂ ਵਿਚ ਕੋਈ ਨਵੀਂ ਸ਼ੁਰੂਆਤ ਕਰਦਾ ਹੈ ਜਾਂ ਪਹਿਲੇ ਰਾਹ 'ਤੇ ਤੁਰਦਾ ਰਹੇਗਾ।

# ਮੋਦੀ ਦੇ ਤੀਜੇ ਕਾਰਜਕਾਲ ਨੂੰ ਦਰਪੇਸ਼ ਚੁਣੌਤੀਆਂ

(ਸਫਾ 2 ਦੀ ਬਾਕੀ)

ਆਲੋਚਨਾ ਨੂੰ ਬਾਇਡਨ ਪ੍ਰਸ਼ਾਸਨ ਦੀ ਹਮਾਇਤ ਹੈ। ਇਹ ਧਾਰਨਾ ਵੀ ਹੈ ਕਿ ਅਮਰੀਕਾ 'ਚ ਇਸ ਤਰ੍ਹਾਂ ਦੀ ਮੀਡੀਆ ਆਲੋਚਨਾ ਸ਼ਾਇਦ ਹੋਰ ਹਲਕੀ ਹੋ ਜਾਵੇ, ਜੇਕਰ ਡੋਨਲਡ ਟਰੰਪ ਜੋ ਕਿ ਭਾਰਤ ਪ੍ਰਤੀ ਦੋਸਤਾਨਾ ਹਨ, ਇਸ ਸਾਲ ਅਗਾਮੀ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਜੇਤੂ ਬਣ ਕੇ ਉਭਰਨ। ਭਾਰਤ ਸ਼ਾਇਦ ਉਨ੍ਹਾਂ ਗਿਣਤੀ ਦੇ ਕੁਝ ਦੇਸ਼ਾਂ 'ਚ ਹੈ ਜਿਸ ਦੀ ਲੀਡਰਸ਼ਿਪ ਤੇ ਲੋਕਾਂ ਨੂੰ ਰਾਸ਼ਟਰਪਤੀ ਟਰੰਪ ਉਨ੍ਹਾਂ ਦੇ ਭਾਰਤ ਦੌਰੇ ਦੌਰਾਨ ਸਨੇਹੀ ਤੇ ਸਪੱਸ਼ਟਵਾਦੀ ਜਾਪੇ ਹਨ। ਟਰੰਪ ਨੂੰ ਚੀਨ ਸਬੰਧੀ ਕੋਈ ਵੀ ਭੁਲੇਖਾ ਜਾਂ ਤਾਂਘ ਨਹੀਂ ਹੈ ਅਤੇ ਪਾਕਿਸਤਾਨ ਬਾਰੇ ਤਾਂ ਉਹ ਸੋਚਣ 'ਚ ਵੀ ਕੋਈ ਰੁਚੀ ਨਹੀਂ ਰੱਖਦੇ। ਬਾਇਡਨ ਪ੍ਰਸ਼ਾਸਨ ਦੇ ਅਮਲ ਤੋਂ ਉਲਟ, ਸਾਬਕਾ ਰਾਸ਼ਟਰਪਤੀ ਟਰੰਪ ਨੇ ਭਾਰਤ ਨੂੰ ਲੋਕਤੰਤਰ ਬਾਰੇ ਕੋਈ ਉਪਦੇਸ਼ ਨਹੀਂ ਦਿੱਤਾ। ਫੇਰ ਵੀ, ਅਮਰੀਕਾ ਨਾਲ ਰਿਸ਼ਤੇ ਨਿਰੰਤਰ ਵਧੇ ਹਨ, ਅਮਰੀਕਾ ਤੇ ਭਾਰਤ ਦਰਮਿਆਨ ਸਮੁੰਦਰੀ ਸੰਪਰਕ ਮਜ਼ਬੂਤ ਕਰਨ ਲਈ ਜ਼ਿਕਰਯੋਗ ਤਾਲਮੇਲ ਹੋਇਆ ਹੈ। ਗਾਜ਼ਾ 'ਤੇ ਇਜ਼ਰਾਈਲ ਦੇ ਹੱਲੇ ਦੇ ਨਾਲ-ਨਾਲ ਹਿੰਦ ਮਹਾਸਾਗਰੀ ਖੇਤਰ 'ਚ ਫੈਲੇ ਤਣਾਅ ਅਤੇ ਸਮੁੰਦਰੀ ਧਾੜਵੀਆਂ ਦੀਆਂ ਗਤੀਵਿਧੀਆਂ ਤੋਂ ਬਾਅਦ ਇਹ ਇਕ ਮਹੱਤਵਪੂਰਨ ਉਭਾਰ ਰਿਹਾ ਹੈ। ਹਰਮੁਜ਼ ਤੋਂ ਲੈ ਕੇ ਮਲੱਕਾ ਜਲਮਾਰਗ ਅਤੇ ਫਾਰਸ ਦੀ ਖਾੜੀ ਤੱਕ ਫੈਲੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਦੀ ਵਧਦੀ ਹੱਠਧਰਮੀ ਦੇ ਮੱਦੇਨਜ਼ਰ ਅਮਰੀਕਾ ਲਗਾਤਾਰ ਭਾਰਤ ਨੂੰ ਮਹੱਤਵਪੂਰਨ ਰਣਨੀਤਕ ਭਾਈਵਾਲ ਮੰਨਦਾ ਆ ਰਿਹਾ ਹੈ।

ਚੀਨ ਤੇ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ 'ਤੇ ਭਾਰਤ ਦੀਆਂ ਮੁਸ਼ਕਲਾਂ ਤੇ ਤਣਾਅ ਜਾਰੀ ਰਹਿਣ ਵਾਲੇ ਹਨ। ਲਗਭਗ ਦੀਵਾਲੀਆ ਹੋਣ ਦੇ ਬਾਵਜੂਦ, ਜਾਪਦਾ ਹੈ ਕਿ ਪਾਕਿਸਤਾਨ, ਭਾਰਤ 'ਚ ਅਤਿਵਾਦ ਨੂੰ ਸ਼ਹਿ ਦੇਣ ਤੋਂ ਪਿਛਾਂਹ ਹਟਣ ਲਈ ਤਿਆਰ ਨਹੀਂ ਹੈ। ਸ਼ਰੀਫ ਭਰਾਵਾਂ ਤੇ ਉਨ੍ਹਾਂ ਦੀ ਸਿਵਲੀਅਨ ਸਰਕਾਰ ਨੇ ਜਿੱਥੇ ਪਾਕਿਸਤਾਨ ਦਾ ਦੀਵਾਲੀਆ ਕੱਢ ਦਿੱਤਾ ਹੈ, ਉੱਥੇ ਭਾਰਤ ਦਾ ਸਾਹਮਣਾ ਵੀ ਹਮਲਾਵਰ ਸੁਭਾਅ ਰੱਖਦੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨਾਲ ਹੋ ਰਿਹਾ ਹੈ ਜੋ ਕਿ ਕੌਮੀ ਸੁਰੱਖਿਆ ਦੀਆਂ ਨੀਤੀਆਂ 'ਤੇ ਕਾਫ਼ੀ ਅਸਰ ਰਸੂਖ਼ ਰੱਖਦੇ ਹਨ। ਆਪਣੇ ਉਸਤਾਦ ਤੇ ਸਾਬਕਾ ਫੌਜ ਮੁਖੀ ਜਨਰਲ ਬਾਜਵਾ ਤੋਂ ਉਲਟ, ਜੋ ਕਿ ਭਾਰਤ ਨਾਲ ਤਣਾਅ ਦਾ ਵਿੱਤੀ ਤੇ ਕੂਟਨੀਤਕ ਨੁਕਸਾਨ ਸਮਝਦੇ ਹਨ, ਜਨਰਲ ਮੁਨੀਰ ਭਾਰਤ 'ਚ, ਖਾਸ ਤੌਰ 'ਤੇ ਜੰਮੂ ਕਸ਼ਮੀਰ ਵਿਚ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਪ੍ਰਤੀ ਦ੍ਰਿੜ੍ਹ ਜਾਪਦੇ ਹਨ। ਜਨਰਲ ਮੁਨੀਰ ਦੀ ਸ਼ਹਿ ਪ੍ਰਾਪਤ ਅਤਿਵਾਦ ਦਾ ਭਾਰਤ ਨੂੰ ਕੂਟਨੀਤਕ ਤੇ ਫੌਜੀ ਦੋਵਾਂ ਤਰੀਕਿਆਂ ਨਾਲ ਜਵਾਬ ਦੇਣ ਦੀ ਲੋੜ ਹੈ।

ਹਾਲਾਂਕਿ ਸ਼ਰੀਫ ਭਰਾ ਪਾਕਿਸਤਾਨ ਦਾ ਨਾਗਰਿਕ ਤੇ ਸਿਆਸੀ ਤੰਤਰ ਸੰਭਾਲ ਰਹੇ ਹਨ ਪਰ ਮੁਨੀਰ ਦੀ ਮਦਦ ਨਾਲ ਜਾਰੀ ਦਹਿਸ਼ਤਗਰਦੀ 'ਤੇ ਉਹ ਜ਼ਿਆਦਾ ਕੁਝ ਕਹਿਣ ਜਾਂ ਦਖ਼ਲ ਦੇਣ ਦੀ ਹਾਲਤ 'ਚ ਨਹੀਂ ਹਨ ਜੋ ਪਹਿਲਾਂ ਹੀ ਜੰਮੂ ਕਸ਼ਮੀਰ, ਅਤੇ ਪਾਕਿਸਤਾਨ ਨਾਲ ਲੱਗਦੀ ਭਾਰਤ ਦੀ ਸਰਹੱਦ 'ਤੇ ਹੋਰ ਕਈ ਥਾਈਂ ਜਾਰੀ ਹੈ। ਇਸ ਤੋਂ ਇਲਾਵਾ, ਭਾਰਤ ਨੂੰ ਦੇਸ਼ ਵਿਚ ਦਹਿਸ਼ਤੀ ਗਤੀਵਿਧੀਆਂ ਚਲਾ ਰਹੇ ਆਸਿਮ ਮੁਨੀਰ 'ਤੇ ਜੰਮੂ ਕਸ਼ਮੀਰ ਤੋਂ ਬਾਹਰ ਵੀ ਤਿੱਖੀ ਨਜ਼ਰ ਰੱਖਣ ਦੀ ਲੋੜ ਹੈ। ਅਫ਼ਗਾਨਿਸਤਾਨ ਨਾਲ ਲੱਗਦੀਆਂ ਸਰਹੱਦਾਂ 'ਤੇ ਬਣੇ ਤਣਾਅ ਨਾਲ ਨਜਿੱਠਣ 'ਚ ਪਾਕਿਸਤਾਨ ਪਹਿਲਾਂ ਹੀ ਕਾਫ਼ੀ ਉਲਝਿਆ ਹੋਇਆ ਹੈ। ਇਸ ਦੌਰਾਨ ਭਾਰਤ ਤੇ ਇਰਾਨ, ਦੋਵਾਂ ਦੇ ਕਾਬੁਲ ਨਾਲ ਉਸਾਰੂ ਰਿਸ਼ਤੇ ਹਨ, ਭਾਰਤ ਉੱਥੇ ਆਰਥਿਕ ਸਹਿਯੋਗ 'ਤੇ ਧਿਆਨ ਕੇਂਦਰਤ ਕਰ ਰਿਹਾ ਹੈ। ਫੇਰ ਵੀ, ਇਹ ਮਹੱਤਵਪੂਰਨ ਹੈ ਕਿ ਪਾਕਿਸਤਾਨ ਨਾਲ ਸੰਚਾਰ ਦੇ 'ਪਰਦੇ ਪਿਛਲੇ ਮਾਧਿਅਮ' ਖੁੱਲ੍ਹੇ ਰੱਖੇ ਜਾਣ ਤਾਂ ਕਿ ਗੁਆਂਢੀ ਮੁਲਕ ਦੇ ਸੰਪਰਕ 'ਚ ਰਿਹਾ ਜਾ ਸਕੇ ਜਿਵੇਂ ਕਿ ਅਤੀਤ ਵਿਚ ਵੀ ਕੀਤਾ ਜਾਂਦਾ ਰਿਹਾ ਹੈ। ਪਰ ਪਾਕਿਸਤਾਨ ਨੂੰ ਭਾਰਤ ਨਾਲ ਹੁੰਦੀ ਹਰੇਕ ਬੈਠਕ ਨੂੰ ਪ੍ਰਾਪੇਗੰਡੇ ਦਾ ਸਾਧਨ ਬਣਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਇਸੇ ਦੌਰਾਨ, ਜੇ ਪਾਕਿਸਤਾਨ, ਭਾਰਤੀ ਧਰਤੀ 'ਤੇ ਅਤਿਵਾਦ ਨੂੰ ਸ਼ਹਿ ਦੇਣ ਤੋਂ ਪਿੱਛੇ ਨਹੀਂ ਹਟਦਾ ਤਾਂ ਭਾਰਤ ਨੂੰ ਤਿੱਖੀ ਜਵਾਬੀ ਕਾਰਵਾਈ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।

# ਆਰਥਿਕ ਵਿਕਾਸ ਦੇ ਰੋੜੇ ਨਾਬਰਾਬਰੀ ਤੇ ਬੇਰੁਜ਼ਗਾਰੀ



ਸੁੱਚਾ ਸਿੰਘ ਗਿੱਲ

ਭਾਰਤੀ ਵਿਕਾਸ ਪੰਧ ਦੇ ਅੜਿੱਕੇ ਇਸ ਦੀਆਂ ਆਰਥਿਕ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਣ ਦੇ ਰਹੇ। ਨਤੀਜਤਨ, ਕੋਵਿਡ ਦੇ ਸਾਲਾਂ (2020-21 ਅਤੇ 2021-22) ਨੂੰ ਛੱਡ ਕੇ 2011-12 ਤੋਂ ਲੈ ਕੇ ਇਕ ਦਹਾਕੇ ਤੋਂ ਵੱਧ ਅਰਸੇ ਦੌਰਾਨ ਦਰਜ ਕੀਤੀ ਗਈ ਅਰਥਚਾਰੇ ਦੀ ਵਿਕਾਸ ਦਰ ਇਸ ਦੀ ਸੰਭਾਵੀ ਦਰ ਨਾਲੋਂ ਕਾਫ਼ੀ ਘੱਟ ਚੱਲ ਰਹੀ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਵਿੱਚ ਵਾਧੇ ਦੀ ਦਰ ਕਰੀਬ ਇਕ ਫ਼ੀਸਦ ਰਹੀ ਜੋ ਆਬਾਦੀ ਵਿੱਚ ਵਾਧੇ ਦੀ ਦਰ ਦੇ ਆਸ ਪਾਸ ਹੀ ਸੀ ਜਿਸ ਕਰ ਕੇ ਇਸ ਦੀ ਪ੍ਰਤੀ ਜੀਅ ਆਮਦਨ ਸਥਿਰ ਜਾਂ ਕਾਫ਼ੀ ਘੱਟ ਬਣੀ ਰਹੀ। ਆਜ਼ਾਦੀ ਤੋਂ ਬਾਅਦ ਤਿੰਨ ਦਹਾਕਿਆਂ (1950-51 ਤੋਂ 1980-81) ਦੌਰਾਨ ਜੀਡੀਪੀ ਵਿਚ ਵਾਧੇ ਦੀ ਔਸਤਨ ਸਾਲਾਨਾ ਦਰ 3.5 ਫ਼ੀਸਦ ਸੀ ਜਦਕਿ ਆਬਾਦੀ ਵਿਚ ਵਾਧੇ ਦੀ ਦਰ 2 ਫ਼ੀਸਦ ਜਾਂ ਇਸ ਤੋਂ ਜ਼ਿਆਦਾ ਰਹੀ ਅਤੇ ਜੋ ਪ੍ਰਤੀ ਜੀਅ ਆਮਦਨ ਵਿੱਚ ਮੱਠੀ ਰਫ਼ਤਾਰ ਨੂੰ ਦਰਸਾਉਂਦੀ ਹੈ। ਪਰ 1980ਵਿਆਂ ਦੇ ਦਹਾਕੇ ਵਿੱਚ ਜੀਡੀਪੀ ਵਿੱਚ ਸਾਲਾਨਾ ਵਾਧੇ ਦੀ ਦਰ 3.5 ਫ਼ੀਸਦ ਤੋਂ ਵਧ ਕੇ 5.5 ਫ਼ੀਸਦ ਹੋ ਗਈ। 1990ਵਿਆਂ ਵਿਚ ਆਰਥਿਕ ਸੁਧਾਰਾਂ ਦੇ ਰੂਪ ਵਿੱਚ ਇਕ ਵੱਡਾ ਮੋੜ ਆਇਆ ਜਿਸ ਨੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਖੋਲ੍ਹ ਦਿੱਤਾ। ਸਾਲ 2003-04 ਤੋਂ 2010-11 ਦੇ ਅੱਠ ਸਾਲਾਂ ਵਿੱਚ ਆਰਥਿਕ ਵਿਕਾਸ ਦਰ 8 ਫ਼ੀਸਦ ਜਾਂ ਇਸ ਤੋਂ ਜ਼ਿਆਦਾ ਦਰਜ ਕੀਤੀ ਗਈ। ਉੱਚੀ ਵਿਕਾਸ ਦਰ ਦੀ ਪਰਵਾਜ਼ ਨੇ ਬਹੁਤ ਸਾਰੇ ਅਰਥਸ਼ਾਸਤਰੀਆਂ ਨੂੰ ਅਰਥਚਾਰੇ ਦੀ ਸੰਭਾਵੀ ਵਿਕਾਸ ਦਰ ਦਾ ਖਾਕਾ ਤਿਆਰ ਕਰਨ ਲਈ ਪ੍ਰੇਰਿਤ ਕੀਤਾ। ਡੈਨੀ ਰੌਡ੍ਰਿਕ ਅਤੇ ਅਰਵਿੰਦ ਸੁਬਰਾਮਨੀਅਨ (2004) ਨੇ 2025 ਤੱਕ ਸੰਭਾਵੀ ਆਰਥਿਕ ਵਿਕਾਸ ਦਰ 7 ਫ਼ੀਸਦ ਤੋਂ ਉਪਰ ਰਹਿਣ ਦਾ ਅਨੁਮਾਨ ਲਾਇਆ ਸੀ। ਤੁਸ਼ਾਰ ਪੋਦਾਰ ਅਤੇ ਏਵਾ ਯੀ (2007) ਨੇ 2020 ਤੱਕ ਸੰਭਾਵੀ ਆਰਥਿਕ ਵਿਕਾਸ ਦਰ 8 ਫ਼ੀਸਦ ਤੋਂ ਉਪਰ ਰਹਿਣ ਦਾ ਅਨੁਮਾਨ ਲਾਇਆ ਸੀ। ਸੀ। ਰੰਗਰਾਜਨ ਅਤੇ ਡੀਕੇ ਸ੍ਰੀਵਾਸਤਵ (2017) ਨੇ 2029-30 ਤੱਕ ਸੰਭਾਵੀ ਆਰਥਿਕ ਵਿਕਾਸ ਦਰ 8 ਫ਼ੀਸਦ ਤੋਂ 8.1 ਫ਼ੀਸਦ ਰਹਿਣ ਦਾ ਕਿਆਸ ਲਾਇਆ ਸੀ। ਇਨ੍ਹਾਂ ਅਨੁਮਾਨਾਂ ਤੋਂ ਸੰਕੇਤ ਮਿਲਦਾ ਹੈ ਕਿ ਭਾਰਤੀ ਅਰਥਚਾਰੇ ਦੀ ਸੰਭਾਵੀ ਵਿਕਾਸ ਦਰ ਦਰਮਿਆਨੀ ਅਤੇ ਲੰਮੀ ਮਿਆਦ ਲਈ 8 ਫ਼ੀਸਦ ਦੇ ਆਸ-ਪਾਸ ਰਹਿਣ ਦੀ ਸੰਭਾਵਨਾ ਹੈ ਪਰ 2003 ਤੋਂ 2010-11 ਤੱਕ ਸਿਰਫ਼ ਅੱਠ ਸਾਲਾਂ ਵਿੱਚ ਹੀ ਇਹ ਸੰਭਾਵੀ ਵਿਕਾਸ ਦਰ ਹਾਸਲ ਕੀਤੀ ਜਾ ਸਕੀ। ਹਾਲਾਂਕਿ ਸਰਕਾਰ ਦਾ ਦਾਅਵਾ ਹੈ ਕਿ ਭਾਰਤ 2047 ਤੱਕ 25 ਖਰਬ (ਟ੍ਰਿਲੀਅਨ) ਡਾਲਰ ਦਾ ਅਰਥਚਾਰਾ ਬਣ ਸਕਦਾ ਹੈ ਪਰ ਸ਼ਾਇਦ ਇਸ ਨੇ ਇਸ ਤੱਥ ਨੂੰ ਨਜ਼ਰਅੰਦਾਜ਼ ਕੀਤਾ ਹੈ ਕਿ ਅਰਥਚਾਰੇ ਦੀ ਕਾਰਗੁਜ਼ਾਰੀ ਇਸ ਦੇ ਸੰਭਾਵੀ ਪੱਧਰ ਤੋਂ ਕਾਫ਼ੀ ਨੀਵੀਂ ਬਣੀ ਹੋਈ ਹੈ। ਇਸੇ ਲਈ ਇਸ ਰੁਝਾਨ ਪਿਛਲੇ ਕਾਰਨਾਂ ਦੀ ਸ਼ਨਾਖਤ ਕਰਨ ਦੀ ਜ਼ਹਿਮਤ ਨਹੀਂ ਕੀਤੀ ਗਈ। ਇਸ ਨੂੰ ਸਮਝਣ ਦੀ ਲੋੜ ਹੈ ਤਾਂ ਕਿ ਭਾਰਤ ਇਕ ਵਿਕਸਤ ਮੁਲਕ ਬਣਨ ਵੱਲ ਆਪਣਾ ਸਫ਼ਰ ਤੈਅ ਕਰਨ ਦੇ ਯੋਗ ਬਣ ਸਕੇ। 2010-11 ਤੋਂ ਬਾਅਦ ਦੇ ਅਰਸੇ ਦੌਰਾਨ ਸਾਡੇ ਅਰਥਚਾਰੇ ਦੇ ਆਪਣੀ ਸੰਭਾਵੀ ਵਿਕਾਸ ਦਰ ਹਾਸਲ ਕਰਨ ਦੇ ਰਾਹ ਵਿੱਚ ਦਰਪੇਸ਼ ਔਕੜਾਂ ਮੁਤੱਲਕ ਕਾਫ਼ੀ ਅੰਕੜਾਗਤ ਸਬੂਤ ਸਾਹਮਣੇ ਆਏ ਹਨ। ਸਭ ਤੋਂ ਜਬਰਦਸਤ ਚੁਣੌਤੀ ਦੇਸ਼ ਅੰਦਰ ਵਧ ਰਹੀ ਬੇਰੁਜ਼ਗਾਰੀ ਦੇ ਰੂਪ ਵਿੱਚ ਸਾਹਮਣੇ ਆਈ ਹੈ। ਹਾਲੀਆ ਵਕਤੀ ਕਿਰਤ ਸ਼ਕਤੀ ਬਾਰੇ ਹੋਏ ਸਰਵੇਖਣਾਂ ਤੋਂ ਪਤਾ ਚੱਲਿਆ ਹੈ ਕਿ ਸਾਲ 2022 ਵਿਚ ਬੇਰੁਜ਼ਗਾਰੀ ਦੀ ਦਰ 6.4 ਫ਼ੀਸਦ ਰਹੀ ਜੋ ਭਾਰਤ ਵਿਚ ਪਿਛਲੇ 40 ਸਾਲਾਂ ਵਿੱਚ ਸਭ ਤੋਂ ਉੱਚੀ ਦਰ ਸੀ। ਇਹ ਇਸ ਤੱਥ ਕਰ ਕੇ ਰਹੀ ਹੈ ਕਿਉਂਕਿ 2003-04 ਵਿੱਚ ਰੁਜ਼ਗਾਰ ਰਹਿਤ ਵਿਕਾਸ ਅਤੇ 2012-13 ਤੋਂ ਬਾਅਦ ਰੁਜ਼ਗਾਰ ਮਾਰੂ ਵਿਕਾਸ ਹੁੰਦਾ ਰਿਹਾ ਹੈ। ਮਸ਼ੀਨੀਕਰਨ ਕਰ ਕੇ ਖੇਤੀਬਾੜੀ ਤੋਂ ਫਾਰਗ ਹੋਣ ਵਾਲੀ ਕਿਰਤ ਸ਼ਕਤੀ ਨੂੰ ਸਨਅਤੀ ਜਾਂ ਸੇਵਾ ਖੇਤਰਾਂ ਵਿਚ ਸਮੋਇਆ ਨਹੀਂ ਗਿਆ। ਪੱਕੀ ਨੌਕਰੀ ਦੀ ਥਾਂ ਠੇਕੇ ’ਤੇ ਨੌਕਰੀਆਂ ਦੇਣ ਦੀ ਪ੍ਰਥਾ ਨਾਲ ਰੁਜ਼ਗਾਰ ਦੀ ਗੁਣਵਤਾ ਵਿੱਚ ਗਿਰਾਵਟ ਆਈ ਹੈ।




**ਸਰਕਾਰ ਦੀ ਆਰਥਿਕ ਅਤੇ ਵਿੱਤੀ ਨੀਤੀ ਨੇ ਆਮਦਨ ਅਤੇ ਦੌਲਤ ਦੀ ਅਸਾਵੀਂ ਵੰਡ ਵਿੱਚ ਹਿੱਸਾ ਪਾਇਆ ਹੈ। ਜੀਐੱਸਟੀ ਰਾਹੀਂ ਟੈਕਸਾਂ ਦਾ ਵੱਡਾ ਬੋਝ ਆਮ ਲੋਕਾਂ ਦੇ ਮੋਢਿਆਂ ’ਤੇ ਆ ਗਿਆ ਹੈ ਜਦਕਿ ਕਾਰਪੋਰੇਟ ਕੰਪਨੀਆਂ ਦਾ ਮੁਨਾਫ਼ਾ ਟੈਕਸ 35 ਫ਼ੀਸਦ ਤੋਂ ਘਟਾ ਕੇ 25 ਫ਼ੀਸਦ ਕਰ ਦਿੱਤਾ ਗਿਆ ਹੈ। ਕਾਰੋਬਾਰੀ ਕੰਪਨੀਆਂ ਨੂੰ ਪ੍ਰੇਰਕਾਂ ਦੇ ਨਾਂ ’ਤੇ ਭਾਰੀ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਕਾਰਪੋਰੇਟ ਕੰਪਨੀਆਂ ਆਪਣੇ ਮੁਨਾਫ਼ੇ ਆਪਣੇ ਮੁਲਾਜ਼ਮਾਂ ਨਾਲ ਵੀ ਵੰਡਣ ਤੋਂ ਇਨਕਾਰੀ ਹਨ ਤਾਂ ਉਨ੍ਹਾਂ ਤੋਂ ਆਮ ਲੋਕਾਂ ਨਾਲ ਵੰਡਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਜਿਵੇਂ ਕਿ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐੱਸ ਆਰ) ਦੇ ਨੇਮਾਂ ਦੀ ਉਲੰਘਣਾ ਤੋਂ ਹੀ ਸਾਫ਼ ਜ਼ਾਹਿਰ ਹੋ ਜਾਂਦਾ ਹੈ? ਇਸ ਦੀ ਬੱਜਰ ਮਿਸਾਲ ਕੋਵਿਡ ਦੇ ਅਰਸੇ ਦੌਰਾਨ ਸਾਹਮਣੇ ਆਈ ਸੀ ਜਦੋਂ ਕੰਪਨੀਆਂ ਨੇ ਲੌਕਡਾਊਨ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ। ਅਤੇ ਲੱਖਾਂ ਮਜ਼ਦੂਰਾਂ ਨੂੰ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਯੂਪੀ ਤੇ ਬਿਹਾਰ ਆਦਿ ਸੂਬਿਆਂ ਵਿਚਲੇ ਆਪਣੇ ਪਿੰਡਾਂ ਵਿਚ ਵਾਪਸ ਜਾਣਾ ਪਿਆ ਸੀ। ਉਨ੍ਹਾਂ ’ਚੋਂ ਕਈ ਤਾਂ ਰਾਹ ਵਿਚ ਹੀ ਦਮ ਤੋੜ ਗਏ ਸਨ।**

ਇਸ ਨੇ ਖੇਤੀਬਾੜੀ ਦੇ ਸੰਕਟ ਨੂੰ ਹੋਰ ਡੂੰਘਾ ਕੀਤਾ ਹੈ ਅਤੇ ਸਿੱਟੇ ਵਜੋਂ ਭਾਰਤ ਵਿੱਚ ਦਿਹਾਤੀ ਖੇਤਰ ਵਿਚ ਬੇਚੈਨੀ ਬਹੁਤ ਵਧ ਗਈ ਹੈ। ਕੁੱਲ ਕਿਰਤ ਸ਼ਕਤੀ ਦਾ 44 ਫ਼ੀਸਦ ਹਿੱਸਾ ਖੇਤੀਬਾੜੀ ਵਿਚ ਲੱਗਿਆ ਹੋਇਆ ਹੈ ਜਿਸ ’ਚੋਂ 84 ਫ਼ੀਸਦ ਕਿਸਾਨ ਹੋਂਦ ਕਾਇਮ ਰੱਖਣ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਮੰਦੇਭਾਗੀਂ ਦੇਸ਼ ਵਿਚ ਕੋਈ ਰੁਜ਼ਗਾਰ ਨੀਤੀ ਹੀ ਨਹੀਂ ਹੈ। ਰਾਸ਼ਟਰੀ ਪੱਧਰ ’ਤੇ ਬੇਰੁਜ਼ਗਾਰੀ ਦੀ ਦਰ 22.84 ਫ਼ੀਸਦ ਹੈ ਪਰ ਪੰਜਾਬ ਅਤੇ ਕੇਰਲਾ ਜਿਹੇ ਸੂਬਿਆਂ ਵਿੱਚ ਇਹ ਦਰ 30 ਫ਼ੀਸਦ ਦੇ ਨੇੜੇ ਪਹੁੰਚ ਗਈ ਹੈ। ਇਸ ਕਰ ਕੇ ਇਸ ਮੁਲਕ ਦੇ ਨੌਜਵਾਨ ਧੜਾਧੜ ਪਰਵਾਸ ਕਰ ਰਹੇ ਹਨ ਅਤੇ ਕਈ ਤਾਂ ਪੂਰਬੀ ਯੂਰਪ ਅਤੇ ਪੱਛਮੀ ਏਸ਼ੀਆ ਦੇ ਯੁੱਧਗ੍ਰਸਤ ਖੇਤਰਾਂ ਵਿਚ ਜਾ ਰਹੇ ਹਨ। ਨੌਜਵਾਨਾਂ ਨੂੰ ਰੁਜ਼ਗਾਰ ਦਿੱਤੇ ਬਗ਼ੈਰ ਦੇਸ਼ ਯੁਵਾ ਆਬਾਦੀ ਦਾ ਲਾਭ ਨਹੀਂ ਉਠਾ ਸਕੇਗਾ। ਅਰਥਚਾਰੇ ਲਈ ਇਕ ਹੋਰ ਰੁਕਾਵਟ ਆਮਦਨ ਵਿਚ ਲਗਾਤਾਰ ਵਧ ਰਹੇ ਪਾੜੇ ਅਤੇ ਗ਼ੈਰਬਰਾਬਰੀ ਦੌਲਤ ਨੇ ਪੈਦਾ ਕੀਤੀ ਹੈ। ਇਕ ਫ਼ੀਸਦ ਤੋਂ ਘੱਟ ਕੁਝ ਲੋਕਾਂ ਕੋਲ ਸਮੁੱਚੇ ਦੇਸ਼ ਦੀ 40 ਫ਼ੀਸਦ ਆਮਦਨ ਜਾ ਰਹੀ ਹੈ ਜਦਕਿ ਹੇਠਲੀ ਪੰਜਾਹ ਫ਼ੀਸਦ ਆਬਾਦੀ ਦੇ ਹਿੱਸੇ ਮਹਿਜ਼ 13.1 ਫ਼ੀਸਦ ਆਮਦਨ ਰਹਿ ਗਈ ਹੈ। ਦੌਲਤ ਦੀ ਵੰਡ ਆਮਦਨ ਦੇ ਫ਼ਰਕ ਨਾਲੋਂ ਜ਼ਿਆਦਾ ਕਾਣੀ ਹੈ। ਘੱਟ ਆਮਦਨੀ ਵਾਲੀ 50 ਫ਼ੀਸਦ ਆਬਾਦੀ ਕੋਲ ਦੇਸ਼ ਦੀ ਸਮੁੱਚੀ ਦੌਲਤ ਦਾ ਮਹਿਜ਼ 5.9 ਫ਼ੀਸਦ ਹਿੱਸਾ ਹੈ ਜਦਕਿ ਚੋਟੀ ਦੇ ਇਕ ਫ਼ੀਸਦ ਲੋਕਾਂ ਕੋਲ 40.5 ਫ਼ੀਸਦ ਹਿੱਸਾ ਚਲਿਆ ਗਿਆ ਹੈ। ਆਰਥਿਕ ਸੁਧਾਰਾਂ ਤੋਂ ਬਾਅਦ ਦੇ ਕੁਝ ਸਾਲਾਂ ਵਿਚ ਦੇਸ਼ ਦੇ ਮੱਧਵਰਗ ਦਾ ਦਾਇਰਾ ਤੇਜ਼ੀ ਨਾਲ ਫੈਲਿਆ ਸੀ ਪਰ ਫਿਰ ਪ੍ਰਾਈਵੇਟ ਸਿੱਖਿਆ ਅਤੇ ਕਾਰਪੋਰੇਟ ਹਸਪਤਾਲਾਂ ਦੀਆਂ ਫੀਸਾਂ ਅਤੇ ਖਰਚਿਆਂ ਨੇ ਮੱਧਵਰਗ ਨੂੰ ਸੁੰਗੇੜਨਾ ਸ਼ੁਰੂ ਕਰ ਦਿੱਤਾ। ਕੰਮਕਾਜੀ ਗ਼ਰੀਬਾਂ ਦੀ ਹਾਲਤ ਬਹੁਤ ਮਾੜੀ ਹੈ ਅਤੇ ਉਹ ਮਿਆਰੀ ਸਿੱਖਿਆ ਅਤੇ ਰਿਆਇਤੀ ਸਿਹਤ ਸੰਭਾਲ ਸੇਵਾਵਾਂ ਤੋਂ ਵਿਰਵੇ ਹਨ। 80 ਕਰੋੜ ਗ਼ਰੀਬ ਲੋਕਾਂ ਨੂੰ ਮੁਫ਼ਤ ਅਨਾਜ ਦੇਣ ਦਾ ਸਰਕਾਰ ਦਾ ਵਾਅਦਾ ਆਰਥਿਕ ਹਾਲਾਤ ਦੀ ਬਹੁਤ ਹੀ ਮਾੜੀ ਸਥਿਤੀ ਦਾ ਸੰਕੇਤ ਹੈ। ਇਸ ਨਾਲ ਖਪਤ ਡਿੱਗਣ ਅਤੇ ਨਾਕਾਫ਼ੀ ਮੰਗ ਦਾ ਸੰਕਟ ਪੈਦਾ ਹੋਣ ਜਾ ਰਿਹਾ ਹੈ ਜਿਸ ਨਾਲ ਅਰਥਚਾਰਾ ਮੰਦੀ ਦੇ ਦੌਰ ਵਿਚ ਦਾਖ਼ਲ ਹੋ ਸਕਦਾ ਹੈ।

ਸਰਕਾਰ ਦੀ ਆਰਥਿਕ ਅਤੇ ਵਿੱਤੀ ਨੀਤੀ ਨੇ ਆਮਦਨ ਅਤੇ ਦੌਲਤ ਦੀ ਅਸਾਵੀਂ ਵੰਡ ਵਿੱਚ ਹਿੱਸਾ ਪਾਇਆ ਹੈ। ਜੀਐੱਸਟੀ ਰਾਹੀਂ ਟੈਕਸਾਂ ਦਾ ਵੱਡਾ ਬੋਝ ਆਮ ਲੋਕਾਂ ਦੇ ਮੋਢਿਆਂ ’ਤੇ ਆ ਗਿਆ ਹੈ ਜਦਕਿ ਕਾਰਪੋਰੇਟ ਕੰਪਨੀਆਂ ਦਾ ਮੁਨਾਫ਼ਾ ਟੈਕਸ 35 ਫ਼ੀਸਦ ਤੋਂ ਘਟਾ ਕੇ 25 ਫ਼ੀਸਦ ਕਰ ਦਿੱਤਾ ਗਿਆ ਹੈ। ਕਾਰੋਬਾਰੀ ਕੰਪਨੀਆਂ ਨੂੰ ਪ੍ਰੇਰਕਾਂ ਦੇ ਨਾਂ ’ਤੇ ਭਾਰੀ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਕਾਰਪੋਰੇਟ ਕੰਪਨੀਆਂ ਆਪਣੇ ਮੁਨਾਫ਼ੇ ਆਪਣੇ ਮੁਲਾਜ਼ਮਾਂ ਨਾਲ ਵੀ ਵੰਡਣ ਤੋਂ ਇਨਕਾਰੀ ਹਨ ਤਾਂ ਉਨ੍ਹਾਂ ਤੋਂ ਆਮ ਲੋਕਾਂ ਨਾਲ ਵੰਡਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਜਿਵੇਂ ਕਿ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐੱਸ ਆਰ) ਦੇ ਨੇਮਾਂ ਦੀ ਉਲੰਘਣਾ ਤੋਂ ਹੀ ਸਾਫ਼ ਜ਼ਾਹਿਰ ਹੋ ਜਾਂਦਾ ਹੈ? ਇਸ ਦੀ ਬੱਜਰ ਮਿਸਾਲ ਕੋਵਿਡ ਦੇ ਅਰਸੇ ਦੌਰਾਨ ਸਾਹਮਣੇ ਆਈ ਸੀ ਜਦੋਂ ਕੰਪਨੀਆਂ ਨੇ ਲੌਕਡਾਊਨ ਦੌਰਾਨ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ। ਅਤੇ ਲੱਖਾਂ ਮਜ਼ਦੂਰਾਂ ਨੂੰ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਯੂਪੀ ਤੇ ਬਿਹਾਰ ਆਦਿ ਸੂਬਿਆਂ ਵਿਚਲੇ ਆਪਣੇ ਪਿੰਡਾਂ ਵਿਚ ਵਾਪਸ ਜਾਣਾ ਪਿਆ ਸੀ। ਉਨ੍ਹਾਂ ’ਚੋਂ ਕਈ ਤਾਂ ਰਾਹ ਵਿਚ ਹੀ ਦਮ ਤੋੜ ਗਏ ਸਨ। ਤੇਜ਼ੀ ਨਾਲ ਵਧ ਰਹੀ ਬੇਰੁਜ਼ਗਾਰੀ ਅਤੇ ਆਮਦਨ ਦੇ ਪਾੜੇ ਤੇ ਦੌਲਤ ਦੀ ਗ਼ੈਰਬਰਾਬਰੀ ਤੋਂ ਇਲਾਵਾ ਜਲਵਾਯੂ ਤਬਦੀਲੀ ਨਾਲ ਜੁੜੀਆਂ ਵਾਤਾਵਰਨ ਦੀਆਂ ਸਮੱਸਿਆਵਾਂ ਬਹੁਤ ਤੇਜ਼ੀ ਨਾਲ ਮੰਜ਼ਰ ’ਤੇ ਉਭਰ ਰਹੀਆਂ ਹਨ। ਬੇਮੌਸਮੇ ਮੀਂਹ ਤੇ ਹੜ੍ਹ ਆਮ ਵਰਤਾਰਾ ਹੋ ਗਏ ਹਨ। ਇਸ ਦੇ ਨਾਲ ਹੀ ਗਰਮੀ ਅਤੇ ਲੂ ਦੀ ਸ਼ਿੱਦਤ ਵਿੱਚ ਵਾਧਾ ਹੋ ਰਿਹਾ ਹੈ ਅਤੇ ਪੀਣ ਵਾਲੇ ਅਤੇ ਸਿੰਜਾਈ ਆਦਿ ਕੰਮਾਂ ਲਈ ਪਾਣੀ ਦੀ ਭਾਰੀ ਘਾਟ ਪੈਦਾ ਹੋ ਰਹੀ ਹੈ।

ਪ੍ਰਦੂਸ਼ਣ ਅਤੇ ਪਾਣੀ ਦੀ ਕਿੱਲਤ ਜਿਹੇ ਸੰਕਟਾਂ ਨਾਲ ਸਿੱਝਣ ਲਈ ਵਿਉਂਤਬੰਦੀ ਕਰਨ ਵੱਲ ਕਿਸੇ ਦਾ ਧਿਆਨ ਨਹੀਂ ਜਾ ਰਿਹਾ। ਇਸ ਕਰ ਕੇ ਕਈ ਪ੍ਰਭਾਵਿਤ ਖਿੱਤਿਆਂ ਅੰਦਰ ਖੇਤੀਬਾੜੀ ਲਈ ਘਾਤਕ ਸਿੱਟੇ ਨਿਕਲਣ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਹਾਲੇ ਵੀ ਸਮਾਂ ਹੈ ਕਿ ਬੇਰੁਜ਼ਗਾਰੀ (ਖ਼ਾਸਕਰ ਨੌਜਵਾਨਾਂ ਅੰਦਰ), ਆਮਦਨ ਤੇ ਦੌਲਤ ਦੀ ਨਾਬਰਾਬਰੀ ਅਤੇ ਵਾਤਾਵਰਨ ਦੀ ਬਰਬਾਦੀ ਦੀਆਂ ਸਮੱਸਿਆਵਾਂ ਦੀ ਸੰਗੀਨਤਾ ਨੂੰ ਪ੍ਰਵਾਨ ਕੀਤਾ ਜਾਵੇ। ਇਨ੍ਹਾਂ ਮੁੱਦਿਆਂ ਵੱਲ ਢੁਕਵਾਂ ਧਿਆਨ ਨਾ ਦਿੱਤੇ ਜਾਣ ਕਰ ਕੇ ਅਰਥਚਾਰੇ ਦੇ ਵਾਧੇ ਦੇ ਰਾਹ ਵਿੱਚ ਔਕੜਾਂ ਖੜ੍ਹੀਆਂ ਹੋਣਗੀਆਂ ਅਤੇ ਵਿਕਾਸ ਦੇ ਵਾਧੇ ਬਾਰੇ ਮਿੱਥੇ ਗਏ ਟੀਚੇ ਮਹਿਜ਼ ਮਿਰਗਜਾਲ ਬਣ ਕੇ ਰਹਿ ਜਾਣਗੇ।

# ਆਪਣੀ ਵਿਰਾਸਤ ਤੋਂ ਭਟਕ ਕੇ ਕੁਰਾਹੇ ਪਈ ਪੰਜਾਬ ਦੀ ਜਵਾਨੀ

ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਭਗਤਾਂ, ਸੂਰਬੀਰਾਂ, ਯੋਧਿਆਂ, ਦਾਨੀਆਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ। ਇਥੋਂ ਦਾ ਪੇਂਡੂ ਜੀਵਨ ਬਹੁਤ ਅਮੀਰ ਵਿਰਸੇ ਨਾਲ ਜੁੜਿਆ ਹੋਇਆ ਹੈ। ਪੰਜਾਬ ਦੀਆਂ ਖੇਡਾਂ ਵੀ ਸਾਰੇ ਸੰਸਾਰ ਵਿਚ ਵਿਲੱਖਣ ਸਥਾਨ ਰੱਖਦੀਆਂ ਹਨ। ਅੱਜ ਤੋਂ ਤਿੰਨ ਚਾਰ ਦਹਾਕੇ ਪਹਿਲਾਂ ਪੰਜਾਬ ਵਿਚ ਖੁੱਦੋ ਖੂੰਡੀ, ਬਾਂਦਰ ਕਿੱਲਾ, ਕਾਂ ਘੋੜੀ, ਲੁਕਣ ਮੀਚੀ, ਅੰਨ੍ਹਾ ਝੋਟਾ ਆਦਿ ਨੌਜਵਾਨ ਮੁੰਡਿਆਂ ਦੀਆਂ ਖੇਡਾਂ ਹੁੰਦੀਆਂ ਸਨ ਅਤੇ ਕੁੜੀਆਂ ਰੱਬ ਡੀਟੀ, ਢਾਵੇਂ, ਕੋਟਲਾ ਛਪਾਕੀ, ਖੋ-ਖੋ ਆਦਿ ਖੇਡਦੀਆਂ ਸਨ। ਇਨ੍ਹਾਂ ਖੇਡਾਂ ਨਾਲ ਸਰੀਰ ਦੀ ਕਸਰਤ ਵੀ ਬਹੁਤ ਹੋ ਜਾਂਦੀ ਸੀ ਅਤੇ ਸਰੀਰ ਰਿਸ਼ਟ-ਪੁਸ਼ਟ ਰਹਿੰਦਾ ਸੀ।

ਉਸ ਤੋਂ ਬਾਅਦ ਇਨ੍ਹਾਂ ਖੇਡਾਂ ਨੇ ਹੀ ਕਬੱਡੀ, ਹਾਕੀ, ਵਾਲੀਬਾਲ, ਹੈਂਡਬਾਲ ਅਤੇ ਹੋਰ ਸਰੀਰਕ ਕਸਰਤ ਨਾਲ ਜੁੜੀਆਂ ਹੋਈਆਂ ਖੇਡਾਂ ਦਾ ਰੂਪ ਲੈ ਲਿਆ ਜਿਸ ਨਾਲ ਸਰੀਰ ਤਾਂ ਤੰਦਰੁਸਤ ਰਹਿੰਦਾ ਹੀ ਸੀ ਸਗੋਂ ਦਿਮਾਗ਼ ਵੀ ਵਿਕਸਤ ਹੁੰਦਾ ਸੀ। ਇਨ੍ਹਾਂ ਖੇਡਾਂ ਨਾਲ ਆਪਸੀ ਭਾਈਚਾਰਕ ਸਾਂਝ, ਮੇਲ ਮਿਲਾਪ ਅਤੇ ਪਿਆਰ ਵਧਦਾ ਸੀ ਜੋ ਸਮਾਜ ਨੂੰ ਇਕ ਲੜੀ ਵਿਚ ਪਰੋ ਕੇ ਰੱਖਦਾ ਸੀ। ਇਸ ਸਦਕਾ ਲੋਕ ਇਕ-ਦੂਜੇ ਦੀ ਖ਼ੁਸ਼ੀ ਗਮੀਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਘਰਾਂ ਵਿਚ ਖ਼ੁਸ਼ੀਆਂ ਖੇੜੇ ਤੇ ਤੰਦਰੁਸਤੀ ਨਿਵਾਸ ਰੱਖਦੀ ਸੀ।



ਪਰ ਹੁਣ ਪਿਛਲੇ ਕੁਝ ਸਮੇਂ ਤੋਂ ਪੰਜਾਬ ਦਾ ਇਹ ਵਿਰਸਾ ਅਲੋਪ ਹੁੰਦਾ ਜਾ ਰਿਹਾ ਹੈ ਅਤੇ ਉਸ ਦੀ ਜਗ੍ਹਾ ਪੈਸੇ ਦਾ ਬੋਲਬਾਲਾ, ਲੋਕ ਦਿਖਾਵਾ ਬਹੁਤ ਵਧ ਗਿਆ ਹੈ। ਪੰਜਾਬੀ ਖੇਡਾਂ ਦਾ ਰੁਖ਼ ਵੀ ਬਦਲਦਾ ਜਾ ਰਿਹਾ ਹੈ। ਹੁਣ ਟਰੈਕਟਰਾਂ ਦੇ ਟੋਚਨ ਮੁਕਾਬਲੇ, ਬਲਦ ਗੱਡੀਆਂ ਦੀਆਂ ਦੌੜਾਂ ਅਤੇ



ਟਰੈਕਟਰਾਂ ਦੀ ਰੇਸ ਵਰਗੀਆਂ ਮੁਕਾਬਲਤਨ ਖ਼ਤਰਨਾਕ ਖੇਡਾਂ ਖੇਡੀਆਂ ਜਾ ਰਹੀਆਂ ਹਨ। ਅਜੇ ਹੁਣ ਥੋੜ੍ਹੇ ਦਿਨ ਪਹਿਲਾਂ ਹੀ ਖ਼ਬਰ ਆਈ ਸੀ ਕਿ ਕਿਸੇ ਪਿੰਡ ਦੇ ਮੋਹਤਬਰਾਂ ਨੇ ਪਾਬੰਦੀ ਹੋਣ ਦੇ ਬਾਵਜੂਦ ਟਰੈਕਟਰਾਂ ਦੀ ਰੇਸ ਦਾ ਮੁਕਾਬਲਾ ਕਰਵਾਇਆ ਜਿਸ ਵਿਚ ਇਕ ਟਰੈਕਟਰ ਬੇਕਾਬੂ ਹੋ ਕੇ ਰੇਸ ਦੇਖਣ ਆਏ ਦਰਸ਼ਕਾਂ ਉੱਤੇ ਜਾ ਚੜ੍ਹਿਆ ਜਿਸ ਕਾਰਨ ਕਈ ਬੱਚਿਆਂ ਸਮੇਤ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ।

ਇਸ ਦੀ ਭਰਪਾਈ ਹੋਣੀ ਬਹੁਤ ਮੁਸ਼ਕਲ ਹੈ। ਇਹ ਤਾਂ ਸਿਰਫ਼ ਇਕ ਹੀ ਘਟਨਾ ਹੈ। ਇਹੋ ਜਿਹੀਆਂ ਅਨੇਕਾਂ ਘਟਨਾਵਾਂ ਲਗਪਗ ਹਰ ਰੋਜ਼ ਹੋ ਰਹੀਆਂ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਨੌਜਵਾਨ ਆਪਣਾ ਸਾਰਾ ਸਮਾਂ ਮੋਬਾਈਲ ਦੇਖ ਕੇ ਗੁਜ਼ਾਰਦੇ ਹਨ। ਉਨ੍ਹਾਂ ਨੂੰ ਆਪਣੇ ਭਵਿੱਖ ਤੇ ਸਿਹਤ ਦਾ ਬਿਲਕੁਲ ਵੀ ਧਿਆਨ ਨਹੀਂ ਹੈ। ਸੋ ਇਹੋ ਜਿਹੇ ਹਾਲਾਤ ਚਿੰਤਾ ਦਾ ਵਿਸ਼ਾ ਹਨ ਅਤੇ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਲਈ ਇਸ ਨੂੰ ਸ਼ੁੱਭ ਸੰਕੇਤ ਨਹੀਂ ਹਨ।

ਇਨ੍ਹਾਂ ਹਾਲਾਤ ਵੱਲ ਜਲਦ ਤੋਂ ਜਲਦ ਅਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਇਨ੍ਹਾਂ ਹਾਲਾਤ ਲਈ ਬੇਰੁਜ਼ਗਾਰੀ ਜ਼ਿੰਮੇਵਾਰ ਹੈ ਤੇ ਬੇਰੁਜ਼ਗਾਰੀ ਲਈ ਸਰਕਾਰਾਂ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ ਮਾਪੇ ਵੀ ਆਪਣੇ ਬੱਚਿਆਂ ਨੂੰ ਸਹੀ ਸਿੱਖਿਆ ਨਹੀਂ ਦੇ ਰਹੇ ਹਨ।

**-ਅਮਰਜੀਤ ਸਿੰਘ ਫ਼ੌਜੀ**

# ਖੇਤਾਂ ਲਈ ਨਹਿਰਾਂ ਦਾ ਪਾਣੀ ਦੇਣ ਦੇ ਦਾਅਵੇ ਦਾ ਕੀ ਹੋਇਆ

ਆਪਣੇ ਖੇਤ ਨੇੜਿਓਂ ਲੰਘਦੇ ਖਾਲ ਵਿਚ ਉਗਿਆ ਘਾਹ ਦਿਖਾਉਂਦੇ ਹੋਏ ਸੰਗਰੂਰ ਜ਼ਿਲ੍ਹੇ ਦੇ ਪਿੰਡ ਨਮੋਲ ਦੇ ਕਿਸਾਨ ਜਗਤਾਰ ਸਿੰਘ ਕਾਫੀ ਮਾਯੂਸ ਨਜ਼ਰ ਆ ਰਹੇ ਸਨ। ਜਗਤਾਰ ਸਿੰਘ ਛੋਟੇ ਕਿਸਾਨ ਹਨ ਅਤੇ ਵਾਹੀਯੋਗੀ ਜ਼ਮੀਨ ਦੀ ਸਿੰਜਾਈ ਲਈ ਆਪਣੇ ਭਰਾ ਨਾਲ ਸਾਂਝੇ ਟਿਊਬਵੈੱਲ ਉੱਤੇ ਨਿਰਭਰ ਕਰਦੇ ਹਨ। ਜਗਤਾਰ ਸਿੰਘ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਉਸ ਐਲਾਨ ਉੱਤੇ ਇਸ ਵਾਰ ਬੂਰ ਪੈਂਦਾ ਨਹੀਂ ਦਿਖ ਰਿਹਾ, ਜਿਸ ਤਹਿਤ ਉਨ੍ਹਾਂ ਸੂਬੇ ਦੇ 70 ਫੀਸਦ ਖੇਤੀ ਰਕਬੇ ਨੂੰ ਨਹਿਰੀ ਪਾਣੀ ਪਹੁੰਚਾਉਣ ਦਾ ਵਾਅਦਾ ਕੀਤਾ ਸੀ।



ਸੰਗਰੂਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਜੱਦੀ ਜ਼ਿਲ੍ਹਾ ਵੀ ਹੈ। ਸੰਗਰੂਰ ਦਾ ਜ਼ਿਆਦਾਤਰ ਖੇਤਰ ਅਤੇ ਇਸ ਨਾਲ ਲੱਗਦਾ ਬਰਨਾਲਾ ਤਾਂ ਪੂਰਾ ਹੀ ਡਾਰਕ ਜ਼ੋਨ ਬਣ ਚੁੱਕੇ ਹਨ। ਭਾਵੇਂ ਮੁੱਖ ਮੰਤਰੀ ਦੇ ਲੋਕ ਸਭਾ ਚੋਣ ਪ੍ਰਚਾਰ ਦੌਰਾਨ ਖੇਤਾਂ ਦੀਆਂ ਆਖਰੀ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਐਲਾਨ ਨੂੰ ਅਮਲੀ ਰੂਪ ਦੇਣ ਲਈ ਕੰਮ ਜਾਰੀ ਹੈ, ਪਰ ਜਗਤਾਰ ਸਿੰਘ ਦੇ ਖੇਤਾਂ ਦੀ ਪਿਛਲੇ 10 ਸਾਲਾਂ ਦੀ ਨਹਿਰੀ ਪਾਣੀ ਦੀ ਉਡੀਕ ਇਸ ਸਾਲ ਵੀ ਖ਼ਤਮ ਨਹੀਂ ਹੋਈ ਹੈ।

ਦੂਜੇ ਪਾਸੇ ਸੰਗਰੂਰ ਦਿੜ੍ਹਬਾ ਕਸਬੇ ਲਾਗਲੇ ਰੋਗਲਾ ਪਿੰਡ ਦੇ ਮੱਖਣ ਸਿੰਘ ਤੇ ਕੁਲਵੀਰ ਸਿੰਘ ਕਈ ਸਾਲਾਂ ਬਾਅਦ ਨਹਿਰੀ ਪਾਣੀ ਮਿਲ ਜਾਣ ਨਾਲ ਬਾਗੋਬਾਗ ਦਿਖਦੇ ਹਨ। ਉਹ ਨਹਿਰੀ ਪਾਣੀ ਨੂੰ ਵਰਦਾਨ ਦੱਸਦੇ ਹੋਏ ਆਖਦੇ ਹਨ ਕਿ ਸਾਡੇ ਖੇਤਾਂ ਤੱਕ ਕਈ ਸਾਲ ਬਾਅਦ ਨਹਿਰੀ ਪਾਣੀ ਪਹੁੰਚਿਆ ਹੈ, ਪਿੰਡ ਦੀ ਆਖਰੀ ਟੇਲ ਤੱਕ ਇਹ ਪਾਣੀ ਆ ਗਿਆ ਹੈ।

ਪੰਜਾਬ ਵਿੱਚ ਕਰੀਬ 32 ਲੱਖ ਹੈਕਟੇਅਰ ਵਿੱਚ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ। ਇਹ ਪੰਜਾਬ ਦੇ ਕੁੱਲ ਖੇਤੀਬਾੜੀ ਯੋਗ ਰਕਬੇ ਦਾ 85 ਫ਼ੀਸਦੀ ਝੋਨੇ ਦੀ ਫ਼ਸਲ ਦੇ ਕਾਸ਼ਤ ਅਧੀਨ ਹੈ। ਪੰਜਾਬ ਵਿੱਚ ਇਨ੍ਹਾਂ ਦਿਨਾਂ ਵਿੱਚ ਝੋਨੇ ਦੀ ਫ਼ਸਲ ਲਾਉਣ ਦਾ ਕੰਮ ਵੱਡੀ ਪੱਧਰ ਉੱਪਰ ਜਾਰੀ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਦਾਅਵਾ ਹੈ ਕਿ ਹਾਲ ਦੀ ਘੜੀ 59 ਫ਼ੀਸਦੀ ਵਾਹਯੋਗ ਜ਼ਮੀਨ ਨੂੰ ਨਹਿਰੀ ਪਾਣੀ ਜਾਂਦਾ ਹੈ ਜੋ ਕੇ ਝੋਨੇ ਦੀ ਲਵਾਈ ਦੇ ਸੀਜ਼ਨ ਤੱਕ ਇਹ 70 ਫ਼ੀਸਦੀ ਤੱਕ ਪਹੁੰਚ ਜਾਵੇਗਾ।

### ਸਰਕਾਰੀ ਦਾਅਵੇ ਤੇ ਹਾਲਾਤ

ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਕੁੱਝ ਖੇਤਰਾਂ ਖ਼ਾਸਕਰ ਡਾਰਕ ਜ਼ੋਨ ਵਿੱਚ ਆਉਂਦੇ ਬਰਨਾਲਾ ਦੀ ਹਾਲਤ ਵਿੱਚ ਕੋਈ ਬਹੁਤਾ ਫ਼ਰਕ ਨਜ਼ਰ ਨਹੀਂ ਆਉਂਦਾ। ਇਸ ਇਲਾਕੇ ਦੇ ਬਹੁਤੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਵਾਲੇ ਖਾਲੇ ਹੀ ਚਾਲੂ ਹਾਲਤ ਵਿੱਚ ਨਹੀਂ ਹਨ, ਜਿਸ ਕਾਰਨ ਕਿਸਾਨ ਝੋਨਾ ਲਾਉਣ ਲਈ ਨਹਿਰੀ ਪਾਣੀ ਦੀ ਥਾਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਨ ਲਈ ਮਜਬੂਰ ਹਨ।

ਡਾਰਕ ਜ਼ੋਨ ਵਿੱਚ ਆਉਂਦੇ ਜ਼ਿਲ੍ਹਾ ਬਰਨਾਲਾ ਵਿੱਚ ਪੰਜਾਬ ਦੇ ਕੁਝ ਬਾਕੀ ਹਿੱਸਿਆਂ ਵਾਂਗ ਧਰਤੀ ਹੇਠਲੇ ਪਾਣੀ ਦਾ ਪੱਧਰ ਇਸ ਕਦਰ ਨੀਵਾਂ ਚਲਿਆ ਗਿਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਪੀਣ ਵਾਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ 'ਡਾਰਕ ਜ਼ੋਨ' ਨੂੰ ਪ੍ਰਭਾਸ਼ਿਤ ਕਰਦਿਆਂ ਕਿਹਾ ਗਿਆ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਇਸ ਕਦਰ ਨੀਵਾਂ ਚਲਿਆ ਗਿਆ ਹੈ ਕਿ ਸਬੰਧਤ ਖੇਤਰਾਂ ਵਿੱਚ ਜ਼ਮੀਨ ਬੰਜਰ ਹੋ ਸਕਦੀ ਹੈ। ਵਿਭਾਗ ਦੇ ਸਰਵੇ ਮੁਤਾਬਕ ਸੂਬੇ ਦੇ ਕਈ ਜ਼ਿਲ੍ਹੇ ਡਾਰਕ ਜ਼ੋਨ ਵਿੱਚ ਆਉਂਦੇ ਹਨ। ਜ਼ਿਲ੍ਹਾਂ ਸੰਗਰੂਰ ਦੇ 7 ਜ਼ੋਨ, ਮੋਗਾ ਦੇ 5, ਬਰਨਾਲਾ ਪੂਰਾ ਜ਼ਿਲ੍ਹਾ, ਲੁਧਿਆਣਾ ਦੇ 11, ਫਿਰੋਜ਼ਪੁਰ ਦੇ 7, ਪਟਿਆਲਾ ਦੇ 8, ਜਲੰਧਰ ਦੇ 12, ਤਰਨਤਾਰਨ ਦੇ 9, ਅੰਮ੍ਰਿਤਸਰ ਦੇ 10, ਫਰੀਦਕੋਟ ਦੇ 2 ਅਤੇ ਬਾਕੀ ਜ਼ਿਲ੍ਹਿਆਂ ਦੇ 70 ਫ਼ੀਸਦੀ ਤੋਂ ਵੱਧ ਜ਼ੋਨਾਂ ਦਾ ਧਰਤੀ ਹੇਠਲੇ ਪਾਣੀ ਖ਼ਤਰਨਾਕ ਹੱਦ ਤੱਕ ਹੇਠਾਂ ਪਹੁੰਚ ਜਾ ਚੁੱਕਿਆ ਹੈ। ਜ਼ਿਲ੍ਹਾ ਲੁਧਿਆਣਾ ਦੇ ਦੋਰਾਹਾ ਖੇਤਰ ਨੂੰ ਅਰਧ ਖ਼ਤਰੇ ਵਾਲਾ ਜ਼ੋਨ ਐਲਾਨਿਆ ਗਿਆ ਹੈ।

ਪਿਛਲੇ ਸਮੇਂ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾਅਵਾ ਕਰਦੇ ਆ ਰਹੇ ਹਨ ਕਿ ਇਸ ਵਾਰ ਪੰਜਾਬ ਵਿੱਚ ਨਹਿਰੀ ਪਾਣੀ ਦੀ ਵਿਵਸਥਾ ਬਿਹਤਰੀਨ ਹੋਵੇਗੀ ਤੇ ਟੇਲਾਂ ਤੱਕ ਪਹੁੰਚਾਇਆ ਜਾਵੇਗਾ।

ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਝੋਨੇ ਦੇ ਸੀਜ਼ਨ ਵਿੱਚ 70 ਫ਼ੀਸਦੀ ਨਹਿਰੀ ਪਾਣੀ ਪੰਜਾਬ ਦੇ ਖੇਤਾਂ ਨੂੰ ਸਿੰਚਾਈ ਲਈ ਦਿੱਤਾ ਜਾਵੇਗਾ। ਇਸ ਨਾਲ ਬਿਜਲੀ ਬੋਰਡ ਦੇ ਤਕਰੀਬਨ 7,000 ਕਰੋੜ ਰੁਪਏ ਦੀ ਬੱਚਤ ਹੋਵੇਗੀ। ਪੰਜਾਬ ਦੇ ਜਲ ਸਰੋਤ ਅਤੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਮੁਤਾਬਕ ਪੰਜਾਬ ਸਰਕਾਰ ਸੂਬੇ ਵਿੱਚ ਨਹਿਰੀ ਢਾਂਚੇ ਨੂੰ ਮੁੜ ਸੁਰਜੀਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਹੁਣ ਤੱਕ 14 ਹਜ਼ਾਰ ਕਿਲੋਮੀਟਰ ਲੰਬੇ ਨਹਿਰਾਂ ਅਤੇ ਖਾਲਿਆਂ ਦੀ ਬਹਾਲੀ ਕੀਤੀ ਗਈ ਹੈ ਜਾਂ ਉਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ ਹੈ। ਜੌੜਾਮਾਜਰਾ ਅਨੁਸਾਰ ਸੂਬੇ ਵਿੱਚ ਨਹਿਰੀ ਨੈੱਟਵਰਕ ਨੂੰ ਵਧੇਰੇ ਮਜ਼ਬੂਤ ਕਰਨ ਲਈ ਵਿੱਤੀ ਸਾਲ 2024-25 ਲਈ ਸਰਕਾਰ ਨੇ 2,107 ਕਰੋੜ ਰੁਪਏ ਦਾ ਬਜਟ ਰੱਖਿਆ ਹੈ।

### ਪੰਜਾਬ ਵਿਧਾਨ ਸਭਾ ਦੀ ਰਿਪੋਰਟ ਕੀ ਕਹਿੰਦੀ ਹੈ?

ਪੰਜਾਬ ਵਿਧਾਨ ਸਭਾ ਦੀ ਸਾਲ 2021-22 ਦੀ ਰਿਪੋਰਟ ਦੇ ਮੁਤਾਬਕ ਜੇਕਰ ਜ਼ਮੀਨ ਵਿਚੋਂ ਪਾਣੀ ਇਸੇ ਤਰੀਕੇ ਨਾਲ ਨਿਕਲਦਾ ਰਿਹਾ ਤਾਂ ਸੂਬੇ ਵਿੱਚ ਜ਼ਮੀਨਦੋਜ਼ ਪਾਣੀ ਦਾ ਸੰਕਟ ਖੜ੍ਹਾ ਹੋ ਜਾਵੇਗਾ। ਪੰਜਾਬ ਦਾ ਜ਼ਮੀਨਦੋਜ਼ ਪਾਣੀ 86 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਥੱਲੇ ਜਾ ਰਿਹਾ ਹੈ। ਇਸ ਹਿਸਾਬ ਨਾਲ ਆਉਣ ਵਾਲੇ 15-20 ਸਾਲਾਂ ਵਿੱਚ ਪੰਜਾਬ ਦਾ ਪਾਣੀ ਖ਼ਤਮ ਹੋਣ ਦੀ ਸੰਭਾਵਨਾ ਹੈ।

### ਜ਼ਮੀਨੀ ਹਕੀਕਤ ਕੀ ਹੈ?

ਜ਼ਿਲ੍ਹਾ ਬਰਨਾਲਾ ਦੇ ਕਈ ਪਿੰਡਾਂ ਦੇ ਖੇਤਾਂ ਵਿੱਚ ਨਹਿਰੀ ਪਾਣੀ ਲਾਉਣ ਲਈ ਦਹਾਕਿਆਂ ਪੁਰਾਣੇ ਨਹਿਰੀ ਖਾਲਾਂ ਦਾ ਢਹਿ ਢੇਰੀ ਹੋਇਆ ਢਾਂਚਾ ਤਾਂ ਮੌਜੂਦ ਹੈ ਪਰ ਉਨ੍ਹਾਂ ਖਾਲਿਆਂ ਵਿੱਚੋਂ ਦੀ ਨਹਿਰੀ ਪਾਣੀ ਲੰਘਣ ਦਾ ਕੋਈ ਸੁਰਤੇ-ਹਾਲ ਨਜ਼ਰ ਨਹੀਂ ਆਉਂਦਾ। ਜਦ ਤੱਕ ਖੇਤਾਂ ਤੱਕ ਪਾਣੀ ਲਿਆਉਣ ਲਈ ਨਹਿਰੀ ਖਾਲਾਂ ਦੀ ਮੁੜ ਉਸਾਰੀ ਨਹੀਂ ਕੀਤੀ ਜਾਂਦੀ ਉਦੋਂ ਤੱਕ ਕਿਸਾਨ ਟਿਊਬਵੈੱਲ ਦੀ ਵਰਤੋਂ ਕਰਨ ਲਈ ਮਜਬੂਰ ਹਨ। ਕਿਸਾਨ ਵੀ ਨਹਿਰੀ ਪਾਣੀ ਦੀ ਵਰਤੋਂ ਤਾਂ ਕਰਨਾ ਚਾਹੁੰਦੇ ਹਨ ਪਰ ਢਾਂਚਾਗਤ ਵਿਵਿਸਥਾ ਦੀ ਅਣਹੋਂਦ ਵਿੱਚ ਜ਼ਮੀਨਦੋਜ਼ ਪਾਣੀ ਵਰਤ ਰਹੇ ਹਨ।

ਬਰਨਾਲਾ ਨੇੜਲੇ ਪਿੰਡ ਪੱਤੀ ਸੇਖਵਾਂ ਦੇ ਨੌਜਵਾਨ ਕਿਸਾਨ ਦਲਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਨਹਿਰੀ ਪਾਣੀ ਨਾ ਆਉਣ ਕਾਰਨ ਨਹਿਰੀ ਖਾਲਾਂ ਦੀ ਵਰਤੋਂ ਨਹੀਂ ਹੋਈ ਜਿਸ ਕਾਰਨ ਖਾਲ ਢਹਿ ਢੇਰੀ ਹੋ ਚੁੱਕੇ ਹਨ ਤੇ ਕਈ ਜਗ੍ਹਾ ਤਾਂ ਖਾਲਾ ਦਾ ਨਾਮੋ ਨਿਸ਼ਾਨ ਹੀ ਮਿਟ ਚੁੱਕਾ ਹੈ। ਦਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕੇ ਵਿੱਚ ਧਰਤੀ ਹੇਠਾਂ ਪਾਣੀ ਕਰੀਬ 180-190 ਫੁੱਟ ਦੇ ਨਜ਼ਦੀਕ ਹੈ ਪਰ ਫਿਰ ਵੀ ਉਹ ਧਰਤੀ ਹੇਠਲਾ ਪਾਣੀ ਵਰਤਣ ਲਈ ਮਜਬੂਰ ਹਨ।

ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਹਰ ਸਾਲ ਨੀਵਾਂ ਜਾਣ ਕਾਰਨ ਕਿਸਾਨਾਂ ਨੂੰ ਭਾਰੀ ਖ਼ਰਚਿਆਂ ਦਾ ਭਾਰ ਝੱਲਣਾ ਪੈਂਦਾ ਹੈ ਜਿਵੇਂ ਕਿ ਪਾਈਪ ਦਾ ਟੋਟਾ ਪਾਉਣਾ, ਮੋਟਰ ਵੱਡੀ ਪਾਉਣੀ, ਮੋਟਰ ਲਈ ਬਿਜਲੀ ਦੀ ਤਾਰ ਆਦਿ। ਦਲਜੀਤ ਸਿੰਘ ਨੇ ਦੱਸਿਆ ਕਿ ਨਹਿਰੀ ਪਾਣੀ ਨਾ ਆਉਣ ਕਾਰਨ ਧਰਤੀ ਹੇਠਲੇ ਪਾਣੀ ਦੀ ਵਰਤੋਂ ਉਨ੍ਹਾਂ ਦੀ ਮਜਬੂਰੀ ਹੈ।

### ਮੌਨਸੂਨ ਉਡੀਕਦੇ ਕਿਸਾਨ



ਸੰਗਰੂਰ ਦੇ ਨੇੜੇ ਪਿੰਡ ਨਮੋਲ ਦੇ ਰਹਿਣ ਵਾਲੇ ਜਗਤਾਰ ਸਿੰਘ ਤੇ ਜਸਵੀਰ ਸਿੰਘ ਜਿਨ੍ਹਾਂ ਕੋਲੋ ਛੇ ਏਕੜ ਜ਼ਮੀਨ ਹੈ ਇਸ ਸਮੇਂ ਝੋਨਾ ਲਗਾਉਣ ਦੇ ਲਈ ਮੌਨਸੂਨ ਦੀ ਉਡੀਕ ਕਰ ਰਹੇ ਹਨ। ਜਗਤਾਰ ਦਾ ਕਹਿਣਾ ਹੈ ਕਿ ਉਸਦੇ ਖੇਤ ਕੋਲ ਦੀ ਨਹਿਰੀ ਖਾਲ ਤਾਂ ਕਾਫੀ ਸਮੇਂ ਤੋਂ ਲੰਘ ਰਿਹਾ ਹੈ ਪਰ ਪਿਛਲੇ 10 ਸਾਲਾਂ ਤੋਂ ਉਸਦੇ ਖੇਤ ਨੂੰ ਨਹਿਰੀ ਪਾਣੀ ਨਹੀਂ ਲੱਗਿਆ। ਉਨ੍ਹਾਂ ਦੀ ਛੇ ਏਕੜ ਦੇ ਕਰੀਬ ਜ਼ਮੀਨ ਦੋ ਭਰਾਵਾਂ ਦੀ ਸਾਂਝੀ ਹੈ ਜਿਸ ਤੇ ਕਿ ਉਨ੍ਹਾਂ ਦਾ ਇੱਕ ਸਾਂਝਾ ਟਿਊਬਲ ਹੈ ਉਨ੍ਹਾਂ ਦੇ ਨੇੜੇ ਦੇ ਕਿਸਾਨਾਂ ਨੇ ਝੋਨਾ ਲਗਾ ਲਿਆ ਹੈ ਪਰ ਜਗਤਾਰ ਦਾ ਕਹਿਣਾ ਹੈ ਕਿ ਉਹ ਝੋਨਾ ਲਗਾਉਣ ਲਈ ਮੌਨਸੂਨ ਤੇ ਹੀ ਟੇਕ ਲਾ ਕੇ ਬੈਠੇ ਹਨ।

ਇਹ ਨਾ ਕਹਿਣਾ ਹੈ ਕਿਉਂਕਿ ਟਿਊਬਲ ਇੱਕ ਹੈ ਤੇ ਉਨ੍ਹਾਂ ਕੋਲ ਆਪਣੀ ਪੈਲੀ ਦੇ ਨਾਲ ਕੁਝ ਪੈਲੀ ਠੇਕੇ ਤੇ ਹੈ ਤਾਂ ਕਰਕੇ ਟਿਊਬੈਲ ਦੇ ਪਾਣੀ ਨਾਲ ਉਹ ਸਿਰਫ ਆਪਣਾ ਹਰਾ ਚਾਰਾ ਜਾ ਸਬਜੀਆਂ ਲਈ ਹੀ ਪਾਣੀ ਲਗਾ ਪਾਉਂਦੇ ਹਨ। ਉਹ ਦੱਸਦੇ ਹਨ ਕਿ ਲਗਾਤਾਰ ਵੱਧਦੀ ਗਰਮੀ ਨੇ ਵੀ ਝੋਨੇ ਦੇ ਕੰਮ ਨੂੰ ਮੁਸ਼ਕਿਲ ਬਣਾ ਦਿੱਤਾ ਹੈ ਕਿਉਂਕਿ ਝੋਨੇ ਨੂੰ ਪਾਣੀ ਦੀ ਜ਼ਰੂਰਤ ਹੈ ਤਾਂ ਵੱਧ ਰਹੀ ਲੋਅ ਦੇ ਕਾਰਨ ਵਾਹਣ ਦੇ ਵਿੱਚ ਪਾਣੀ ਖੜਾਉਣਾ ਕਾਫੀ ਮੁਸ਼ਕਿਲ ਹੈ। ਜਸਵੀਰ ਸਿੰਘ ਕਹਿੰਦੇ ਹਨ ਕਿ ਜੇ ਉਨ੍ਹਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਆ ਜਾਵੇ ਤਾਂ ਕਾਫ਼ੀ ਮਦਦ ਹੋ ਸਕਦੀ ਹੈ। ਉਨ੍ਹਾਂ ਨੂੰ ਆਸ ਇਸ ਤਰ੍ਹਾਂ ਉਨ੍ਹਾਂ ਨੂੰ ਟਿਊਬਲ ਦਾ ਬੋਰ ਹੋਰ ਡੂੰਘਾ ਨਹੀਂ ਕਰਵਾਉਣਾ ਪਵੇਗਾ। ਲਗਾਤਾਰ ਡੂੰਘੇ ਹੁੰਦੇ ਜਾ ਰਹੇ ਧਰਤੀ ਹੇਠਲੇ ਪਾਣੀ ਪ੍ਰਤੀ ਇਹ ਦੋਵੇਂ ਭਰਾ ਵੀ ਚਿੰਤਿਤ ਹਨ।

### ਨਹਿਰੀ ਪਾਣੀ ਵਰਦਾਨ ਹੈ

ਦਿੜਬਾ ਹਲਕੇ ਦੇ ਪਿੰਡ ਰੋਗਲਾ ਦੇ ਵਿੱਚ ਇਸ ਸਮੇਂ ਸਰਕਾਰ ਵੱਲੋਂ ਨਹਿਰੀ ਪਾਈਪ ਲਾਈਨਾਂ ਪਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਰੋਗਲਾ ਪਿੰਡ ਦੇ ਕੁਲਬੀਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਖੇਤਾਂ ਵਿੱਚ ਇਸ ਸਮੇਂ ਅੰਡਰ-ਗਰਾਊਂਡ ਪਾਈਪ ਲਾਈਨ ਰਾਹੀਂ ਨਹਿਰੀ ਪਾਣੀ ਆ ਰਿਹਾ ਹੈ। ਉਹ ਦੱਸਦੇ ਹਨ ਕਿ ਇਸ ਪਾਣੀ ਨਾਲ ਉਨ੍ਹਾਂ ਨੂੰ ਕਾਫੀ ਮਦਦ ਮਿਲਦੀ ਹੈ ਕਿਉਂਕਿ ਇਥੋਂ ਉਨ੍ਹਾਂ ਨੂੰ ਦੋ ਟਿਊਬਲਾਂ ਜਿੰਨਾ ਪਾਣੀ ਮਿਲ ਰਿਹਾ ਹੈ। ਉਹ ਦੱਸਦੇ ਹਨ ਕਿ ਉਨ੍ਹਾਂ ਦੇ ਗੁਆਂਢੀ ਖੇਤਾਂ ਦੇ ਵਿੱਚ ਲਾਸਟ ਟੇਲ ਹੈ ਜਿੱਥੇ ਪਹਿਲਾਂ ਕਦੇ ਪਾਣੀ ਨਹੀਂ ਪਹੁੰਚਿਆ ਤਾਂ ਅੱਜ ਉਨ੍ਹਾਂ ਕਿਸਾਨਾਂ ਨੂੰ ਵੀ ਨਹਿਰੀ ਪਾਣੀ ਮਿਲ ਰਿਹਾ ਹੈ।

ਮੱਖਣ ਸਿੰਘ ਦਾ ਕਹਿਣਾ ਹੈ ਕਿ ਇਨ੍ਹਾਂ ਪਾਈਪ ਲਾਈਨਾਂ ਨੂੰ ਦੱਬਣ ਦੇ ਵਿੱਚ ਕਿਸਾਨਾਂ ਦਾ ਹੁਣ ਕੋਈ ਵੀ ਖਰਚਾ ਨਹੀਂ ਆਉਂਦਾ ਤੇ ਇਸ ਨਹਿਰੀ ਪਾਣੀ ਦਾ ਝੋਨੇ ਦੀ ਫ਼ਸਲ ਨੂੰ ਬਹੁਤ ਫਾਇਦਾ ਹੁੰਦਾ। ਉਹ ਦੱਸਦੇ ਹਨ ਕਿ ਪਹਿਲਾਂ ਕਿਸਾਨਾਂ ਵੱਲੋਂ ਖੂਹਾਂ ਤੇ ਇੰਜਣਾਂ ਰਾਹੀਂ ਧਰਤੀ ਚੋਂ ਪਾਣੀ ਕੱਢਿਆ ਜਾਂਦਾ ਸੀ ਪਰ ਹੁਣ ਲਗਾਤਾਰ ਪਾਣੀ ਡੂੰਘਾ ਹੋ ਰਿਹਾ ਹੈ ਹੈ। ਡੀਜ਼ਲ ਕਾਫੀ ਮਹਿੰਗਾ ਹੈ ਇਸ ਲਈ ਟਰੈਕਟਰਾਂ ਤੇ ਜਰਨੇਟਰਾਂ ਰਾਹੀਂ ਵੀ ਪਾਣੀ ਕੱਢਣਾ ਕਾਫੀ ਮੁਸ਼ਕਿਲ ਹੈ ਤੇ ਕਾਫੀ ਮਹਿੰਗਾ ਹੈ। ਉਹ ਕਹਿੰਦੇ ਹਨ, "ਜੇਕਰ ਕਿਸਾਨ ਨਵਾਂ ਟਿਊਬਲ ਲਵਾਉਂਦਾ ਹੈ ਤਾਂ ਉਸਦੇ ਦੋ ਤੋਂ ਢਾਈ ਲੱਖ ਰੁਪਏ ਤੱਕ ਖਰਚਾ ਆਉਂਦਾ ਹੈ ਤਾਂ ਕਿਸਾਨਾਂ ਲਈ ਨਹਿਰੀ ਪਾਈਪਲਾਈਨ ਆ ਵਰਦਾਨ ਸਾਬਿਤ ਹੋ ਰਹੀਆਂ ਹਨ।"

ਨਹਿਰੀ ਵਿਭਾਗ ਦੇ ਐੱਸਡੀਓ ਸੋਨੂ ਕੁਮਾਰ ਨੇ ਸੰਗਰੂਰ ਜ਼ਿਲ੍ਹੇ ਵਿੱਚ ਨਹਿਰੀ ਪਾਣੀ ਦੀ ਵਿਵਸਥਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮੇਂ ਸੰਗਰੂਰ ਦੇ ਵਿੱਚ 160 ਦੇ ਕਰੀਬ ਨਹਿਰੀ ਮੋਗਿਆਂ ਦੇ ਉੱਪਰ ਅੰਡਰਗਰਾਊਂਡ ਪਾਈਪਲਾਈਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਜੋ ਵੀ ਡਿਪਾਰਟਮੈਂਟ ਨੂੰ ਫੰਡ ਆਉਂਦਾ ਹੈ ਉਸਦੇ ਤਹਿਤ ਕਿਸਾਨਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ।

# 1975 ਦੀ ਐਮਰਜੈਂਸੀ ਦੀ ਆਪ ਬੀਤੀ ਕਹਾਣੀ

ਹਿਸਾਰ- ਦੇਸ਼ ਵਿੱਚ 49 ਸਾਲ ਪਹਿਲਾਂ ਲਗਾਈ ਗਈ ਐਮਰਜੈਂਸੀ ਦਾ ਦਰਦ ਅਜੇ ਤੱਕ ਕਿਸੇ ਦੇ ਦਿਲ ਵਿੱਚੋਂ ਦੂਰ ਨਹੀਂ ਹੋਇਆ ਹੈ। ਐਮਰਜੈਂਸੀ ਲਾਗੂ ਹੋਣ ਮਗਰੋਂ ਪੁਲੀਸ ਨੇ ਜ਼ਿਲ੍ਹੇ ਵਿੱਚ 45 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਸਮੇਂ ਸੰਘ ਦੇ ਮੈਂਬਰ ਪੁਲੀਸ ਤੋਂ ਬਚਦੇ ਰਹੇ। ਹਾਲਾਤ ਅਜਿਹੇ ਸਨ ਕਿ ਜਦੋਂ ਉਹ ਫੜਿਆ ਗਿਆ ਤਾਂ ਥਾਣੇ ਵਿਚ ਉਸ ਨੂੰ ਪਿਸ਼ਾਬ ਵਾਲੇ ਘੜੇ ਵਿਚ ਪਾਣੀ ਪਿਲਾਇਆ ਗਿਆ। ਜਦੋਂ ਉਸ ਨੂੰ ਜੇਲ੍ਹ ਭੇਜਿਆ ਗਿਆ ਤਾਂ ਉਸ ਦੇ ਖਾਣੇ ਵਿੱਚ ਕੀੜੇ ਪਾਏ ਗਏ। ਹਾਲਾਤ ਠੀਕ ਨਹੀਂ ਸਨ ਅਤੇ ਭੁੱਖ ਹੜਤਾਲ ਜਾਰੀ ਰਹੀ। ਉਸ ਸਮੇਂ ਸੰਘ ਦੇ ਮੈਂਬਰ ਪੁਲਿਸ ਤੋਂ ਬਚਦੇ ਰਹੇ। ਹਾਲਾਤ ਅਜਿਹੇ ਸਨ ਕਿ ਜਦੋਂ ਉਹ ਫੜਿਆ ਗਿਆ ਤਾਂ ਥਾਣੇ ਵਿਚ ਉਸ ਨੂੰ ਪਿਸ਼ਾਬ ਵਾਲੇ ਘੜੇ ਵਿਚ ਪਾਣੀ ਪਿਲਾਇਆ ਗਿਆ। ਜਦੋਂ ਉਸ ਨੂੰ ਜੇਲ੍ਹ ਭੇਜਿਆ ਗਿਆ ਤਾਂ ਉਸ ਦੇ ਖਾਣੇ ਵਿੱਚ ਕੀੜੇ ਪਾਏ ਗਏ। ਹਾਲਾਤ ਠੀਕ ਨਹੀਂ ਸਨ ਅਤੇ ਭੁੱਖ ਹੜਤਾਲ ਜਾਰੀ ਰਹੀ। ਹਿਸਾਰ ਕੇਂਦਰੀ ਜੇਲ੍ਹ ਅਜਿਹੀ ਸੀ ਕਿ ਉਸ ਸਮੇਂ ਹਿਸਾਰ ਤੋਂ ਇਲਾਵਾ ਸਿਰਸਾ, ਫਤਿਹਾਬਾਦ, ਭਿਵਾਨੀ ਆਦਿ ਥਾਵਾਂ ਤੋਂ ਕੈਦੀਆਂ ਨੂੰ ਰੱਖਿਆ ਜਾਂਦਾ ਸੀ। ਇੱਕ ਬੈਰਕ ਵਿੱਚ ਕਰੀਬ 20 ਲੋਕਾਂ ਨੂੰ ਰੱਖਿਆ ਗਿਆ ਸੀ। ਜ਼ਿਲ੍ਹਾ ਜੇਲ੍ਹ ਵਿੱਚ ਸੈਂਕੜੇ ਕੈਦੀਆਂ ਨੂੰ ਰੱਖਿਆ ਗਿਆ ਸੀ। ਐਮਰਜੈਂਸੀ ਦੌਰਾਨ ਜ਼ਿਲ੍ਹੇ ਵਿੱਚ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਨਾਲ ਹੀ ਦੇਸ਼ ਦੇ ਕਈ ਵੱਡੇ ਚਿਹਰਿਆਂ ਨੂੰ ਹਿਸਾਰ ਸੈਂਟਰਲ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਸੀ। ਆਗੂਆਂ ਨੇ ਜੇਲ੍ਹ ਵਿੱਚ ਰਹਿੰਦਿਆਂ ਚੋਣਾਂ ਲੜੀਆਂ ਅਤੇ ਜਿੱਤੀਆਂ ਸਨ। ਅੱਜ ਵੀ ਐਮਰਜੈਂਸੀ ਦੀਆਂ ਉਹ ਯਾਦਾਂ ਤਾਜ਼ਾ ਹਨ ਜੋ ਉਸ ਸਮੇਂ ਦੀ ਮਾਰ ਝੱਲ ਰਹੇ ਜ਼ਿਲ੍ਹਾ ਵਾਸੀਆਂ ਨੂੰ ਮਿਲਦੇ ਹਨ। ਜ਼ਿਲ੍ਹੇ ਵਿੱਚ ਐਮਰਜੈਂਸੀ ਦੌਰਾਨ ਫੜੇ ਗਏ ਲੋਕਾਂ ਨੂੰ ਸਰਕਾਰ ਵੱਲੋਂ ਤਾਂਬੇ ਦੀਆਂ ਪਲੇਟਾਂ ਦਿੱਤੀਆਂ ਗਈਆਂ। ਉਸ ਨੂੰ ਸਰਕਾਰ ਵੱਲੋਂ ਪੈਨਸ਼ਨ ਵੀ ਦਿੱਤੀ ਜਾ ਰਹੀ ਹੈ।

### ਰਾਮ ਸਵਰੂਪ ਪੋਪਲੀ ਨੇ ਦੱਸੀ ਕਹਾਣੀ

ਉਸ ਸਮੇਂ ਮੇਰੀ ਉਮਰ 24 ਸਾਲ ਸੀ। ਬਾਜਰੀਆ ਚੌਕ, ਹੁਣ ਹਾਂਸੀ ਦੇ ਪ੍ਰਤਾਪ ਚੌਕ 'ਤੇ ਪਿਤਾ ਨਾਲ ਕੱਪੜੇ ਦੀ ਦੁਕਾਨ 'ਤੇ ਬੈਠਦਾ ਸੀ। ਬ੍ਰਾਂਚ ਦਾ ਮੁੱਖ ਅਧਿਆਪਕ ਹੋਣ ਕਰਕੇ ਮੇਰੇ 'ਤੇ ਨਜ਼ਰ ਰੱਖੀ ਜਾਂਦੀ ਸੀ। ਜਦੋਂ 25 ਜੂਨ 1975 ਨੂੰ ਐਮਰਜੈਂਸੀ ਦਾ ਐਲਾਨ ਕੀਤਾ ਗਿਆ ਤਾਂ ਮੇਰੇ ਨਾਲ ਦੇ ਲੋਕਾਂ ਨੂੰ ਪੁਲਿਸ ਨੇ ਫੜ ਲਿਆ। ਮੈਂ ਉਨ੍ਹਾਂ ਨੂੰ ਟਾਲਦਾ ਰਿਹਾ। ਜੇ ਪੁਲਿਸ ਮੈਨੂੰ ਫੜਨ ਲਈ ਦੁਕਾਨ 'ਤੇ ਆਉਂਦੀ ਤਾਂ ਮੈਂ ਲੁਕ ਜਾਂਦਾ ਸੀ। ਉਸੇ ਸਮੇਂ ਜਦੋਂ ਮੇਰੇ ਇੱਕ ਦੋਸਤ ਦੇ ਬਜ਼ੁਰਗ ਪਿਤਾ ਨੂੰ ਪੁਲਿਸ ਨੇ ਫੜਿਆ ਤਾਂ ਮੈਨੂੰ ਵੀ ਆਪਣੇ ਪਰਿਵਾਰ ਦਾ ਖਿਆਲ ਆਇਆ। ਮੈਂ ਬਾਅਦ ਵਿੱਚ ਨਹੀਂ ਦੌੜਿਆ। 8 ਜੁਲਾਈ ਨੂੰ ਮੈਨੂੰ ਪੁਲਿਸ ਨੇ ਫੜ ਲਿਆ।

# ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਖਤ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com>

**ਸ. ਹਰਜਿੰਦਰ ਸਿੰਘ ਧਾਮੀ ਜੀ,**
**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਸ਼੍ਰੀ ਅੰਮ੍ਰਿਤਸਰ ਸਾਹਿਬ।**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕੀ ਫ਼ਤਿਹ।**
**ਵਿਸ਼ਾ-ਬਾਬਾ ਬੰਦਾ ਬਹਾਦਰ ਨਾਲ ਸਬੰਧਿਤ ਦਿਹਾੜੇ**
**ਸਤਿਕਾਰ ਯੋਗ ਪ੍ਰਧਾਨ ਜੀ,**

ਬੇਨਤੀ ਇਹ ਹੈ ਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, 'ਨਾਨਕਸ਼ਾਹੀ ਕੈਲੰਡਰ' ਦੇ ਨਾਮ ਹੇਠ ਛਾਪੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ, 365.2563 ਦਿਨ) ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨਾਲ ਸਬੰਧਿਤ ਦੋ ਅਹਿਮ ਦਿਹਾੜੇ, ਸਰਹਿੰਦ ਫ਼ਤਿਹ ਦਿਵਸ ਅਤੇ ਸ਼ਹੀਦੀ ਦਿਹਾੜਾ ਦਰਜ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ, ਪਿਛਲੇ ਡੇੜ ਦਹਾਕੇ ਦੇ (ਮਾਰਚ 2010 ਤੋਂ) ਕੈਲੰਡਰਾਂ ਦੀ ਪੜਤਾਲ ਕਰਨ ਤੇ ਇਹ ਤੱਥ ਸਾਹਮਣੇ ਆਇਆ ਹੈ ਕਿ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ ਪਹਿਲੀ ਵਾਰ, ਸਰਹਿੰਦ ਫ਼ਤਿਹ ਦਿਵਸ ਦੇ 300 ਸਾਲਾਂ ਦਿਹਾੜੇ (2010 ਈ:) ਤੇ ਕੈਲੰਡਰ ਵਿੱਚ ਦਰਜ ਕੀਤਾ ਗਿਆ ਸੀ। 543 ਨ: ਸ: ਦੇ ਕੈਲੰਡਰ ਵਿੱਚ ਇਹ ਦਿਹਾੜਾ 14 ਮਈ ਦਾ ਦਰਜ ਹੈ। ਇਸ ਤੋਂ ਪਿਛੋਂ 14 ਮਈ, 13 ਮਈ ਅਤੇ ਹੁਣ 12 ਮਈ ਦਾ ਦਰਜ ਹੈ। 547 ਨ: ਸ: ਅਤੇ 547 ਨ: ਸ: ਵਿੱਚ ਇਹ ਦਿਹਾੜਾ ਦਰਜ ਹੀ ਨਹੀਂ ਹੈ। ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਬਹਾਦਰ 535 ਨ: ਸ: ਤੋਂ (ਜਦੋਂ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਸੀ) 11 ਹਾੜ ਦਾ ਦਰਜ ਹੈ। 544 ਨ: ਸ: ਅਤੇ 545 ਨ:ਸ: ਵਿੱਚ ਇਹ ਦਿਹਾੜਾ 12 ਹਾੜ ਦਾ ਦਰਜ ਹੈ। ਇਸ ਪੜਤਾਲ ਤੋਂ ਇਹ ਸਪੱਸ਼ਟ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਤਾਂ ਪ੍ਰਵਿਸ਼ਟਿਆਂ ਮੁਤਾਬਕ 11 ਹਾੜ ਨੂੰ ਮਨਾਇਆ ਜਾਂਦਾ ਹੈ ਅਤੇ ਸਰਹਿੰਦ ਫ਼ਤਿਹ ਦਿਵਸ ਅੰਗਰੇਜੀ ਤਾਰੀਖ ਮੁਤਾਬਕ12 ਮਈ ਨੂੰ। ਸਵਾਲ ਪੈਦਾ ਹੁੰਦਾ ਕਿ, ਅੰਗਰੇਜੀ ਕੈਲੰਡਰ (ਜੂਲੀਅਨ) ਕਦੇ ਵੀ ਆਪਣੇ ਦੇਸ਼ ਵਿੱਚ ਲਾਗੂ ਨਹੀਂ ਹੋਇਆ ਤਾਂ ਉਸ ਮੁਤਾਬਕ ਇਤਿਹਾਸਕ ਦਿਹਾੜੇ ਕਿਵੇਂ ਮਨਾਏ ਜਾ ਰਹੇ ਹਨ?

**ਸਰਹਿੰਦ ਫ਼ਤਿਹ ਦਿਵਸ:-** ਚੱਪੜ-ਚਿੜੀ (ਅਸਲ ਵਿੱਚ ਛੱਪੜ-ਝਿੜੀ) ਦੇ ਮੈਦਾਨ ਵਿੱਚ ਖਾਲਸਾ ਫੌਜ ਅਤੇ ਸੂਬੇਦਾਰ ਵਜ਼ੀਰ ਖਾਂ ਦੀ ਅਗਵਾਈ ਵਿੱਚ ਮੁਗਲ ਫੌਜਾਂ ਦੀ ਲੜਾਈ ਉਸ ਵੇਲੇ ਦੇ ਸਰਕਾਰੀ ਰਿਕਾਰਡ ਮੁਤਾਬਕ, 24 ਰਬੀ ਅੱਵਲ 1122 ਹਿਜਰੀ, ਦਿਨ ਸ਼ਨਿੱਚਰਵਾਰ, ਨੂੰ ਹੋਈ ਸੀ। "This was on the 24 Raib I , 1122 (22nd May 1710)". ( Later Mughals, Page 95) ਹੁਣ ਜਦੋਂ ਹਿਜਰੀ ਕੈਲੰਡਰ ਦੀ ਇਸ ਤਾਰੀਖ ਨੂੰ ਆਪਣੇ ਦੇਸ਼ ਵਿਚ ਪ੍ਰਚੱਲਤ ਬਿਕ੍ਰਮੀ ਕੈਲੰਡਰ ਵਿੱਚ ਵੇਖਦੇ ਹਾਂ ਤਾਂ ਇਹ 15 ਜੇਠ, ਸੰਮਤ 1767 ਬਿਕ੍ਰਮੀ ਬਣਦੀ ਹੈ। ਅੰਗਰੇਜੀ ਰਾਜ ਵੇਲੇ, ਜਦੋਂ ਅੰਗਰੇਜੀ ਕੈਲੰਡਰ ਵਿੱਚ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 12 ਮਈ 1710 ਈ: (ਜੂਲੀਅਨ)ਲਿਖੀ ਗਈ। ਜੋ ਕਿ ਇਕ ਦਿਨ ਦੇ ਫ਼ਰਕ ਨਾਲ ਗਲਤ ਹੈ। ਅਸਲ ਵਿੱਚ ਉਸ ਦਿਨ 13 ਮਈ (ਜੂਲੀਅਨ) ਸੀ। ਵਿਲੀਅਮ ਇਰਵਿਨ ਵੱਲੋਂ ਲਿਖੀ ਗਈ 22 ਮਈ 1710 ਈ:, ਗਰੈਗੋਰੀਅਨ ਕੈਲੰਡਰ ਮੁਤਾਬਕ ਹੈ ਪਰ, ਇਹ ਤਾਰੀਖ ਦੋ ਦਿਨਾਂ ਦੇ ਫ਼ਰਕ ਨਾਲ ਗਲਤ ਹੈ। ਅਸਲ ਵਿਚ ਉਸ ਦਿਨ 24 ਮਈ (ਗਰੈਗੋਰੀਅਨ) ਸੀ।

**ਸ਼ਹੀਦੀ ਦਿਹਾੜਾ:-** ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ, 11 ਹਾੜ ਸੰਮਤ 1767 ਬਿਕ੍ਰਮੀ, 29 ਜੁਮਾਦੀ ਅਲ ਸਾਨੀ 1128 ਹਿਜਰੀ, ਮੁਤਾਬਕ 9 ਜੂਨ 1716 (ਜੂ-ਲੀਅਨ) ਨੂੰ ਹੋਈ ਸੀ। ਇਹ ਦਿਹਾੜਾ ਹਰ ਸਾਲ ਸ਼੍ਰੋਮਣੀ ਗੁਰ-ਦਵਾਰਾ ਪ੍ਰਬੰਧਕ ਕਮੇਟੀ ਵੱਲੋਂ 11 ਹਾੜ ਨੂੰ ਹੀ ਮਨਾਇਆ ਜਾਂਦਾ ਹੈ।

ਪ੍ਰਧਾਨ ਜੀ, ਕੀ ਕਾਰਨ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ , ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨਾਲ ਸਬੰਧਿਤ ਇਕ ਅਹਿਮ ਦਿਹਾੜਾ,ਸਰਹਿੰਦ ਫ਼ਤਿਹ ਦਿਵਸਤਾਂ ਅੰਗਰੇਜੀ ਕੈਲੰਡਰ ਮੁਤਾਬਕ ਹਰ ਸਾਲ 12 ਮਈ ਨੂੰ (ਅਸਲ ਵਿੱਚ 13 ਮਈ ਹੈ) ਮਨਾਇਆ ਜਾਂਦਾ ਹੈ ਅਤੇ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਹਰ ਸਾਲ 11 ਹਾੜ ਭਾਵ ਬਿਕ੍ਰਮੀ ਕੈਲੰਡਰ ਮੁਤਾਬਕ ਮਨਾਇਆ ਜਾਂਦਾ ਹੈ? ਜੂਲੀਅਨ ਕੈਲੰਡਰ, ਜੋ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ, ਮੁਤਾਬਕ ਇਤਿਹਾਸਕ ਦਿਹਾੜੇ ਮਨਾਉਣ ਦਾ ਕੀ ਕਾਰਨ ਹੈ?

ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ (11 ਹਾੜ) ਦੀ ਤਰ੍ਹਾਂ, ਸਰਹਿੰਦ ਫ਼ਤਿਹ ਦਿਵਸ ਵੀ ਹਰ ਸਾਲ 15 ਜੇਠ ਨੂੰ ਕਿਉ ਨਹੀਂ ਮਨਾਇਆ ਜਾਂਦਾ? ਸਰਹਿੰਦ ਫ਼ਤਿਹ ਦਿਵਸ, 12 ਮਈਮੁਤਾਬਕ 29-30 ਵੈਸਾਖ ਨੂੰ ਆਉਂਦਾ ਹੈ। ਜਦੋਂ ਕਿ ਇਹ ਲੜਾਈ 15 ਜੇਠ ਨੂੰ ਹੋਈ ਸੀ। 15 ਜੇਠ ਤੋਂ ਬਦਲ ਕੇ ਇਹ ਦਿਹਾੜਾ 29-30 ਵੈਸਾਖ ਨੂੰ ਕਰਨ ਦਾ ਕੀ ਕਾਰਨ ਹੈ? ਕੀ ਇਹ ਇਤਿਹਾਸ ਨੂੰ ਵਿਗਾੜਨ ਦੀ ਸੋਚੀ-ਸਮਝੀ ਸਾਜ਼ਿਸ਼ ਤਾਂ ਨਹੀ? ਇਕ ਦਿਹਾੜਾ ਤਾਰੀਖਾਂ ਮੁਤਾਬਕ ਅਤੇ ਦੂਜਾ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਮਨਾਉਣ, ਇਤਿਹਾਸ ਦੇ ਕਿਹੜੇ ਨਿਯਮ ਦੀ ਪਾਲਣਾ ਹੈ? ਜਦੋਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹਰ ਸਾਲ ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਛਾਪਦੀ ਹੈ ਤਾਂ ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਹੀ ਕਿਉ ਨਹੀਂ ਦਰਜ ਕੀਤੇ ਜਾਂਦੇ?

ਸ. ਹਰਜਿੰਦਰ ਸਿੰਘ ਧਾਮੀ ਜੀ, ਮੈਂ ਇਸ ਪੱਤਰ ਰਾਹੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਕੈਲੰਡਰ ਛਾਪਣ ਵੇਲੇ ਕੀਤੀ ਜਾਂਦੀ ਗਲਤੀ, ਆਪ ਜੀ ਦੇ ਧਿਆਨ ਵਿੱਚ ਲਿਆਉਣੀ ਚਾਹੁੰਦਾ ਹਾਂ। ਮੈਨੂੰ ਪੂਰੀ ਆਸ ਹੈ ਕਿ ਆਪ ਜੀ ਇਹ ਜਾਣ ਕੇ ਮੇਰੇ ਤੋਂ ਵੱਧ ਚਿੰਤਤ ਹੋਵੋਗੇ। ਬੇਨਤੀ ਹੈ ਕਿ ਅਜੇਹਾ ਕਰਨ ਪਿਛਲੇ ਕਾਰਨਾਂ ਦੀ ਪੜਤਾਲ ਕਰਾਕੇ, ਇਸ ਗਲਤੀ ਨੂੰ ਸੁਧਾਰਕੇ, ਅੱਗੇ ਤੋਂਸਰਹਿੰਦ ਫ਼ਤਿਹ ਦਿਵਸਵੀ ਅਸਲ ਪ੍ਰਵਿਸ਼ਟੇ ਮੁਤਾਬਕ 15 ਜੇਠ ਦਾ ਦਰਜ ਕੀਤਾ ਜਾਵੇ ਜੀ।

# ਪੰਜਾਬ 'ਚ ਭਿਆਨਕ ਗਰਮੀ ਅਤੇ ਬਿਜਲੀ ਦਾ ਸੰਕਟ ਕਿੰਨਾ ਗੰਭੀਰ

ਪੰਜਾਬ ਵਿਚ 11 ਜੂਨ ਤੋਂ ਝੋਨੇ ਦੀ ਲਵਾਈ ਸ਼ੁਰੂ ਹੋਣ ਤੋਂ ਬਾਅਦ ਬਿਜਲੀ ਦੀ ਖ਼ਪਤ ਵਿੱਚ ਭਾਰੀ ਵਾਧਾ ਹੋਇਆ ਹੈ। ਇਸ ਮਸਲੇ ਤੇ ਆਲ ਇੰਡੀਆ ਪਾਵਰ ਇੰਜੀਨੀਅਰਜ਼ ਫੈਡਰੇਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਪੰਜਾਬ ਵਿੱਚ ਬਿਜਲੀ ਦੀ ਖ਼ਪਤ ਨੂੰ ਕੰਟਰੋਲ ਕਰਨ ਲਈ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਸੂਬੇ ਵਿੱਚ ਸੰਭਾਵਿਤ ਗਰਿੱਡ ਦੀਆਂ ਗੜਬੜੀਆਂ ਬਾਰੇ ਚਿੰਤਾ ਜ਼ਾਹਰ ਕੀਤੀ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ ਹੈ। ਬਿਜਲੀ ਦੀ ਮੰਗ ਵਿੱਚ ਕਰੀਬ 43 ਫ਼ੀਸਦ ਵਾਧਾ ਹੋਇਆ ਹੈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਿਡ ਦੇ ਅੰਕੜਿਆਂ ਦੇ ਮੁਤਾਬਕ ਸੂਬੇ ਵਿੱਚ 14 ਜੂਨ ਨੂੰ ਸਭ ਤੋਂ ਵੱਧ ਬਿਜਲੀ ਦੀ ਮੰਗ 15,775 ਮੈਗਾਵਾਟ ਤੱਕ ਪਹੁੰਚ ਗਈ। ਜਦਕਿ 2023 ਵਿੱਚ 16 ਜੂਨ ਨੂੰ ਬਿਜਲੀ ਦੀ ਮੰਗ 11,309 ਮੈਗਾਵਾਟ ਸੀ।

ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਨੇ 10 ਜੂਨ, 2024 ਨੂੰ 12,600 ਮੈਗਾਵਾਟ ਦੀ ਬਿਜਲੀ ਦੀ ਮੰਗ ਦਰਜ ਕੀਤੀ, ਜਦੋਂ ਕਿ 10 ਜੂਨ 2023 ਨੂੰ ਇਹ ਮੰਗ 10,710 ਮੈਗਾਵਾਟ ਸੀ। ਇਸੇ ਤਰ੍ਹਾਂ ਪੰਜਾਬ ਦੀ ਬਿਜਲੀ ਦੀ ਮੰਗ 16 ਜੂਨ 2024 ਨੂੰ ਇਹ ਮੰਗ 15,016 ਮੈਗਾਵਾਟ ਤੱਕ ਪਹੁੰਚ ਗਈ ਸੀ ਜਦਕਿ ਪਿਛਲੇ ਸਾਲ 16 ਜੂਨ ਨੂੰ ਇਹ ਮੰਗ 11,248 ਮੈਗਾਵਾਟ ਸੀ। ਪਿਛਲੇ ਹਫਤੇ 10 ਜੂਨ ਤੋਂ 16 ਜੂਨ ਤੱਕ ਬਿਜਲੀ ਦੀ ਮੰਗ 12,600 ਮੈਗਾਵਾਟ ਤੋਂ ਵਧ ਕੇ 15,016 ਮੈਗਾਵਾਟ ਹੋ ਗਈ ਸੀ। ਇੱਕ ਸੀਨੀਅਰ ਪਾਵਰ ਇੰਜਨੀਅਰ ਨੇ ਆਪਣਾ ਨਾਮ ਗੁਪਤ ਰੱਖਦਿਆਂ ਦੱਸਿਆ ਕਿ ਪੰਜਾਬ ਕੋਲ ਲਗਭਗ 16,000 ਮੈਗਾਵਾਟ ਬਿਜਲੀ ਦਾ ਪ੍ਰਬੰਧ ਕਰਨ ਲਈ ਬੁਨਿਆਦੀ ਢਾਂਚਾ ਹੈ, ਜਦੋਂ ਕਿ ਕੇਂਦਰੀ ਗਰਿੱਡ ਤੋਂ ਵੱਧ ਤੋਂ ਵੱਧ ਸਪਲਾਈ 9,500 ਮੈਗਾਵਾਟ ਹੈ। ਉਨ੍ਹਾਂ ਦੱਸਿਆ, "ਜੇਕਰ 'ਹੀਟ ਵੇਵ' ਜਾਰੀ ਰਹਿੰਦੀ ਹੈ, ਤਾਂ ਇੱਕ ਗੰਭੀਰ ਸੰਕਟ ਆਉਣ ਵਾਲਾ ਹੈ ਜੇਕਰ ਬਿਜਲੀ ਦੀ ਮੰਗ 16,000 ਮੈਗਾਵਾਟ ਤੋਂ ਵੱਧ ਜਾਂਦੀ ਹੈ, ਕਿਉਂਕਿ ਇਹ ਪਹਿਲਾਂ ਹੀ 15,775 ਮੈਗਾਵਾਟ ਤੱਕ ਪਹੁੰਚ ਚੁੱਕੀ ਹੈ। ਜੇਕਰ ਏਦਾਂ ਹੁੰਦਾ ਹੈਂ ਤਾਂ ਸਾਨੂੰ ਫਿਰ ਕੁਝ ਬਿਜਲੀ ਦੇ ਕੱਟ ਲਾਉਣੇ ਪੈਣਗੇ।

**ਆਲ ਇੰਡੀਆ ਪਾਵਰ ਇੰਜੀਨੀਅਰਾਂ ਦਾ ਖ਼ਦਸ਼ਾ**

ਆਲ ਇੰਡੀਆ ਪਾਵਰ ਇੰਜੀਨੀਅਰਜ਼ ਫੈਡਰੇਸ਼ਨ ਨੇ 17 ਜੂਨ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਬਿਜਲੀ ਦੀ ਮੰਗ ਨੂੰ ਕੰਟਰੋਲ ਕਰਨ ਲਈ ਕਦਮ ਚੁੱਕਣ ਦੀ ਅਪੀਲ ਕੀਤੀ ਸੀ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਬਿਜਲੀ ਸਪਲਾਈ ਦੀ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ, ਨਾ ਤਾਂ ਭਾਰਤ ਸਰਕਾਰ ਅਤੇ ਨਾ ਹੀ ਕੋਈ ਰਾਜ ਸਰਕਾਰ ਬਿਜਲੀ ਦੀ ਮੰਗ ਨੂੰ ਸੰਭਾਲਣ ਲਈ ਢੁਕਵੇਂ ਕਦਮ ਚੁੱਕ ਰਹੀ ਹੈ। ਜੇਕਰ ਸਥਿਤੀ ਜਾਰੀ ਰਹਿੰਦੀ ਹੈ, ਤਾਂ ਗਰਿੱਡ ਵਿੱਚ ਗੜਬੜੀ ਹੋਣ ਦੀ ਸੰਭਾਵਨਾ ਹੈ। ਇਸ ਚਿੱਠੀ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿੱਚ 1 ਤੋਂ 15 ਜੂਨ, 2024 ਤੱਕ ਬਿਜਲੀ ਦੀ ਖਪਤ 2023 ਦੀ ਇਸੇ ਮਿਆਦ ਦੇ ਮੁਕਾਬਲੇ 43% ਵਧੀ ਹੈ ਅਤੇ ਜੂਨ 2023 ਵਿਚ ਵੱਧ ਤੋਂ ਵੱਧ ਮੰਗ 11,309 ਮੈਗਾਵਾਟ ਜੋ ਹੁਣ ਵਧ ਕੇ 15,775 ਮੈਗਾਵਾਟ ਹੋ ਗਈ ਹੈ।



ਇਸ ਚਿੱਠੀ ਵਿੱਚ ਪੰਜਾਬ ਦੇ ਬਾਕੀ ਰਹਿੰਦੇ ਖੇਤਰਾਂ ਵਿੱਚ ਝੋਨੇ ਦੀ ਬਿਜਾਈ 25 ਜੂਨ ਤੱਕ ਕਰਨ ਅਤੇ ਪੂਸਾ 44 ਵਰਗੀਆਂ ਪਾਣੀ ਦੀ ਘੱਟ ਖਪਤ ਵਾਲੀਆਂ ਕਿਸਮਾਂ ਦੀ ਵੀ ਸਿਫ਼ਾਰਸ਼ ਕੀਤੀ ਗਈ ਹੈ। ਫੈਡਰੇਸ਼ਨ ਨੇ ਪ੍ਰਸਤਾਵ ਦਿੱਤਾ ਕਿ ਬਿਜਲੀ ਚੋਰੀ ਨੂੰ ਐੱਨਐੱਸਏ ਦੇ ਤਹਿਤ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਮੁਫ਼ਤ ਬਿਜਲੀ ਦੇਣ ਦੀ ਰਾਜ ਦੀ ਨੀਤੀ ਦੀ ਸਮੀਖਿਆ ਕਰਨ ਦਾ ਵੀ ਸੁਝਾਅ ਦਿੱਤਾ। ਅੰਤ ਵਿੱਚ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਭਾਰਤ ਸਰਕਾਰ ਦੇ ਬਿਜਲੀ ਮੰਤਰੀ ਨੂੰ ਕੇਂਦਰੀ ਪੂਲ ਤੋਂ ਇੱਕ ਪਹਿਲ ਦੇ ਤੌਰ 'ਤੇ ਵਾਧੂ 1,000 ਮੈਗਾਵਾਟ ਬਿਜਲੀ ਅਲਾਟ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ।

ਆਲ ਇੰਡੀਆ ਪਾਵਰ ਇੰਜਨੀਅਰਜ਼ ਫੈਡਰੇਸ਼ਨ ਦੇ ਬੁਲਾਰੇ ਵਿਨੋਦ ਕੁਮਾਰ ਗੁਪਤਾ ਨੇ ਬੀਬੀਸੀ ਨੂੰ ਦੱਸਿਆ ਕਿ ਪੰਜਾਬ ਦੀ ਬਿਜਲੀ ਦੀ ਮੰਗ ਪਹਿਲਾਂ ਹੀ 15,775 ਮੈਗਾਵਾਟ ਤੱਕ ਪਹੁੰਚ ਗਈ ਹੈ, ਜਦੋਂ ਕਿ ਮੌਜੂਦਾ ਬੁਨਿਆਦੀ ਢਾਂਚਾ ਵੱਧ ਤੋਂ ਵੱਧ 16,500 ਮੈਗਾਵਾਟ ਤੱਕ ਹੀ ਹੈਂਡਲ ਕਰ ਸਕਦਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਬਿਜਲੀ ਦੀ ਮੰਗ ਇਸ ਸੀਮਾ ਤੋਂ ਵੱਧ ਜਾਂਦੀ ਹੈ, ਤਾਂ ਗਰਿੱਡ ਟ੍ਰਿਪ ਹੋ ਸਕਦੇ ਹਨ, ਜਿਸ ਨੂੰ ਠੀਕ ਕਰਨ ਵਿੱਚ ਘੰਟੇ ਲੱਗ ਸਕਦੇ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਵਿੱਤੀ ਨੁਕਸਾਨ ਤੋਂ ਬਚਣ ਲਈ ਕੇਂਦਰੀ ਪੂਲ ਤੋਂ 1000 ਮੈਗਾਵਾਟ ਵਾਧੂ ਬਿਜਲੀ ਦੀ ਮੰਗ ਕਰਨ ਦੀ ਅਪੀਲ ਕੀਤੀ। ਇਸ ਸਬੰਧੀ ਸੰਪਰਕ ਕਰਨ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਬਲਦੇਵ ਸਿੰਘ ਸਰਾਂ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਪੂਰੇ ਪੰਜਾਬ ਰਾਜ ਵਿੱਚ ਝੋਨੇ ਦੀ ਕਾਸ਼ਤ ਕਾਰਨ ਜੂਨ ਦੇ ਅੰਤ ਤੱਕ ਵਾਧੂ ਖੇਤੀ ਲੋਡ ਵਧਣ ਦੀ ਸੰਭਾਵਨਾ ਹੈ, ਜਿਸ ਨਾਲ ਬਿਜਲੀ ਦੀ ਬੇਕਾਬੂ ਸਥਿਤੀ ਪੈਦਾ ਹੋ ਸਕਦੀ ਹੈ। ਉਨ੍ਹਾਂ ਨੇ ਦਫ਼ਤਰ ਦਾ ਸਮਾਂ ਸਵੇਰੇ 7 ਵਜੇ ਤੋਂ ਦੁਪਹਿਰ 2 ਵਜੇ ਤੱਕ ਅਤੇ ਵਪਾਰਕ ਅਦਾਰੇ, ਮਾਲ ਅਤੇ ਦੁਕਾਨਾਂ ਸ਼ਾਮ 7 ਵਜੇ ਤੱਕ ਬੰਦ ਕਰਨ ਦਾ ਸੁਝਾਅ ਦਿੱਤਾ।

**ਪੰਜਾਬ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ: ਮੁੱਖ ਮੰਤਰੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਝੋਨੇ ਦੀ ਬਿਜਾਈ ਲਈ ਲਗਭਗ 60-70 ਫੀਸਦੀ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਜਦੋਂ ਨੂੰ ਸਰਕਾਰੀ ਦਫ਼ਤਰ ਦਾ ਸਮਾਂ ਬਦਲਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਯੋਜਨਾ ਨਹੀਂ ਹੈ ਕਿਉਂਕਿ ਮੁਲਾਜ਼ਮ ਚੋਣ ਡਿਊਟੀਆਂ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਨੇ ਕਿਹਾ, "ਪੀਕ ਸੀਜ਼ਨ ਦੇ ਸਿਰਫ਼ 10 ਦਿਨ ਬਚੇ ਹਨ, ਇਸ ਲਈ 15 ਜੂਨ ਨੂੰ ਝੋਨੇ ਦੀ ਬਿਜਾਈ ਇੱਕੋ ਤਰੀਕ ਵਜੋਂ ਨਿਰਧਾਰਤ ਕੀਤਾ ਗਿਆ ਹੈ, ਕਿਉਂਕਿ ਸਾਡੇ ਕੋਲ ਬਿਜਲੀ ਆਮ ਹੈ। ਉਨ੍ਹਾਂ ਕਿਹਾ ਕਿ ਚੱਲ ਰਹੀ ਹੀਟਵੇਵ ਕਾਰਨ ਸਥਾਨਕ ਨੁਕਸ ਹੋ ਸਕਦੇ ਹਨ। ਇਸ ਤੋਂ ਇਲਾਵਾ ਉਦਯੋਗਾਂ 'ਤੇ ਪੀਕ ਲੋਡ ਪਾਬੰਦੀਆਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ।

**ਝੋਨੇ ਤੋਂ ਦੂਜੀਆਂ ਫ਼ਸਲਾਂ ਵੱਲ ਜਾਣ ਦੀ ਲੋੜ - ਜਾਖੜ**

ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਆਪਣੇ ਐਕਸ ਖਾਤੇ ਤੇ ਲਿਖਿਆ, "ਪੰਜਾਬ ਵਿਚ ਬਿਜਲੀ ਦੀ ਮੰਗ 16000 ਮੈਗਾਵਾਟ ਦੇ ਪਾਰ! ਇਹ ਤਾਂ ਇਕ ਚਿਤਾਵਨੀ ਹੈ ਕਿ ਅਸੀਂ ਜਾਗੀਏ। ਅੱਜ ਬਿਜਲੀ ਦੀ ਮੰਗ ਵੱਧਣ ਕਾਰਨ ਗਰਿੱਡ ਫੇਲ ਹੋਣ ਦਾ ਖਤਰਾ ਬਣਿਆ ਪਿਆ ਹੈ, ਪਰ ਬਿਜਲੀ ਤੋਂ ਬਾਅਦ ਅਗਲੀ ਵਾਰੀ ਪੰਜਾਬ ਦੇ ਪਾਣੀ ਦੀ ਹੈ। ਉਨ੍ਹਾਂ ਅੱਗੇ ਕਿਹਾ, "ਜੇ ਅਸੀਂ ਨਾ ਸੰਭਲੇ ਤਾਂ ਉਹ ਦਿਨ ਹੁਣ ਦੂਰ ਨਹੀਂ ਜਦ ਪੰਜਾਬ ਦੇ ਪੱਤਣਾਂ ਤੋਂ ਪਾਣੀ ਮੁੱਕ ਜਾਵੇਗਾ। ਪਰ ਕੀ ਸਾਨੂੰ ਫਸਲੀ ਵਿਭਿੰਨਤਾ ਬਾਰੇ ਨਹੀਂ ਸੋਚਣਾ ਚਾਹੀਦਾ, ਖਾਸ ਕਰਕੇ ਉਹ ਸਾਥੀ ਜਿਹੜੇ 23 ਫਸਲਾਂ ਤੇ ਐੱਮਐੱਸਪੀ ਦੀ ਗੱਲ ਕਰਦੇ ਹਨ,ਕੀ ਉਹ ਹੌਲੀ ਹੌਲੀ ਉਨ੍ਹਾਂ ਬਦਲਵੀਆਂ ਫਸਲਾਂ ਵੱਲ ਵੱਧ ਕੇ ਹੋਰਨਾਂ ਲਈ ਪ੍ਰੇਰਣਾ ਬਣਨਗੇ ? ਕਾਰਨ ਤਾਂ ਸਭ ਜਾਣਦੇ ਹਨ, ਆਓ ਮਿਲ ਕੇ ਕੋਈ ਹੱਲ ਵੀ ਕਰੀਏ।

**ਸੂਬੇ ਨੂੰ ਬਿਜਲੀ ਦੀ ਚੋਰੀ ਕਾਰਨ ਸਾਲਾਨਾ 1,850 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ - ਰਿਪੋਰਟ**

ਹਿੰਦੁਸਤਾਨ ਟਾਈਮਜ਼ ਵਿੱਚ 17 ਜੂਨ ਨੂੰ ਰਿਪੋਰਟ ਦੇ ਮੁਤਾਬਿਕ ਪੰਜਾਬ ਸਰਕਾਰ ਨੂੰ ਬਿਜਲੀ ਚੋਰੀ ਕਾਰਨ 1,850 ਕਰੋੜ ਰੁਪਏ ਦਾ ਸਾਲਾਨਾ ਨੁਕਸਾਨ ਹੋ ਰਿਹਾ ਹੈ। ਇਹ ਖ਼ੁਲਾਸਾ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀਐਸਈਆਰਸੀ) ਵੱਲੋਂ ਜਾਰੀ ਤਾਜ਼ਾ ਟੈਰਿਫ ਆਰਡਰਾਂ ਵਿੱਚ ਹੋਇਆ ਹੈ, ਜਿਸ ਵਿੱਚ ਚੋਰੀ ਅਤੇ ਹੋਰ ਮੁੱਦਿਆਂ 'ਤੇ ਪੀਐਸਪੀਸੀਐਲ ਦੀ ਕਾਰਗੁਜ਼ਾਰੀ ਦੀ ਸਮੀਖਿਆ ਵੀ ਕੀਤੀ ਗਈ ਸੀ।

ਇਸ ਰਿਪੋਰਟ ਵਿੱਚ ਕਿਹਾ ਗਿਆ ਹੈ, "ਪੇਂਡੂ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹਲਕੇ ਪੱਟੀ ਸਬ-ਡਵੀਜ਼ਨ ਨੂੰ ਸਭ ਤੋਂ ਵੱਧ 133 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਇਸ ਤੋਂ ਬਾਅਦ ਜ਼ੀਰਾ ਨੂੰ 131 ਕਰੋੜ ਰੁਪਏ ਸਾਲਾਨਾ ਦਾ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਅਜਨਾਲਾ ਵਿੱਚ ਪੀਐੱਸਪੀਸੀਐੱਲ ਨੂੰ ਲਗਭਗ 80 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਹੈ, "ਇਕ ਰਿਪੋਰਟ ਦੇ ਮੁਤਾਬਕ, ਸੂਬੇ ਨੂੰ ਬਿਜਲੀ ਚੋਰੀ ਨਾਲ 1850 ਕਰੋੜ ਰੁਪਏ ਦਾ ਸਾਲਾਨਾ ਨੁਕਸਾਨ ਹੋ ਰਿਹਾ ਹੈ। ਸਰਹੱਦ ਅਤੇ ਮਾਲਵਾ ਪੱਟੀ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਹਨ। ਹਾਲਾਂਕਿ, 'ਆਪ' ਸਰਕਾਰ ਅਤੇ ਪੰਜਾਬ ਦੇ ਸੀਐੱਮ ਮਾਨ ਨੇ ਇਸ 'ਤੇ ਨਜ਼ਰ ਰੱਖਣ ਲਈ ਜ਼ਿਆਦਾ ਚਿੰਤਤ ਨਹੀਂ ਲੱਗ ਰਹੇ। ਉਨ੍ਹਾਂ ਅੱਗੇ ਕਿਹਾ ਕਿ ਘਰੇਲੂ, ਖੇਤੀਬਾੜੀ ਅਤੇ ਉਦਯੋਗਾਂ ਸਮੇਤ ਵੱਖ-ਵੱਖ ਖੇਤਰਾਂ ਨੂੰ ਬਿਜਲੀ ਮੁਹੱਈਆ ਕਰਵਾਉਣ ਦੇ ਵਾਅਦੇ ਦੇ ਬਾਵਜੂਦ ਲੰਬੇ ਸਮੇਂ ਤੋਂ ਬਿਜਲੀ ਕੱਟਾਂ ਨੇ ਲੋਕਾਂ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ।

# ਜਲ-ਪਰੀਆਂ ਅਸਲੀਅਤ ਜਾਂ ਫਿਰ ਹੈ ਜਮਾਂਦਰੂ ਵਿਗਾੜ



ਮਿਥਿਹਾਸ ਤੇ ਦੰਦ-ਕਥਾਵਾਂ ਵਾਲੀਆਂ ਜਲ-ਪਰੀਆਂ ਨੇ ਸਦੀਆਂ ਤੋਂ ਆਪਣੇ ਸੁਹੱਪਣ ਬਦੌਲਤ ਜਹਾਜ਼ਰਾਨਾਂ ਤੇ ਮਲਾਹਾਂ ਨਾਲ ਲੁਕਣ-ਮੀਟੀ ਖੇਡਦਿਆਂ ਉਨ੍ਹਾਂ ਨੂੰ ਆਪਣੇ ਦੀਵਾਨੇ ਕਰ ਰਖਿਆ ਹੈ। ਇਸ ਦੇ ਨਾਲ-ਨਾਲ ਇਨ੍ਹਾਂ ਨੇ ਆਪਣੀ ਜਹਾਜ਼ਾਂ ਨੂੰ ਉਲਟਾਉਣ ਵਾਲੀ ਅਥਾਹ ਸ਼ਕਤੀ ਦਰਸਾਂਦਿਆਂ, ਕਈਆਂ ਦੀ ਖ਼ੌਫ਼ ਨਾਲ ਜਾਨ ਕੱਢੀ ਰੱਖੀ ਹੈ। ਇਹ ਕਿਵੇਂ ਹਰ ਸਭਿਅਤਾ ਵਿਚ ਆਪਣੀ ਹੋਂਦ ਨੂੰ ਬਰਕਰਾਰ ਰੱਖਦੀਆਂ ਹਨ? ਅੱਜ ਕੱਲ੍ਹ ਜਹਾਜ਼ਰਾਨੀ ਤੇ ਸਾਇੰਸ ਦੀ ਏਨੀ ਤਰੱਕੀ ਹੋ ਜਾਣ ਉਪਰੰਤ ਵੀ ਇਹ ਕਿਵੇਂ ਆਪਣੇ ਆਪ ਨੂੰ ਬਹੁਤਿਆਂ ਦੀਆਂ ਨਜ਼ਰਾਂ ਤੋਂ ਅਦ੍ਰਿਸ਼ਟ ਰੱਖਦੀਆਂ ਹਨ? ਇਹ ਆਪਣੇ ਆਪ ਨੂੰ ਕਿੱਥੇ ਤੇ ਕਿਵੇਂ ਲੁਕਾਈ ਰੱਖਦੀਆਂ ਹਨ? ਕੀ ਇਹ ਕੋਈ ਦੁਰਲੱਭ ਜਿਨਸੀ ਰੋਗ ਜਾਂ ਜਮਾਂਦਰੂ ਵਿਗਾੜ ਤੋਂ ਸ਼ਿਕਾਰ ਤੇ ਨਹੀਂ, ਜੋ ਬਹੁਤ ਹੀ ਦੁਰਲੱਭ ਤੇ ਸਦੀਆਂ ਦੇ ਵਕਫ਼ੇ ਬਾਅਦ ਪੈਦਾ ਹੋਣ ਕਰਕੇ ਮਿਥਿਹਾਸ ਦਾ ਹਿੱਸਾ ਬਣ ਗਏ ਹਨ?

ਮਿਸਰ ਦੇ ਮਹਾਰਾਜੇ ਤੇ ਮਹਾਰਾਣੀਆਂ ਦੀਆਂ 'ਮੰਮੀਆਂ' ਬਹੁਤ ਮਸ਼ਹੂਰ ਹਨ ਜੋ ਅਸਲ ਵਿਚ ਉਨ੍ਹਾਂ ਦੇ



ਮਰਨ-ਉਪਰੰਤ ਉਨ੍ਹਾਂ ਦੀਆਂ ਸੰਭਾਲੀਆਂ ਹੋਈਆਂ ਦੇਹਾਂ ਹਨ। ਬਿਲਕੁਲ ਇਸੇ ਤਰ੍ਹਾਂ ਹੀ ਕਈ ਥਾਵਾਂ ਉੱਤੇ ਪੁਰਾਤਨ ਸਮਿਆਂ ਵਿਚ ਪਕੜੀਆਂ ਗਈਆਂ ਜਲ ਪਰੀਆਂ ਨੂੰ ਮੰਮੀਆਂ ਦੇ ਰੂਪ ਵਿਚ ਸਾਂਭ ਕੇ ਰਖਿਆ ਹੋਇਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾ ਮਸ਼ਹੂਰ 'ਫਿੱਜੀ ਦੀ ਮੰਮੀ' ਹੈ। ਫਿੱਜੀ, ਦੱਖਣੀ ਪ੍ਰਸ਼ਾਂਤ ਮਹਾਂਸਾਗਰ ਵਿਚਲਾ ਮੁਲਕ ਹੈ ਜਿੱਥੋਂ ਦੀਆਂ ਜਲ-ਪਰੀਆਂ ਬਹੁਤ ਮਸ਼ਹੂਰ ਹਨ। ਏਥੋਂ ਦੇ ਕਈ ਅਜਾਇਬਘਰਾਂ ਵਿਚ ਕਥਿਤ ਅਸਲੀ ਜਲ-ਪਰੀਆਂ ਦੀਆਂ 'ਮੰਮੀਆਂ' ਲੋਕਾਂ ਦੇ ਵੇਖਣ ਲਈ ਪਈਆਂ ਹਨ। ਇਨ੍ਹਾਂ ਵਿੱਚੋਂ ਇਕ ਮਸ਼ਹੂਰ ਜਲ-ਪਰੀ, ਜੋ ਦੇਖਣ ਨੂੰ ਖੂੰਖਾਰ ਲਗਦੀ ਹੈ, ਉਸ ਮੰਮੀ ਦੀ ਨੁਮਾਇਸ਼ 1822 ਵਿਚ ਲੰਡਨ ਵਿਚ ਕੀਤੀ ਗਈ ਸੀ ਤੇ ਫੇਰ ਬਾਅਦ ਵਿਚ 1842 ਵਿਚ ਅਮਰੀਕਾ ਅੰਦਰ।

ਜਾਪਾਨ ਵਿਚ ਜਲ-ਪਰੀਆਂ ਨੂੰ 'ਨਿੰਨਗਿਓ ਨੋ ਜੂ' ਕਹਿੰਦੇ ਹਨ ਜਿਸ ਦਾ ਮਤਲਬ ਹੀ 'ਅੱਧੀ ਔਰਤ' ਤੇ 'ਅੱਧੀ ਮੱਛੀ' ਬਣਦਾ ਹੈ। ਜਾਪਾਨ ਵਿਚ ਕਈ ਮੰਦਰਾਂ ਅੰਦਰ ਇਨ੍ਹਾਂ ਅਖੌਤੀ ਜਲ-ਪਰੀਆਂ ਨੂੰ 'ਮੰਮੀ' ਦੇ ਰੂਪ ਵਿਚ ਸੰਭਾਲਿਆ ਹੋਇਆ ਹੈ ਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਜਪਾਨੀ ਇਹ ਮੰਨਦੇ ਹਨ ਕਿ ਜੇ ਕੋਈ ਜਲ-ਪਰੀਆਂ ਦਾ ਮਾਸ ਖਾ ਲਵੇ ਤਾਂ ਉਹ ਅਮਰ ਹੋ ਸਕਦਾ ਹੈ। ਜਾਪਾਨ ਦੀ ਸਭ ਤੋਂ ਮਸ਼ਹੂਰ, 12 ਇੰਚ ਲੰਬੀ ਜਲਪਰੀ, 'ਆਸਾਕੂਚੀ' (Asaku-cih) ਸ਼ਹਿਰ ਦੇ ਇਕ ਬੋਧੀ ਮੰਦਰ ਵਿਚ ਹੈ। ਇਹ ਜਲ-ਪਰੀ ਕਥਿਤ ਤੌਰ 'ਤੇ ਜਾਪਾਨ ਸ਼ਹਿਰ 'ਸ਼ਿਕਾਕੂ (Sihkaku) ਨੇੜੇ ਪ੍ਰਸ਼ਾਂਤ ਮਹਾਂਸਾਗਰ (ਫਅਚਿਚਿ) ਵਿੱਚੋਂ 1716-1741 ਦੌਰਾਨ ਮਛੇਰਿਆਂ ਦੇ ਇਕ ਜਾਲ ਵਿਚ ਫਸ ਗਈ ਸੀ। ਦੂਰੋਂ ਵੇਖਣ ਨੂੰ ਇਹ ਬਿਲਕੁਲ ਇਨਸਾਨੀ ਸ਼ਕਲ ਦੀ, ਦੋ ਬਾਹਵਾਂ ਤੇ ਮਨੁੱਖੀ ਧੜ ਤੇ ਲੱਕ ਹੇਠੋਂ ਮੱਛੀ ਵਰਗੀ ਹੈ। ਇਸ ਦੇ ਕੋਲ 1908 ਦਾ ਇਕ ਲਿਖਿਆ ਹੋਇਆ ਦਸਤਾਵੇਜ਼ ਵੀ ਪਿਆ ਹੈ ਜਿਸ ਉਪਰ ਇਸ ਦੇ ਪਕੜੇ ਜਾਣ ਬਾਰੇ ਪੂਰੀ ਵਿਆਖਿਆ ਹੈ।

### ਨਕਲੀ ਜਲ-ਪਰੀਆਂ ਦੀ ਹੁੰਦੀ ਸੀ ਵਿਕਰੀ

ਸੋਲ੍ਹਵੀਂ ਸਦੀ ਦੇ ਅੱਧ ਵਿਚ ਡੈਨਮਾਰਕ ਦੇ ਵਪਾਰੀ, ਚੀਨ ਵਿੱਚੋਂ ਕਈ ਤਰ੍ਹਾਂ ਦੀਆਂ ਕਥਿਤ ਅਸਲੀ ਜਲ-ਪਰੀਆਂ ਨੂੰ ਲਿਆ ਕੇ ਯੂਰਪ ਦੇ ਮੁਲਕਾਂ ਵਿਚ ਵੇਚਦੇ ਸਨ। ਅਸਲੀਅਤ ਵਿਚ ਇਹ ਸਾਰੀਆਂ ਬਾਂਦਰਾਂ ਤੇ ਮੱਛੀਆਂ ਨੂੰ ਜੋੜ ਕੇ ਬਣਾਈਆਂ ਨਕਲੀ ਜਲ-ਪਰੀਆਂ ਹੁੰਦੀਆਂ ਸਨ ਜਿਨ੍ਹਾਂ ਦਾ ਬਰੀਕੀ ਨਾਲ ਹੀ ਪਤਾ ਲਗਦਾ ਸੀ। ਫਿੱਜੀ ਵਾਲੀ ਜਲ-ਪਰੀ ਦੀ ਮੰਮੀ ਜਿਸ ਦੀ ਇੰਗਲੈਂਡ ਤੇ ਅਮਰੀਕਾ ਵਿਚ ਨੁਮਾਇਸ਼ ਲਾਈ ਗਈ ਸੀ ਉਸ ਦੀ ਅਸਲੀਅਤ ਘੋਖਣ 'ਤੇ ਖੋਜਕਾਰਾਂ ਨੇ ਇਹ ਨਤੀਜਾ ਕੱਢਿਆ ਕਿ ਪੁਰਾਤਨ ਸਮਿਆਂ ਵਿਚ ਇਸ ਮੰਮੀ ਨੂੰ ਜਾਪਾਨ ਦੇ ਮਛਿਆਰਿਆਂ ਨੇ ਲੋਕਾਂ ਨੂੰ ਪਰਚਾਉਣ ਲਈ ਨਕਲੀ ਬਣਾਇਆ ਸੀ।

ਜਾਪਾਨ ਦੇ ਸ਼ਹਿਰ 'ਆਸ਼ਾਕੂਚੀ (Asakucih) ਵਿਚਲੇ ਬੋਧੀ ਮੰਦਰ ਵਾਲਿਆਂ ਨੇ, ਜਿਨ੍ਹਾਂ ਕੋਲ ਇਕ ਜਲ-ਪਰੀ ਦੀ ਮੰਮੀ ਪਈ ਹੈ, ਫਰਵਰੀ 2022 ਵਿਚ ਜਾਪਾਨ ਦੀ 'ਸਾਇੰਸ ਤੇ ਤਕਨਾਲੋਜੀ ਕੁਰਾਸ਼ੀਕੀ ਯੂਨੀਵਰਸਿਟੀ' ਅਤੇ ਕੁਰਾਸ਼ੀਕੀ ਦੇ 'ਪ੍ਰਕਿਰਤਕ ਇਤਿਹਾਸਕ ਅਜਾਇਬਘਰ' ਨੂੰ ਇਹ ਇਜਾਜ਼ਤ ਦੇ ਦਿੱਤੀ ਕਿ ਉਹ ਇਸ ਮੰਮੀ ਨੂੰ ਲੈ ਜਾਣ ਅਤੇ ਇਸ ਦਾ ਵਿਗਿਆਨਿਕ ਢੰਗ ਨਾਲ ਵਿਸ਼ਲੇਸ਼ਣ ਕਰਨ ਤਾਂ ਜੋ ਦੁਨੀਆ ਨੂੰ ਇਸ ਦੀ ਅਸਲੀਅਤ ਪਤਾ ਲੱਗੇ।

8 ਫਰਵਰੀ 2023 ਨੂੰ ਇਨ੍ਹਾਂ ਸੰਸਥਾਵਾਂ ਨੇ ਆਪਣੀ ਰਿਪੋਰਟ ਸੌਂਪ ਦਿੱਤੀ। ਇਨ੍ਹਾਂ ਦੇ ਘੋਖ ਨਤੀਜਿਆਂ ਨੇ ਇਹ ਸਾਬਤ ਕੀਤਾ ਕਿ ਇਸ ਮੰਮੀ ਦੀ ਕੋਈ ਖੋਪੜੀ ਜਾਂ ਪਸਲੀਆਂ ਨਹੀਂ ਹਨ ਤੇ ਇਸ ਦਾ ਉਪਰਲਾ ਧੜ ਕਾਗਜ਼ ਤੇ ਕੱਪੜੇ ਦਾ ਬਣਿਆ ਹੋਇਆ ਹੈ ਅਤੇ ਹੇਠਲਾ ਹਿੱਸਾ ਜਾਪਾਨ ਦੇ ਤੱਟ ਨੇੜੇ ਮਿਲਣ ਵਾਲੀਆਂ ਮੱਛੀਆਂ ਦਾ ਕਾਰਬਨ ਮਿਤੀਯੁਕਤ (ਛਅਰਬੋਨ ਦਅਟਿਨਗ) ਰਾਹੀਂ ਇਹ ਵੀ ਪਤਾ ਲੱਗਿਆ ਕਿ ਇਹ ਸਤਾਰਵੀਂ ਸਦੀ ਦੀ ਨਹੀਂ ਬਲਕਿ ਉਨੀਵੀਂ ਸਦੀ ਵਿਚ ਇਸ ਨੂੰ ਬਣਾਇਆ ਗਿਆ ਸੀ। ਉਨ੍ਹਾਂ ਦੇ ਮੁਤਾਬਕ ਇਹ ਜਲ-ਪਰੀ ਨੂੰ ਪੂਜਾ ਕਰਨ ਲਈ ਨਹੀਂ ਬਲਕਿ ਦਿਲ ਪਰਚਾਵੇ ਤੇ ਮਨੋਰੰਜਨ ਵਾਲੇ ਤਮਾਸ਼ਿਆਂ ਲਈ ਬਣਾਇਆ ਗਿਆ ਸੀ ਜੋ ਬਾਅਦ ਵਿਚ ਮੰਦਰ ਅੰਦਰ ਪਹੁੰਚ ਕੇ ਪੂਜਾ ਦਾ ਇਕ ਚਿੰਨ੍ਹ ਬਣ ਗਈ।

2009 ਵਿਚ ਜਦੋਂ ਬਹੁਤ ਲੋਕਾਂ ਨੇ, ਇਜ਼ਰਾਈਲ ਦੇ ਸਮੁੰਦਰ ਵਿਚ ਇਕ ਜਲ-ਪਰੀ ਨੂੰ ਵੇਖਣ ਦਾ ਦਾਅਵਾ ਕੀਤਾ ਤਾਂ ਉੱਥੋਂ ਦੇ ਇਕ ਤਟਵਰਤੀ ਸ਼ਹਿਰ 'ਕੀਰਯਾਤ ਯਾਮ' (ਖਿਰੇਅਟ ਅਮ) ਨੇ ਇਹ ਐਲਾਨ ਕਰ ਦਿੱਤਾ ਕਿ ਜੋ ਵੀ ਇਸ ਸਮੁੰਦਰੀ ਜਲ-ਪਰੀ ਦਾ ਪੁਖ਼ਤਾ ਸਬੂਤ ਦੇਵੇਗਾ ਉਸ ਨੂੰ 10 ਲੱਖ ਅਮਰੀਕੀ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਇਸ ਇਨਾਮ ਨੂੰ ਹਾਲੇ ਤਕ ਕੋਈ ਨਹੀਂ ਜਿੱਤ ਸਕਿਆ।

### ਜਲ-ਪਰੀਆਂ ਦੀ ਜਿਨਸੀ ਘੋਖ

ਅੱਜ ਕੱਲ੍ਹ ਦੁਨੀਆ ਦੀ ਆਬਾਦੀ ਬਹੁਤ ਵਧ ਗਈ ਹੈ ਜਿਸ ਕਰਕੇ ਜਮਾਂਦਰੂ ਜਿਨਸੀ ਵਿਗਾੜ ਵਾਲੇ ਬੱਚਿਆਂ ਦੀ ਨਫ਼ਰੀ ਵੀ ਜ਼ਿਆਦਾ ਹੋ ਗਈ ਹੈ। ਸ਼ਹਿਰ ਵੀ ਬਹੁਤ ਵੱਡੇ ਹੋ ਗਏ ਹਨ, ਸਾਇੰਸ ਨੇ ਵੀ ਬਹੁਤ ਤਰੱਕੀ ਕਰ ਲਈ ਹੈ, ਸੰਚਾਰ ਦੇ ਵਸੀਲੇ ਵੀ ਕਈ ਗੁਣਾਂ ਤੇਜ਼ ਅਤੇ ਅਨੇਕ ਹੋ ਗਏ ਹਨ ਤੇ ਹਰ ਤਰ੍ਹਾਂ ਦੇ ਪ੍ਰਮਾਣ ਰੱਖਣ, ਦੀਆਂ ਸੰਭਾਵਨਾਵਾਂ ਵੀ ਬਹੁਤ ਹੋ ਗਈਆਂ ਹਨ। ਨਤੀਜੇ ਵਜੋਂ ਜੇ ਹੁਣ ਕੋਈ ਬਹੁਤ ਦੁਰਲੱਭਤਾ ਵਾਲਾ ਜਮਾਂਦਰੂ ਜਿਨਸੀ ਵਿਗਾੜ ਵਾਲਾ ਬੱਚੇ ਕਿਤੇ ਵੀ ਪੈਦਾ ਹੁੰਦਾ ਹੈ ਤਾਂ ਉਸ ਬਾਰੇ ਜਲਦੀ ਹੀ ਸਾਰੇ ਪਾਸੇ ਪਤਾ ਲੱਗ ਜਾਂਦਾ ਹੈ ਤੇ ਵਿਗਾੜ ਹੋਣ ਦੇ ਕਾਰਨਾਂ ਬਾਰੇ ਵੀ ਪਤਾ ਲੱਗਣ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ।

ਸਾਇੰਸ ਦੀਆਂ ਹੋਈਆਂ ਖੋਜਾਂ ਤੋਂ ਇੰਝ ਲੱਗਦਾ ਹੈ ਕਿ ਨਕਲੀ ਬਣੀਆਂ ਜਲ-ਪਰੀਆਂ ਤੋਂ ਪਹਿਲਾਂ ਜਿਨ੍ਹਾਂ ਮਿਥਿਹਾਸਕ ਜਲ-ਪਰੀਆਂ ਤੇ ਜਲ-ਨਰਾਂ ਦਾ ਜ਼ਿਕਰ ਆਉਂਦਾ ਹੈ ਉਨ੍ਹਾਂ ਵਿੱਚੋਂ ਕੁਝ ਇਕ ਅਸਲ ਵਿਚ ਇਕ ਜਿਨਸੀ/ਅਣੁਵੰਸ਼ਿਕ ਰੋਗ ਤੋਂ ਪੀੜਤ ਵਿਅਕਤੀ ਸਨ।

ਇਕ ਬਹੁਤ ਦੁਰਲੱਭ ਜਮਾਂਦਰੂ ਵਿਗਾੜ ਹੈ, 'ਸੀਰੈਨੋਮੇਲੀਆ' ਜਿਸ ਨੂੰ 'ਮਰਮੇਡ ਸਿੰਡਰੋਮ' ਮਤਲਬ 'ਜਲ-ਪਰੀ ਰੋਗ' ਕਹਿੰਦੇ ਹਨ। ਇਸ ਜਮਾਂਦਰੂ ਰੋਗ ਤੋਂ ਪੀੜਤ ਬੱਚਿਆਂ ਵਿਚ ਜਿਨਸੀ ਕਾਰਨਾਂ ਕਰਕੇ ਦੋਨੋਂ ਲੱਤਾਂ ਅਲੱਗ-ਅਲੱਗ ਨਹੀਂ ਹੁੰਦੀਆਂ ਬਲਕਿ ਆਪਸ ਵਿਚ ਜੁੜ ਕੇ ਅੱਧਵਰਗੀ ਭਾਗ ਵਿਚਕਾਰ ਇਕੋ ਲੱਤ ਬਣੀ ਹੁੰਦੀ ਹੈ। ਇਸ ਤੋਂ ਇਲਾਵਾ ਹੋਰ ਕਈ ਅੰਦਰੂਨੀ ਵਿਗਾੜ ਵੀ ਹੁੰਦੇ ਹਨ। ਅਜਿਹਾ ਬੱਚਾ ਤਕਰੀਬਨ ਇਕ ਲੱਖ ਬੱਚਿਆਂ ਪਿੱਛੇ ਇਕ ਪੈਦਾ ਹੁੰਦਾ ਹੈ। ਇਹ ਆਮ ਤੌਰ 'ਤੇ ਜਾਂ ਤਾਂ ਮਰਿਆ ਹੋਇਆ ਪੈਦਾ ਹੁੰਦਾ ਹੈ ਜਾਂ ਫੇਰ ਇਹ ਜਲਦੀ ਹੀ ਪੂਰਾ ਹੋ ਜਾਂਦਾ ਹੈ। ਪਰ ਅਜ ਦੇ ਦੌਰ ਵਿਚ ਡਾਕਟਰੀ ਸਹਾਇਤਾ ਰਾਹੀਂ ਅਜਿਹੇ ਬੱਚੇ ਕੁਝ ਦੇਰ ਜਿਉਂਦੇ ਵੀ ਰਹਿ ਜਾਂਦੇ ਹਨ ਤੇ ਅਜਿਹੀਆਂ ਕਈ ਮਿਸਾਲਾਂ ਹਨ। ਸਭ ਤੋਂ ਜ਼ਿਆਦਾ ਦੇਰ ਜੀਊ ਸਕਣ ਵਾਲੀ 'ਜਲ-ਪਰੀ' ਅਮਰੀਕਾ ਦੇ ਫਲੋਰੀਡਾ ਸ਼ਹਿਰ ਵਿਚ ਰਹਿਣ ਵਾਲੀ 'ਟਿਫੈਨੀ ਯੌਰਕ' (ਠਚਾਅਨੈ ਰਕ) ਸੀ ਜੋ 7 ਮਈ 1988 ਨੂੰ ਪੈਦਾ ਹੋਈ ਤੇ 27 ਸਾਲਾਂ ਦੀ ਹੋ ਕੇ 24 ਫਰਵਰੀ 2016 ਨੂੰ ਪੂਰੀ ਹੋਈ। ਇਹ ਜਦੋਂ ਇਕ ਸਾਲ ਦੀ ਸੀ ਤਾਂ ਇਸ ਦੀਆਂ ਜੁੜੀਆਂ ਹੋਈਆਂ ਲੱਤਾਂ ਨੂੰ ਅਲੱਗ ਕਰ ਦਿੱਤਾ ਗਿਆ ਸੀ।

ਇਹ ਜਮਾਂਦਰੂ ਵਿਗਾੜ ਕਈ ਕਾਰਨਾਂ ਕਰਕੇ ਹੋ ਜਾਂਦਾ ਹੈ ਜਿਨ੍ਹਾਂ ਕਰਕੇ ਭਰੂਣ ਅਵਸਥਾ ਦੌਰਾਨ ਵੱਧ ਰਹੇ ਬੱਚੇ ਦੇ ਪੂਛ ਵਾਲੇ ਹਿੱਸੇ ਵਿਚ ਇਕ ਖ਼ਾਸ ਕਿਸਮ ਦੇ ਪ੍ਰੋਟੀਨ ਦੀ ਘਾਟ ਹੋ ਜਾਣੀ ਜਾਂ ਨਾ ਹੋਣਾ ਹੁੰਦਾ ਹੈ। ਇਸ ਦੀ ਘਾਟ ਜਾਂ ਬਣਤਰ ਨਾ ਹੋਣ ਵਿਚ ਇਕ ਜਿਨਸੀ ਕਾਰਨ ਵੀ ਮੰਨਿਆ ਜਾਂਦਾ ਹੈ। ਇਹ ਇਕ ਜੀਨ ਹੈ ਜਿਸ ਨੂੰ ੜਓਂਘ਼ੀ ਆਖਦੇ ਹਨ ਤੇ ਜੋ ਇਕ ਨੰਬਰ ਕ੍ਰੋਮੋਸੋਮ ਅੰਦਰ ਹੁੰਦਾ ਹੈ ਉਸ ਵਿਚ ਨੁਕਸ ਪੈ ਜਾਣ ਕਰਕੇ ਇਹ ਜਮਾਂਦਰੂ ਵਿਗਾੜ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵੀ ਸਮਝਿਆ ਜਾਂਦਾ ਹੈ ਕਿ ਗਰਭਵਤੀ ਔਰਤ ਵੱਲੋਂ ਕਈ ਪਦਾਰਥਾਂ ਦੇ ਸੇਵਨ ਕਰ ਕੇ ਜਿਨ੍ਹਾਂ ਵਿਚ ਹੈਲੋਪੈਰੀਡੋਲ (ਅਲੋਪਏਰਿਦੋ) ਦੁਆਈ, ਕੈਡਮੀਅਮ (ਕਲੀ ਵਰਗੀ ਇਕ ਧਾਤ) ਤੇ ਸਿੱਕਾ (ਧਾਤ) ਆਦਿ ਸ਼ਾਮਲ ਹਨ, ਜਿਸ ਕਾਰਨ ਇਸ ਰੋਗ ਤੋਂ ਪੀੜਤ ਬੱਚੇ ਪੈਦਾ ਹੋ ਸਕਦੇ ਹਨ।

ਅਸਲ ਜਲ-ਪਰੀਆਂ ਦੀ ਅਸਲੀਅਤ ਜਾਣਨ ਤੋਂ ਬਾਅਦ ਵੀ ਉਨ੍ਹਾਂ ਨੂੰ ਪੂਜਣ ਵਾਲੇ ਪੂਜੀ ਜਾਂਦੇ ਹਨ, ਮੰਨਤਾਂ ਮੰਨਣ ਵਾਲੇ ਮੰਨਤਾਂ ਮੰਨੀ ਜਾਂਦੇ ਹਨ ਅਤੇ ਇਨ੍ਹਾਂ ਮਿਥਿਹਾਸਕ ਜਲ-ਪਰੀਆਂ ਦੇ ਸੁਪਨੇ ਲੈਣ ਵਾਲਿਆਂ ਦੀ ਤੇ ਚਾਹੁੰਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੀ ਹੋ ਰਿਹਾ ਹੈ। 2018 ਤੋਂ ਹੁਣ ਤਕ ਹਰ ਸਾਲ 29 ਮਾਰਚ ਨੂੰ ਕੌਮਾਂਤਰੀ ਪੱਧਰ 'ਤੇ 'ਜਲ-ਪਰੀ ਦਿਵਸ' ਮਨਾਇਆ ਜਾਂਦਾ ਹੈ।

# ਜੇਠ ਹਾੜ੍ਹ ਦੇ ਦੁਪਹਿਰੇ

**ਗੁਰਮੇਲ ਸਿੰਘ ਸਿੱਧੂ**

ਉਹ ਭਲੇ ਸਮੇਂ ਸਨ ਜਦੋਂ ਸਾਰੇ ਕੰਮ ਹੱਥੀਂ ਕੀਤੇ ਜਾਂਦੇ ਸਨ। ਮਸ਼ੀਨੀ ਯੁੱਗ ਦੀ ਸ਼ੁਰੂਆਤ ਮਹਾਂਨਗਰਾਂ, ਸ਼ਹਿਰਾਂ ਤੇ ਕਿਤੇ-ਕਿਤੇ ਕਸਬਿਆਂ ਵਿੱਚ ਹੋਈ ਸੀ। ਪਿੰਡਾਂ ਵਾਲੇ ਮਸ਼ੀਨੀਕਰਨ ਤੋਂ ਕੋਰੇ ਸਨ, ਕੱਚੇ ਦੁੱਧ ਵਰਗੇ। ਹਾਂ, ਜ਼ੈਲਦਾਰਾਂ ਦੇ ਜਾਂ ਵਲੈਤੋਂ ਆਏ ਬੰਦਿਆਂ ਦੇ ਘਰੀਂ ਜ਼ਰੂਰ ਆਧੁਨਿਕ ਸਹੂਲਤ ਵਾਲੀਆਂ ਵਸਤਾਂ ਹੁੰਦੀਆਂ; ਔਖ ਵਜੋਂ ਨਹੀਂ, ਸ਼ੌਕ ਵਜੋਂ। ਇਹ ਵਸਤਾਂ ਵੱਡੇ ਘਰਾਂ ਦੀ ਹਵੇਲੀ ਦਾ ਸ਼ਿੰਗਾਰ ਬਣ ਜਾਂ-ਦੀਆਂ ਜਿਵੇਂ ਅਜੋਕੇ ਸ਼ੋਅ ਪੀਸ; ਜਿਵੇਂ ਹਨੇਰੇ ਵਿੱਚ ਦਿਸਦੀ ਚਮਕਣ ਵਾਲੀ ਘੜੀ, ਟਾਈਮ ਪੀਸ, ਪੱਖਾ, ਰੇਡੀਓ, ਟੇਪ ਰਿਕਾਰਡ, ਗਰਮ ਸਿਆਲੂ ਲੰਮੇ ਕੋਟ, ਛਤਰੀ, ਬੈਟਰੀ, ਬਰਸਾਤੀਆਂ, ਨਹੁੰ ਕੱਟਣੀ ਆਦਿ। ਇਨ੍ਹਾਂ ਵੱਲ ਦੇਖ ਕੇ ਬੰਦਾ ਸੋਚੀ ਜਾਂਦਾ: ਕਦੀ ਸਾਡੇ ਘਰ ਵੀ ਪੱਖਾ ਘੁੰਮੂ, ਅਲਾਰਮ ਵੱਜੂ? ਵੱਡਾ ਕੋਟ ਪਾ ਕੇ ਬਾਪੂ ਖੁੰਡਾਂ 'ਤੇ ਬੈਠੂ?... ਮਨ ਦੀ ਕਲਪਨਾ, ਗੁੰਜਾਇਸ਼ ਅੱਗੇ ਝੂਠੀ ਪੈ ਜਾਂਦੀ।

ਪੋਹ ਮਾਘ ਦੇ ਮਹੀਨੇ ਬਾਪੂ ਨੇ ਖੇਸ ਦੀ ਬੁੱਕਲ ਮਾਰ ਕੇ ਤੜਕੇ ਮੂੰਹ ਨ੍ਹੇਰੇ ਜਾਗਣਾ, ਨਲਕਾ ਗੇੜ ਕੇ ਮੂੰਹ ਹੱਥ ਧੋਣਾ, ਟੋਕਰਾ ਚੁੱਕ ਕੇ ਸਭ ਤੋਂ ਪਹਿਲਾਂ ਬਲਦਾਂ ਦੀ ਜੋੜੀ ਤੇ ਦੁਧਾਰੂ ਮੱਝ ਗਾਂ ਨੂੰ ਪੱਠਾ ਚਾਰਾ ਪਾਉਣਾ। ਬੇਬੇ ਨੇ ਵੀ ਖੜਕਾ ਸੁਣ ਕੇ ਜਾਗ ਪੈਣਾ, ਖੇਸੀ ਦੀ ਬੁੱਕਲ ਮਾਰੀ ਮੂੰਹ ਸਿਰ ਢੱਕ ਕੇ ਉੱਠਦੀ ਨੇ ਪੈਰ ਸਿੱਧਾ ਜੁੱਤੀ ਵਿੱਚ ਪਾਉਣਾ ਤੇ ਹੱਥ ਮੂੰਹ ਧੋ ਕੇ ਚੁੱਲ੍ਹੇ ਮੂਹਰੇ ਬਹਿ ਕੇ ਛਟੀਆਂ ਤੇ ਪਾਥੀਆਂ ਦੀ ਅੱਗ ਬਾਲ ਕੇ ਦਿਨ ਦਾ ਸ਼ੁਭ ਮਹੂਰਤ ਕਰ ਲੈਣਾ। ਬਾਪੂ ਪਹਿਲੀ ਚਾਹ ਸੜਾਕੇ ਮਾਰ-ਮਾਰ ਪੀਂਦਾ ਜੋ ਬਾਕੀ ਜੀਆਂ ਲਈ ਅਲਾਰਮ ਵੱਜ ਜਾਂਦਾ ਕਿ ਉੱਠਣ ਦਾ ਅਗਲਾ ਨੰਬਰ ਤੁਹਾਡਾ ਹੈ। ਚੁੱਲ੍ਹੇ ਦੀ ਅੱਗ ਪੋਹ ਮਾਘ ਦੇ ਮਹੀਨੇ ਤਾਂ ਖੰਡ ਵਰਗੀ ਲੱਗਦੀ ਪਰ ਜੇਠ ਦੇ ਮਹੀਨੇ ਚੁੱਲ੍ਹਾ ਦੋ-ਤਿੰਨ ਕਦਮ ਘੇਰੇ ਵਿੱਚ ਸੇਕ ਮਾਰਦਾ। ਉਂਝ, ਬੇਬੇ ਨੇ ਟੱਬਰ ਦਾ ਖਾਣਾ ਦਾਣਾ ਬਣਾਈਂ ਜਾਣਾ, ਵਰਤਾਈ ਜਾਣਾ। ਚੁੱਲ੍ਹੇ ਉੱਤੇ ਪਤੀਲਾ ਤੌੜੀ ਚੜ੍ਹੇ ਹੀ ਰਹਿੰਦੇ। ਦੋਹੀਂ ਹੱਥੀਂ ਕੰਮ ਕਰਦੀ ਸੀ ਮਾਂ। ਟੱਬਰ ਦੀਆਂ ਰੋਟੀਆਂ ਪਕਾਉਂਦੀ ਮਾਂ ਨੂੰ ਚੁੱਲ੍ਹੇ ਉੱਤੇ ਧੁੱਪ ਆ ਜਾਂਦੀ, ਉਹ ਕਿਸੇ ਨੂੰ ਆਵਾਜ਼ ਮਾਰ ਕੇ ਮੰਜਾ ਖੜ੍ਹਾ ਕਰਾ ਲੈਂਦੀ, ਉੱਤੇ ਕੋਈ ਦੋੜਾ ਪੱਲੀ ਜਾਂ ਪੁਰਾਣਾ ਕੱਪੜਾ ਪਾ ਦਿੰਦੇ। ਘਰ ਦੇ ਜੀਅ ਅੱਜ ਵਾਂਗ 'ਹਾਏ ਗਰਮੀ! ਹਾਏ ਗਰਮੀ!!' ਨਾ ਕਰਦੇ ਸਗੋਂ ਕੰਮ ਕਰੀ ਜਾਂਦੇ। ਹਾੜ੍ਹੀ ਸੰਭਾਲਣੀ, ਸਾਉਣੀ ਬੀਜਣ ਦੀ ਤਿਆਰੀ ਕਰਨੀ। ਰੌਣੀ ਕਰਨ ਲਈ ਖਾਲ਼ ਖੁਰਚਣੇ। ਇਕੱਠਿਆਂ ਕਈ ਘਰਾਂ ਦੇ ਬੰਦਿਆਂ ਨੇ ਘਰ-ਘਰ ਮਗਰ ਇੱਕ ਬੰਦਾ ਕਰ ਕੇ ਕੰਮ ਨੇਪਰੇ ਚਾੜ੍ਹਨਾ। ਨਹਿਰ 'ਚ ਆਉਂਦਾ ਨਿਆਮਤੀ ਪਾਣੀ ਸੰਭਾਲਿਆ ਜਾਵੇ, ਨਾਲ ਹੀ ਫਸਲ ਦੀ ਸੰਭਾਲ ਕਰਨੀ; ਹੋਰ ਕਿੰਨੇ ਕੰਮ ਹੁੰਦੇ ਕਬੀਲਦਾਰੀ ਦੇ, ਉਹ ਸਾਰੇ ਹੱਥੀਂ ਹੀ ਹੁੰਦੇ ਸਨ। ਜੇਠ ਹਾੜ੍ਹ ਦੇ ਤਪਦੇ ਮਹੀਨੇ ਖਾਲ਼ 'ਚ ਠੰਢੇ ਪਾਣੀ ਨਾਲ ਹੱਥ ਮੂੰਹ ਧੋ ਗੋਡਿਆਂ ਤੱਕ ਲੱਤਾਂ ਠੰਢੀਆਂ ਕਰ ਕੇ ਖੁਸ਼ ਹੋ ਜਾਂਦਾ ਸੀ ਬਾਪੂ। ਪਾਣੀ ਪੀਣ ਦੇ ਬਹਾਨੇ ਟਾਹਲੀ ਹੇਠ ਰੱਖੇ ਤੌੜੇ ਕੋਲ ਪੈਰਾਂ ਭਰ ਬਹਿ ਕੇ ਖਾਸਾ ਪਾਣੀ ਪੀ ਜਾਂਦਾ ਤੇ ਨਾਲ ਹੀ ਕਹਿਣਾ, "ਫੇਰ ਨੀ ਭਾਈ ਵਾਰ-ਵਾਰ ਆਇਆ ਜਾਂਦਾ।"

ਲੋਅ ਸ਼ੁਰੂ ਹੁੰਦੇ ਹੀ ਹਾਲ਼ੀ ਬਲਦਾਂ ਦਾ ਜੋਤਾ ਛੱਡ ਕੇ ਹਰਾ ਚਰਾ ਪਾ ਕੇ ਦਰਖਤਾਂ ਹੇਠ ਬਲਦਾਂ ਬੰਨ੍ਹ ਕੇ ਆਪ ਭੁੰਜੇ ਲਿਟ ਜਾਂਦਾ। ਕੋਈ ਕੋਈ ਸਰੀਰ ਦਾ ਕਮਜ਼ੋਰ ਜਾਂ ਸ਼ੌਂਕੀ ਕੱਪੜਾ ਭਿਓਂ ਕੇ ਆਪਣੇ ਉੱਤੇ ਲੈ ਲੈਂਦਾ ਤੇ ਪੁਰੇ ਦੀ ਵਗਦੀ ਲੋਅ ਦਾ ਏਸੀ ਬਣ ਜਾਂਦਾ! ਉਸ ਵੇਲੇ ਟਾਈਮ ਪੀਸ ਦੋ ਵਾਲੀ ਰੇਲ ਗੱਡੀ ਸੀ। ਵੱਡੇ ਹੋਇਆਂ ਪਤਾ ਲੱਗਿਆ ਕਿ ਸਾਡੇ ਪਿੰਡ ਬਰਾਂਡੇ ਵਾਲੇ 'ਟੇਸ਼ਨ 'ਤੇ ਰੇਲਵੇ ਵਿਭਾਗ ਦੀ ਸਮਾਂ ਸਾਰਨੀ ਅਨੁਸਾਰ ਉਸ ਗੱਡੀ ਦਾ ਸਹੀ ਟਾਈਮ ਦੁਪਹਿਰ ਦਾ ਇਕ ਵਜ ਕੇ ਚਾਲੀ ਮਿੰਟ ਸੀ। ਗੱਡੀ ਅੱਧਾ ਘੰਟਾ ਆਮ ਹੀ ਲੇਟ ਹੁੰਦੀ। ਕੋਈ ਵੀ ਕੰਮ ਕਰਨਾ ਜਾਂ ਗੱਲ ਸੁਣਨੀ ਸੁਣਾਉਣੀ- "ਤੂੰ ਉਸ ਵੇਲੇ ਕਿੱਥੇ ਸੀ, ਕੀ ਕਰਦਾ ਸੀ ਤੂੰ?" ਸੁਣਨ ਵਾਲੇ ਨੇ ਕਹਿਣਾ, "ਦੋ ਵਾਲੀ ਗੱਡੀ ਲੰਘੀ ਆ ਉਦੋਂ, ਮੈਂ ਨਹਿਰ 'ਤੇ ਗਿਆ ਹੋਇਆ ਸੀ ਪਾਣੀ ਦਾ ਤੌੜਾ ਭਰਨ।"

ਨਹਿਰ 'ਤੇ ਲੱਗ ਨਲਕੇ ਦਾ ਪਾਣੀ ਛਬੀਲ ਵਰਗਾ ਹੁੰਦਾ- ਠੰਢਾ ਮਿੱਠਾ। ਰੋਡੇ ਫਾਟਕਾਂ ਤੋਂ ਪਹਿਲਾਂ ਗੱਡੀ ਨੇ ਲੰਮੀ ਕੂਕ ਮਾਰਨੀ। ਬਹੁਤੇ ਹਾਲੀ ਪਾਲੀ ਕਾਮੇ ਗੱਡੀ ਦੇ ਹਿਸਾਬ ਨਾਲ ਚਾਹ ਧਰਦੇ। ਫਿਰ ਬੱਸਾਂ ਚੱਲ ਪਈਆਂ, ਛੋਟੀਆਂ ਸੜਕਾਂ ਬਣ ਗਈਆਂ। ਸਾਇਕਲਾਂ 'ਤੇ ਮਾਸਟਰ ਮਾਸਟਰਨੀਆਂ ਨੇ ਨੇੜਲੇ ਪਿੰਡਾਂ ਦੇ ਸਕੂਲ ਜਾਣਾ। ਪੜ੍ਹਾਕੂ ਬੱਚਿਆਂ ਨੇ ਲੰਘਣਾ ਜਾਂ ਦੋ ਚਾਰ ਮੁਸਾਫਿਰ ਨੇੜਲੇ ਪਿੰਡਾਂ ਦੇ ਰੋਜ਼ ਆਉਣ ਜਾਣ ਵਾਲੇ ਵੀ ਹੁੰਦੇ। ਉਨ੍ਹਾਂ ਨੂੰ ਨਿੱਤ ਉਸੇ ਸਮੇਂ ਦੇਖ ਕੇ ਵਕਤ ਦਾ ਅੰਦਾਜ਼ਾ ਹੋ ਜਾਂਦਾ। ਢਲਦੇ ਪਰਛਾਵੇਂ ਵੀ ਦੱਸਦੇ- ਪਾਣੀ ਵਾਲੇ ਤੌੜੇ ਨੂੰ ਧੁੱਪ ਆ ਗਈ, ਕਰੋ ਛਾਵੇਂ, ਪਾਣੀ ਤੱਤਾਂ ਹੋ ਜੂ। ਕਿਤੇ ਬੱਦਲਾਂ ਦੀ ਗੰਢ ਬਣ ਜਾਣੀ, ਬਾਪੂ ਹੋਰੀਂ ਗੱਲਾਂ ਕਰਦੇ-ਕਰਦੇ ਕਹਿੰਦੇ, "ਪਾਊਗਾ ਇੰਦਰ ਦੇਵਤਾ ਕਰਦਾ ਫਿਰਦਾ ਤਿਆਰੀ।"

ਇਵੇਂ ਹੀ ਕੰਮ ਕਰਦਿਆਂ ਜੇਠ ਹਾੜ੍ਹ ਲੰਘ ਜਾਂਦੇ। ਜੇਠ ਦੇ ਪਿਛਲੇ ਪੱਖ ਵਿੱਚ ਇੱਕ ਅੱਧਾ ਛੜਾਕਾ ਜਾਂ ਹਵਾ ਆ ਜਾਣੀ; ਪੂਰੀ ਬਨਸਪਤੀ, ਮਨੁੱਖ ਤੇ ਜੀਵ ਜੰਤੂ ਵਿੱਚ ਖੁਸ਼ੀ ਪਲਮਦੀ। ਪੱਛਮੀ ਪੌਣਾਂ ਜੇਠ ਹਾੜ੍ਹ ਨੂੰ ਸਾਉਣ ਮਹੀਨੇ ਵਿੱਚ ਬਦਲਦੀਆਂ, ਜੀਵ ਜੰਤੂ ਤੇ ਬਨਸਪਤੀ ਨੂੰ ਪੰਜ ਚਾਰ ਮਹੀਨਿਆਂ ਦੀ ਖੁਰਾਕ ਦੇ ਜਾਂਦੀਆਂ।

## ਕਹਾਣੀ

# ਜ਼ਿੰਦਗੀ ਇਕ ਕਿਤਾਬ

ਡਾਕਟਰ ਅਜੀਤ ਸਿੰਘ ਕੋਟਕਪੂਰਾ
657-464-4066




ਜ਼ਿੰਦਗੀ ਅਜਿਹੀ ਅਣਜਾਣੀ ਕਿਤਾਬ ਜਿਹੀ ਹੁੰਦੀ ਹੈ ਜਿਸ ਬਾਰੇ ਪਤਾ ਨਹੀਂ ਹੁੰਦਾ ਕਿ ਇਸ ਦੇ ਕਿਸ ਪੰਨੇ ਤੇ ਕੀ ਲਿਖਿਆ ਹੈ । ਇਨਸਾਨ ਦੀ ਜ਼ਿੰਦਗੀ ਦੀਆਂ ਸੁਖਾਵੀਆਂ ਅਤੇ ਦੁਖਦਾਈ ਘਟਨਾਵਾਂ ਅਕਸਰ ਹੀ ਵਾਪਰਦੀਆਂ ਰਹਿੰਦੀਆਂ ਹਨ ਚਲਦੀ ਜ਼ਿੰਦਗੀ ਵਿਚ ਉਤਾਰ ਚੜਾਅ ਆਓਂਦੇ ਹੀ ਰਹਿੰਦੇ ਹਨ ਅਤੇ ਨਾ ਹੀ ਇਸ ਗੱਲ ਦਾ ਪਤਾ ਹੁੰਦਾ ਹੈ ਆਉਣ ਵਾਲਾ ਕਲ ਆਪਣੇ ਕੋਲ ਸਾਨੂੰ ਦੇਣ ਲਈ ਕਿਹੜੀਆਂ ਸੁਖਦਾਇਕ ਅਤੇ ਦੁਖਦਾਇਕ ਘਟਨਾਵਾਂ ਦੇ ਵਿਸਥਾਰ ਨੂੰ ਸਾਂਭੀ ਬੈਠਾ ਹੈ । ਮੱਦੀ, ਸ਼ੇਰ ਸਿੰਘ ਨਾਲ ਖੇਤਾਂ ਦੇ ਵਿਚ ਕੰਮ ਕਰਵਾਇਆ ਕਰਦਾ ਸੀ । ਉਸ ਤੋਂ ਪਹਿਲਾਂ ਮੱਦੀ ਦਾ ਬਾਪ ਪੂਰਨ ਉਨ੍ਹਾਂ ਨਾਲ ਸੀਰੀ ਸੀ । ਸਾਰਾ ਸਾਰਾ ਦਿਨ ਉਨ੍ਹਾਂ ਦੇ ਘਰ ਕਦੇ ਪਸ਼ੂਆਂ ਦਾ ਗੋਹਾ ਇਕੱਠਾ ਕਰਨਾ, ਕਦੇ ਪੱਠੇ ਪਸ਼ੂਆਂ ਨੂੰ ਪਾ ਦੇਣੇ ਆਦਿ ਜਿਹੇ ਕੰਮ ਕੰਮ ਕਰਦਾ ਰਹਿੰਦਾ ਸੀ। ਜਦੋਂ ਖੇਤਾਂ ਵਿਚ ਕੰਮ ਘਟ ਜਾਇਆ ਕਰਦਾ ਸੀ ਤਾਂ ਉਹ ਅਜਿਹੇ ਸਾਰੇ ਕੰਮ ਕਰਦਾ ਸੀ । ਖੇਤਾਂ ਵਿਚ ਹਾੜੀ ,ਸਾਉਣੀ ਵੇਲੇ ਤਾਂ ਉਸ ਨੂੰ ਖੇਤਾਂ ਦੇ ਕੰਮ ਤੋਂ ਕੋਈ ਵੇਹਲ ਹੀ ਨਹੀਂ ਮਿਲਦੀ ਸੀ । ਘਰ ਦੇ ਕੰਮਾਂ ਵਿਚ ਸਰਦਾਰਨੀ ਦੀ ਮਦਦ ਲਈ ਮੱਦੀ ਦੀ ਮਾਂ ਆ ਜਾਇਆ ਕਰਦੀ ਸੀ । ਇਸ ਤਰਾਂ ਉਹ ਘਰ ਦੇ ਖਰਚੇ ਜੋਗੇ ਪੈਸੇ ਕਮਾ ਲਿਆ ਕਰਦੇ ਸਨ। ਕਦੇ ਕਦੇ ਮੱਦੀ ਵੀ ਨਾਲ ਹੀ ਆ ਜਾਂਦਾ ਸੀ ਤੇ ਉਥੇ ਖੇਡਦਾ ਰਹਿੰਦਾ ਸੀ ਤੇ ਆਪਣੀ ਮਾਂ ਦੀ ਮਦਦ ਵੀ ਕਰ ਦਿਆ ਕਰਦਾ ਸੀ।

ਪੂਰਨ ਦਾ ਬਾਪ ਨਿਹਾਲ ਸਿੰਘ ਅਤੇ ਸ਼ੇਰ ਸਿੰਘ ਦਾ ਬਾਪ ਕਰਤਾਰ ਸਿੰਘ ਦੋਵੇਂ ਪੱਗ ਵੱਟ ਭਰਾ ਸਨ । ਦੋਵਾਂ ਕੋਲ ਲਗਭਗ ਇਕੋ ਜਿਹੀ ਜ਼ਮੀਨ ਸੀ । ਨਿਹਾਲ ਸਿੰਘ ਅਤੇ ਕਰਤਾਰ ਸਿੰਘ ਕਦੇ ਕਦੇ ਇਕੱਠੇ ਬੈਠ ਕੇ ਮੂੰਹ ਕੌੜਾ ਕਰ ਲਿਆ ਕਰਦੇ ਸਨ । ਕਰਤਾਰ ਸਿੰਘ ਦਾ ਹਿਸਾਬ ਨਾਲ ਹੀ ਪੀਂਦਾ ਸੀ ਪਰ ਨਿਹਾਲ ਸਿੰਘ ਦੀ ਪੀਣੀ ਬਹੁਤ ਮਾੜੀ ਸੀ । ਕਦੇ ਕਦੇ ਉਹ ਇਤਨੀ ਪੀ ਲੈਂਦਾ ਸੀ ਕਿ ਉਸ ਨੂੰ ਹੋਸ਼ ਹੀ ਨਹੀਂ ਰਹਿੰਦੀ ਸੀ ਤੇ ਪੂਰਨ ਉਸ ਨੂੰ ਆਪਣੇ ਘਰ ਲੈ ਕੇ ਜਾਂਦਾ ਸੀ । ਘਰ ਜਾ ਕੇ ਵੀ ਉਹ ਬੇਸੁਰਤ ਹੋ ਕੇ ਸੌਂ ਜਾਂਦਾ ਸੀ। ਪੂਰਨ ਨੇ ਉਸ ਨੂੰ ਕਈ ਵਾਰ ਸਮਝਾਇਆ ਸੀ ਕਿ ਇਤਨੀ ਨਾ ਪੀਵੇ ਪਰ ਉਸ ਨੇ ਦਾਰੂ ਤਾਂ ਕਿ ਛੱਡਣੀ ਸੀ ਹੋਰ ਨਸ਼ੇ ਵੀ ਕਰਨ ਲੱਗ ਪਿਆ ਸੀ । ਉਹ ਆਪਣੀ ਪੈਲੀ ਨੂੰ ਕਰਤਾਰ ਸਿੰਘ ਨੂੰ ਹੀ ਵੇਚੀ ਜਾ ਰਿਹਾ ਸੀ ਅਤੇ ਪ੍ਰਾਪਤ ਰਕਮ ਨੂੰ ਨਸ਼ੇ ਵਿਚ ਹੀ ਉਡਾਈ ਜਾ ਰਿਹਾ ਸੀ । ਨਸ਼ਾ ਕਦੋਂ ਕਿਸੇ ਦੀ ਲਿਹਾਜ਼ ਕਰਦਾ ਹੈ । ਭਾਵੇਂ ਕਰਤਾਰ ਸਿੰਘ ਉਪਰਲੇ ਮਨੋ ਨਿਹਾਲ ਸਿੰਘ ਨੂੰ ਨਸ਼ੇ ਦੇ ਬਾਰੇ ਸਮਝਾਉਂਦਾ ਰਹਿੰਦਾ ਸੀ ਪਰੰਤੂ ਆਪਣੇ ਮਨ ਵਿਚ ਵੱਧ ਰਹੀ ਜ਼ਮੀਨ ਬਾਰੇ ਖੁਸ਼ੀ ਮਹਿਸੂਸ ਕਰਦਾ ਸੀ ਕਿ ਉਸ ਦੀ ਔਲਾਦ ਲਈ ਵਧੇਰੇ ਜ਼ਮੀਨ ਇਕੱਠੀ ਹੋ ਰਹੀ ਸੀ । ਹੋਲੀ ਹੋਲੀ ਨਿਹਾਲ ਸਿੰਘ ਨੇ ਆਪਣੀ ਸਾਰੀ ਜ਼ਮੀਨ ਨਸ਼ੇ ਵਿਚ ਹੀ ਉਡਾ ਦਿਤੀ । ਪੂਰਨ ਵਿਚਾਰੇ ਕੋਲ ਕੁਝ ਪੈਲੀ ਹੀ ਬੱਚੀ ਸੀ ਕਿ ਨਿਹਾਲ ਸਿੰਘ ਮੰਜੇ ਤੇ ਪੈ ਗਿਆ ਰਹਿੰਦੀ ਖੂਹੰਦੀ ਪੈਲੀ ਉਸ ਦੇ ਇਲਾਜ ਤੇ ਲੱਗ ਗਈ । ਅਖੀਰ ਨਿਹਾਲ ਸਿੰਘ ਰੱਬ ਨੂੰ ਪਿਆਰਾ ਹੋ ਗਿਆ । ਕਰਤਾਰ ਸਿੰਘ ਨੇ ਥੋੜੀ ਬਹੁਤੀ ਪੂਰਨ ਦੇ ਪਰਿਵਾਰ ਦੀ ਮਦਦ ਕਰ ਦਿਤੀ ਅਤੇ ਪੂਰਨ ਨੂੰ ਆਪਣੇ ਨਾਲ ਹੀ ਸੀਰੀ ਰੱਖ ਲਿਆ । ਪੂਰਨ ਵੀ ਸਿਰ ਸੁੱਟ ਕੇ ਕੰਮ ਵਿਚ ਜੁਟ ਗਿਆ ਉਸ ਦਾ ਪਰਿਵਾਰ ਵੀ ਕਰਤਾਰ ਸਿੰਘ ਦੇ ਘਰ ਦੇ ਕੰਮਾਂ ਵਿਚ ਹੱਥ ਵਟਾਉਣ ਲੱਗ ਪਿਆ । ਇਸ ਤਰਾਂ ਪਰਿਵਾਰ ਦਾ ਗੁਜ਼ਾਰਾ ਹੋਣ ਲੱਗ ਪਿਆ । ਭਾਵੇ ਮੱਦੀ ਵੀ ਕਦੇ ਕਦੇ ਨਾਲ ਆ ਜਾਇਆ ਕਰਦਾ ਸੀ ਪ੍ਰੰਤੂ ਪੂਰਨ ਇਹ ਚਾਹੁੰਦਾ ਸੀ ਕਿ ਮੱਦੀ ਚਾਰ ਅੱਖਰ ਪੜ੍ਹ ਜਾਵੇ ਤਾਂ ਉਹ ਇਸ ਸੀਰ ਦੇ ਕੰਮ ਤੋਂ ਵੱਖ ਹੋ ਸਕਦਾ ਹੈ ਅਤੇ ਇਹ ਵੀ ਸੰਭਵ ਹੈ ਕੇ ਉਸਦਾ ਜੀਵਨ ਵੀ ਕੁਝ ਸੌਖਾ ਹੋ ਜਾਵੇ । ਇਸ ਆਸ ਨਾਲ ਪੂਰਨ ਨੂੰ ਸਕੂਲ ਵਿਚ ਪੜ੍ਹਨੇ ਪਾ ਦਿਤਾ । ਪੂਰਨ ਤੇ ਉਸ ਦੇ ਘਰ ਵਾਲੀ ਬਚਿੰਤ ਮੱਦੀ ਨੂੰ ਸਕੂਲ ਭੇਜ ਕੇ ਕਰਤਾਰ ਸਿੰਘ ਦੇ ਘਰ ਆ ਜਾਂਦੇ ਪੂਰਨ ਸਾਰਾ ਦਿਨ ਉਥੇ ਕੰਮ ਧੰਦਾ ਕਰਦਾ ਰਹਿੰਦਾ ਅਤੇ ਬਚਿੰਤ ਨੂੰ ਉਸ ਸਮੇਂ ਘਰ ਭੇਜ ਦਿੰਦਾ ਜਦੋਂ ਮੱਦੀ ਨੇ ਸਕੂਲੋਂ ਮੁੜਨਾ ਹੁੰਦਾ ਸੀ । ਸਮਾਂ ਲੰਘਦਾ ਗਿਆ । ਮੱਦੀ ਪੜ੍ਹਾਈ ਵਿਚ ਹੁਸ਼ਿਆਰ ਨਿਕਲਿਆ । ਸਾਰੇ ਅਧਿਆਪਕ ਉਸ ਨੂੰ ਚੰਗਾ ਸਮਝਦੇ ਸੀ । ਹੁਸ਼ਿਆਰ ਹੋਣ ਕਾਰਨ ਉਹ ਹੋਰ ਸਾਥੀਆਂ ਦੀ ਮਦਦ ਕਰ ਦਿੰਦਾ ਸੀ । ਇਸ ਤਰਾਂ ਉਹ ਦਸਵੀਂ ਦਾ ਇਮਤਿਹਾਨ ਦੇ ਕੇ ਆਪਣੇ ਬਾਪ ਨਾਲ ਕਰਤਾਰ ਦੇ ਘਰ ਕੰਮ ਕਰਵਾ ਦਿਆ ਕਰਦਾ ਸੀ । ਪੂਰਨ ਪੂਰੀ ਤਰਾਂ ਖੁਸ਼ ਸੀ ਕਿ ਉਸ ਦੇ ਲਾਡਲੇ ਨੇ ਔਖੇ ਸੌਖੇ ਹੋ ਕੇ ਦਸਵੀਂ ਪਾਸ ਕਰ ਲਈ ਸੀ ।

ਇਕ ਦਿਨ ਕਰਤਾਰ ਸਿੰਘ ਪੂਰਨ ਨੂੰ ਨਾਲ ਲੈ ਕੇ ਮੋਟਰਸਾਈਕਲ ਤੇ ਸ਼ਹਿਰ ਵਲ ਜਾ ਰਹੇ ਸੀ। ਮੋਟਰਸਾਈਕਲ ਕਰਤਾਰ ਸਿੰਘ ਆਪ ਚਲਾ ਰਿਹਾ ਸੀ ਪੂਰਨ ਪਿਛੇ ਬੈਠਾ ਸੀ । ਦੂਸਰੇ ਪਾਸਿਓਂ ਇੱਕ ਤੇਜ਼ ਰਫਤਾਰ ਕਾਰ ਮੋਟਰਸਾਈਕਲ ਵਿਚ ਵੱਜੀ । ਮੋਟਰਸਾਈਕਲ ਡਿਗ ਪਿਆ । ਕਰਤਾਰ ਸਿੰਘ ਦਾ ਸਿਰ ਸੜਕ ਤੇ ਵੱਜਾ ਪੂਰਨ ਦੂਰ ਜਾ ਕੇ ਡਿਗਾ ਜਿਥੇ ਕੱਚੀ ਮਿੱਟੀ ਸੀ । ਪੂਰਨ ਦੇ ਮਾਮੂਲੀ ਸੱਟਾਂ ਵਜੀਆਂ ਜਦੋਂ ਕਿ ਕਰਤਾਰ ਸਿੰਘ ਬੇਹੋਸ਼ ਹੋ ਗਿਆ । ਪੂਰਨ ਨੇ ਰੌਲਾ ਪਾਇਆ ਤਾਂ ਲੋਕ ਇਕੱਠੇ ਹੋ ਗਏ । ਲੋਕਾਂ ਦੀ ਸਹਾਇਤਾ ਨਾਲ ਕਰਤਾਰ ਸਿੰਘ ਨੂੰ ਉਸੇ ਕਾਰ ਵਿਚ ਪਾ ਕੇ ਸ਼ਹਿਰ ਹਸਪਤਾਲ ਪੁਚਾਇਆ ਗਿਆ । ਡਾਕਟਰ ਨੇ ਤੁਰੰਤ ਇਲਾਜ ਸ਼ੁਰੂ ਕਰ ਦਿਤਾ । ਘਰ ਵਿਚ ਸੁਨੇਹਾ ਭੇਜਿਆ ਤਾ ਉਸ ਦਾ ਪਰਿਵਾਰ ਵੀ ਪੁੱਜ ਗਿਆ । ਇਲਾਜ ਵਿਚ ਕੋਈ ਕਸਰ ਨਾ ਛੱਡੀ ਗਈ । ਪ੍ਰੰਤੂ ਕਰਤਾਰ ਸਿੰਘ ਨੂੰ ਹੋਸ਼ ਨਾ ਆਇਆ। ਡਾਕਟਰ ਨਾਲ ਸਲਾਹ ਕਰ ਕੇ ਕਿਸੇ ਹੋਰ ਹਸਪਤਾਲ ਵਿਚ ਜਾਣ ਬਾਰੇ ਸੋਚ ਰਹੇ ਸਨ ਕੇ ਇੱਕ ਦਮ ਕਰਤਾਰ ਸਿੰਘ ਦੇ ਸਾਹ ਰੁਕਦੇ ਨਜ਼ਰ ਆਏ । ਡਾਕਟਰ ਨੇ ਆਪਣੀ ਪੂਰੀ ਵਾਹ ਲਾਈ ਪਰ ਕਰਤਾਰ ਸਿੰਘ ਨੂੰ ਬਚਾਇਆ ਨਾ ਜਾ ਸਕਿਆ । ਉਸ ਦਾ ਸਰੀਰ ਘਰ ਲਿਜਾ ਕੇ ਅੰਤਿਮ ਰਸਮਾਂ ਕੀਤੀਆਂ ਗਈਆਂ।

ਸ਼ੇਰ ਸਿੰਘ ਨੇ ਪੂਰਨ ਨੂੰ ਆਪਣੇ ਨਾਲ ਹੀ ਰਖਿਆ । ਉਸ ਨੂੰ ਪਤਾ ਸੀ ਕਿ ਪੂਰਨ ਨੇ ਉਸ ਦੇ ਬਾਪ ਦੀ ਅੰਤਲੇ ਸਮੇਂ ਵਿਚ ਪੂਰੀ ਸੇਵਾ ਕੀਤੀ ਸੀ । ਮੱਦੀ ਦੀ ਮਾਂ ਬਚਿੰਤ ਨੇ ਵੀ ਘਰ ਦਾ ਪੂਰਾ ਧਿਆਨ ਰਖਿਆ ਸੀ । ਇਸ ਤਰਾਂ ਸਮਾਂ ਲੰਘਦਾ ਜਾ ਰਿਹਾ ਸੀ । ਸ਼ੇਰ ਸਿੰਘ ਦੇ ਘਰ ਵਾਹਿਗੁਰੂ ਦੀ ਕਿਰਪਾ ਨਾਲ ਜੌੜੇ ਲੜਕਿਆਂ ਨੇ ਜਨਮ ਲਿਆ। ਇਸ ਮੌਕੇ ਵੀ ਬਚਿੰਤ ਨੇ ਪਾਲ ਕੌਰ ਦੀ ਪੂਰੀ ਸੇਵਾ ਕੀਤੀ। ਬੱਚਿਆਂ ਨੂੰ ਨਵਾਓਣਾ ਆਦਿ ਬਚਿੰਤ ਆਪ ਹੀ ਕਰਵਾਇਆ ਕਰਦੀ ਸੀ । ਭਾਵੇਂ ਇਸ ਸਮੇਂ ਪਾਲ ਕੌਰ ਦੀ ਛੋਟੀ ਭੈਣ ਵੀ ਆਈ ਹੋਈ ਸੀ । ਉਹ ਰੋਟੀ ਪਾਣੀ ਕਰਦੀ ਸੀ ਅਤੇ ਬਚਿੰਤ ਦੋਵੇਂ ਬੱਚਿਆਂ ਦੀ ਦੇਖ ਭਾਲ ਕਰ ਰਹੀ ਸੀ । ਹੋਲੀ ਹੋਲੀ ਬਚੇ ਵੱਡੇ ਹੋਣ ਲੱਗੇ। ਉਨ੍ਹਾਂ ਨੂੰ ਅੰਗਰੇਜ਼ੀ ਸਕੂਲ ਵਿਚ ਦਾਖਲ ਕਰਵਾ ਦਿੱਤਾ ਗਿਆ ।



ਮੱਦੀ ਨੂੰ ਦਸਵੀਂ ਤੋਂ ਬਾਅਦ ਕਾਲਿਜ ਵਿਚ ਭੇਜ ਦਿਤਾ ਗਿਆ । ਉਸ ਨੇ ਖੂਬ ਮੇਹਨਤ ਕੀਤੀ ਚੰਗੀ ਪੁਜੀਸ਼ਨ ਨਾਲ ਬੀ ਏ ਪਾਸ ਕਰ ਲਈ । ਆਪਣੇ ਅਧਿਆਪਕਾਂ ਦੀ ਸਲਾਹ ਨਾਲ ਉਸ ਨੇ ਐਮ ਏ ਵਿਚ ਦਖਲ ਹੋ ਕੇ ਉਹ ਵੀ ਚੰਗੀ ਪੁਜੀਸ਼ਨ ਨਾਲ ਪਾਸ ਕਰ ਲਈ । ਹੁਣ ਉਸ ਨੂੰ ਉਸ ਦੇ ਪਿਆਰੇ ਪ੍ਰੋਫੈਸਰ ਦੀ ਸਲਾਹ ਨਾਲ ਪੀ ਸੀ ਐਸ ਦੀ ਤਿਆਰੀ ਸ਼ੁਰੂ ਕਰ ਲਈ ਅਤੇ ਤਿਆਰੀ ਉਪਰੰਤ ਇਮਿਤਿਹਾਨ ਦੇ ਦਿਤਾ ਅਤੇ ਨਤੀਜੇ ਆਉਣ ਤੇ ਉਸ ਨੇ ਸੂਬੇ ਵਿਚੋਂ ਪੰਜਵੀਂ ਪੁਜੀਸ਼ਨ ਹਾਸਲ ਕਰ ਲਈ । ਸਾਰੇ ਪਾਸਿਓਂ ਉਸ ਨੂੰ ਵਧਾਈਆਂ ਮਿਲਣ ਲੱਗੀਆਂ । ਪੂਰਨ ਅਤੇ ਬਚਿੰਤ ਦਾ ਪੈਰ ਤਾਂ ਹੁਣ ਭੁੰਜੇ ਨਹੀਂ ਲੱਗ ਰਿਹਾ ਸੀ । ਭਾਵੇਂ ਉਹ ਕੁਝ ਨਹੀਂ ਪੜ੍ਹ ਸਕੇ ਸਨ ਪ੍ਰੰਤੂ ਉਨ੍ਹਾਂ ਨੂੰ ਇਹ ਸਮਝ ਆ ਗਈ ਸੀ ਕਿ ਮੱਦੀ ਤਾਂ ਹੁਣ ਕੋਈ ਵੱਡਾ ਅਫਸਰ ਲੱਗੇਗਾ। ਹੁਣ ਉਹ ਮੱਦੀ ਸਿੰਘ ਨਹੀਂ ਮਦਨ ਸਿੰਘ ਬਣ ਚੁਕਾ ਸੀ ਅਤੇ ਹੁਣ ਅਫਸਰ ਬਣ ਸਰਦਾਰ ਮਦਨ ਸਿੰਘ ਬਣਨ ਜਾ ਰਿਹਾ ਸੀ। ਹੁਣ ਉਹ ਸਰਕਾਰ ਨੂੰ ਚਲਾਉਣ ਲਈ ਅਫਸਰਸਾਹੀ ਦਾ ਹਿਸਾ ਹਿਸਾ ਬਣਨ ਜਾ ਰਿਹਾ ਸੀ । ਇਹ ਪ੍ਰਬੰਧ ਜ਼ਿਲਾ ਕਚਹਿਰੀਆਂ ਜਾਂ ਰਾਜਾਂ ਦੇ ਸਕੱਤਰੇਤ ਵਿਚ ਚਲਦਾ ਹੈ । ਅਫਸਰਸ਼ਾਹੀ ਦੇ ਕੰਮ ਕਰਨ ਲਈ ਕਾਨੂੰਨ ਬਣੇ ਹੋਏ ਹੁੰਦੇ ਹਨ ਅਤੇ ਉਨ੍ਹਾਂ ਅਨੁਸਾਰ ਹੀ ਉਹ ਕੰਮ ਕਰਦੇ ਹਨ।

ਉਧਰ ਜਦੋਂ ਸ਼ੇਰ ਸਿੰਘ ਨੂੰ ਪਤਾ ਲਗਾ ਤਾਂ ਉਸ ਨੂੰ ਵੀ ਮੱਦੀ ਦੇ ਮਦਨ ਸਿੰਘ ਤੋਂ ਸਰਦਾਰ ਮਦਨ ਸਿੰਘ ਬਣਨ ਤੇ ਸਾਰੇ ਪਿੰਡ ਵਿਚ ਲੱਡੂ ਵੰਡ ਦਿਤੇ । ਪਾਲ ਕੌਰ ਵੀ ਬਹੁਤ ਹੀ ਖੁਸ਼ ਸੀ । ਉਸ ਨੂੰ ਵੀ ਇੰਜ ਲਗਦਾ ਸੀ ਕਿ ਉਸ ਦੇ ਦੋਵੇਂ ਪੁੱਤ ਵੀ ਕੁਝ ਨਾ ਕੁਝ ਜਰੂਰ ਬਣ ਜਾਣਗੇ। ਕਰਮਾ ਤੇ ਧਰਮਾ ਰੋਜ਼ਾਨਾ ਸਕੂਲ ਜਾਂਦੇ ਸਨ । ਕਰਮੇ ਦਾ ਧਿਆਨ ਪੜ੍ਹਾਈ ਵਿਚ ਸੀ ਜਦੋਂ ਕਿ ਧਰਮੇ ਦਾ ਧਿਆਨ ਸ਼ਰਾਰਤਾਂ ਵਿਚ ਰਹਿੰਦਾ ਸੀ ਉਹ ਆਪਣੇ ਜਮਾਤੀਆਂ ਨਾਲ ਲੜਦਾ ਰਹਿੰਦਾ ਸੀ । ਰੋਜ਼ਾਨਾ ਹੀ ਕਿਸੇ ਨਾ ਕਿਸੇ ਦੀ ਕੁੱਟ ਮਾਰ ਕਰ ਦਿਆ ਕਰਦਾ ਸੀ । ਅਧਿਆਪਕ ਉਸ ਨੂੰ ਸਮਝਾਉਂਦੇ ਸਨ ਕੇ ਕਰਮਾ ਪੜ੍ਹਾਈ ਵਿਚ ਕਿਤਨਾ ਹੁਸ਼ਿਆਰ ਹੈ ਤੂੰ ਉਸ ਤੋਂ ਮਦਦ ਲੈ ਕੇ ਆਪਣਾ ਧਿਆਨ ਪੜ੍ਹਾਈ ਵਲ ਲਾਇਆ ਕਰ । ਪ੍ਰੰਤੂ ਉਸ ਦੇ ਕੰਨ ਤੇ ਤਾਂ ਜੂੰ ਨਹੀਂ ਸਰਕਦੀ ਸੀ । ਪ੍ਰੰਤੂ ਜਦੋਂ ਵੀ ਉਸ ਤੋਂ ਸਕੂਲ ਦਾ ਕੰਮ ਨਾ ਹੁੰਦਾ ਉਹ ਕਰਮੇ ਨੂੰ ਡਰਾ ਕੇ ਉਸ ਤੋਂ ਹੀ ਸਕੂਲ ਦਾ ਕੰਮ ਕਰਵਾ ਲੈਂਦਾ ਸੀ । ਇਸ ਤਰਾਂ ਕਰਦਾ ਹੋਇਆ ਧਰਮਾ ਵਿਗੜਦਾ ਜਾ ਰਿਹਾ ਸੀ। ਧਰਮ ਨੇ ਆਪਣੇ ਕੁਝ ਦੋਸਤਾਂ ਨਾਲ ਰਲ ਕੇ ਨਸ਼ੇ ਕਰਨੇ ਸ਼ੁਰੂ ਕਰ ਦਿਤੇ । ਨਸ਼ੇ ਖਰੀਦਣ ਲਈ ਧਰਮੇ ਨੇ ਆਪਣੀ ਜੇਬ ਖਰਚੀ ਲਈ ਮਿਲੇ ਪੈਸੇ ਵਰਤਣੇ ਸਜ਼ੂਰੁ ਕਰ ਲਏ । ਜਦੋਂ ਪੈਸੇ ਥੁੜ ਜਾਂਦੇ ਕਰਮੇ ਦੀ ਜੇਬ ਖਰਚੀ ਵਿਚੋਂ ਉਧਾਰੇ ਲੈਣੇ ਸ਼ੁਰੂ ਕਰ ਦਿਤੇ। ਜੇ ਉਹ ਨਾ ਦਿੰਦਾ ਤਾਂ ਉਸ ਤੋਂ ਖੋਹ ਲੈਂਦਾ ਸੀ । ਉਸ ਨੂੰ ਇਤਨਾ ਡਰਾ ਦਿੰਦਾ ਕਿ ਨਾ ਉਹ ਘਰੇ ਦੱਸਦਾ ਸੀ ਤੇ ਨਾ ਹੀ ਅਧਿਆਪਕਾਂ ਨੂੰ ਦਸਦਾ ਸੀ । ਇਸ ਤਰਾਂ ਕਰਦਾ ਹੋਇਆ ਧਰਮਾ ਵਧੇਰੇ ਨਸ਼ੇ ਕਰਨ ਲੱਗਾ । ਪੈਸੇ ਥੁੜਨ ਲੱਗੇ ਤਾਂ ਉਹ ਘਰੋਂ ਚੋਰੀ ਕਰਨ ਲੱਗ ਪਿਆ । ਕਦੇ ਕਦੇ ਝੂਠ ਦਾ ਸਹਾਰਾ ਲੈ ਕੇ ਆੜ੍ਹਤੀਏ ਤੋਂ ਲੈ ਆਇਆ ਕਰਦਾ ਸੀ । ਜਦੋਂ ਕਾਫੀ ਰਕਮ ਹੋ ਗਈ ਤਾਂ ਆੜ੍ਹਤੀਏ ਨੇ ਸ਼ੇਰ ਸਿੰਘ ਨੂੰ ਦੱਸਿਆ ਤਾਂ ਸ਼ੇਰ ਸਿੰਘ ਨੇ ਆੜ੍ਹਤੀਏ ਨੂੰ ਮਨਾ ਕਰ ਦਿਤਾ ਕਿ ਧਰਮ ਨੂੰ ਕੋਈ ਰਕਮ ਨਾ ਦਿਤੀ ਜਾਣ ਲਈ ਆਖ ਦਿਤਾ । ਜਦੋਂ ਧਰਮ ਨੂੰ ਪੈਸੇ ਦੀ ਲੋੜ ਪਈ ਤਾਂ ਉਸ ਨੇ ਆੜ੍ਹਤੀਏ ਕੋਲ ਜਾ ਰਕਮ ਮੰਗੀ । ਆੜ੍ਹਤੀਏ ਨੇ ਰਕਮ ਦੇਣ ਤੋਂ ਕੋਰਾ ਜਵਾਬ ਦੇ ਦਿਤਾ। ਧਰਮ ਆੜ੍ਹਤੀਏ ਨਾਲ ਲੜਾਈ ਕਰਨ ਲੱਗਾ । ਆੜ੍ਹਤੀਏ ਦੇ ਮੁੰਡਿਆਂ ਨੇ ਧਰਮੇ ਨੂੰ ਕੁੱਟ ਦਿਤਾ। ਧਰਮਾ ਜ਼ਖਮੀ ਹੋ ਗਿਆ ਜਦੋਂ ਕਰਮੇ ਨੂੰ ਪਤਾ ਲੱਗਾ ਤਾਂ ਉਹ ਆਪਣੇ ਭਰਾ ਨੂੰ ਹਸਪਤਾਲ ਲੈ ਗਿਆ ਅਤੇ ਘਰੇ ਖਬਰ ਕਰ ਦਿਤੀ । ਸ਼ੇਰ ਸਿੰਘ ਦਾ ਪਰਿਵਾਰ ਹਸਪਤਾਲ ਪੁੱਜ ਗਿਆ । ਇਲਾਜ ਕਰਵਾਇਆ ਗਿਆ । ਜਦੋਂ ਧਰਮਾ ਠੀਕ ਹੋ ਗਿਆ ਉਸ ਨੂੰ ਘਰੇ ਲਿਜਾਇਆ ਗਿਆ । ਸ਼ੇਰ ਸਿੰਘ ਨੇ ਉਸ ਨੂੰ ਸਮਝਾਇਆ ਕਿ ਨਸ਼ੇ ਛੱਡ ਦਿਤੇ ਜਾਣ । ਉਸ ਸਮੇਂ ਤਾਂ ਧਰਮਾ ਮੰਨ ਗਿਆ । ਪ੍ਰੰਤੂ ਬਾਹਰਲੀ ਜੁੰਡਲੀ ਨਾਲ ਮਿਲ ਕੇ ਫੇਰ ਨਸ਼ੇ ਸ਼ੁਰੂ ਕਰ ਦਿਤੇ । ਹੁਣ ਉਸ ਨੇ ਆਪਣੇ ਸਾਥੀਆਂ ਤੋਂ ਪੈਸੇ ਮੰਗਵਾਣੇ ਸ਼ੁਰੂ ਕਰ ਦਿਤੇ । ਕੁਝ ਦੇਰ ਇਸ ਤਰਾਂ ਚਲਦਾ ਰਿਹਾ।

ਉਧਰ ਮਦਨ ਸਿੰਘ ਸਰਕਾਰੀ ਅਫਸਰ ਲੱਗ ਗਿਆ । ਉਹ ਆਪਣੇ ਪਰਿਵਾਰ ਨੂੰ ਆਪਣੇ ਕੰਮ ਵਾਲੀ ਥਾਂ ਉਪਰ ਲੈ ਗਿਆ ।ਉਸ ਦੀ ਸ਼ੋਭਾ ਇਕ ਇਮਾਨਦਾਰ ਅਫਸਰ ਦੇ ਤੌਰ ਤੇ ਹੋਣ ਲੱਗ ਪਈ ਸੀ । ਉਸ ਲਈ ਰਿਸ਼ਤੇ ਆਉਣੇ ਸ਼ੁਰੂ ਹੋ ਚੁਕੇ ਸਨ । ਇਕ ਡਾਕਟਰ ਲੜਕੀ ਦਾ ਰਿਸ਼ਤਾ ਆਇਆ ਸੀ । ਮਦਨ ਸਿੰਘ ਨੇ ਆਪਣੇ ਮਾਪਿਆਂ ਨਾਲ ਸਲਾਹ ਕਰ ਕੇ ਉਸ ਲੜਕੀ ਦੇ ਮਾਪਿਆਂ ਨਾਲ ਗੱਲ ਕਰਨ ਤੇ ਉਸ ਨੂੰ ਦੇਖਣ ਦਾ ਪ੍ਰੋਗਰਾਮ ਬਣਾਇਆ । ਦੋਵੇਂ ਪਰਿਵਾਰ ਇਕ ਹੋਟਲ ਵਿਚ ਇਕੱਠੇ ਹੋਏ । ਵਿਚਾਰ ਵਟਾਂਦਰਾ ਹੋਇਆ। ਮਦਨ ਅਤੇ ਪ੍ਰੀਤ ਨੇ ਇੱਕ ਦੂਜੇ ਨਾਲ ਗੱਲਾਂ ਕੀਤੀਆਂ ਦੋਵਾਂ ਨੇ ਆਪਣੇ ਵਿਚਾਰ ਆਪੋ ਆਪਣੇ ਮਾਪਿਆਂ ਨੂੰ ਦੱਸ ਦਿਤੇ। ਦੋਵੇਂ ਪਰਿਵਾਰ ਖੁਸ਼ ਹੋ ਗਏ । ਉਨ੍ਹਾਂ ਨੇ ਵਿਆਹ ਲਈ ਤਰੀਕ ਮਿਥ ਲਈ । ਤਿਆਰੀਆਂ ਸ਼ੁਰੂ ਹੋ ਗਈਆਂ । ਪੂਰਨ ਸਿੰਘ ਨੇ ਸ਼ੇਰ ਸਿੰਘ ਨੂੰ ਮਦਨ ਦੇ ਵਿਆਹ ਦਾ ਸੱਦਾ ਭੇਜਿਆ । ਵਿਆਹ ਬਹੁਤ ਸਾਡੇ ਤਰੀਕੇ ਨਾਲ ਕੀਤਾ ਗਿਆ । ਵਿਆਹ ਵਿਚ ਮਦਨ ਅਤੇ ਪ੍ਰੀਤ ਦਾ ਪਰਿਵਾਰ ਅਤੇ ਸ਼ੇਰ ਸਿੰਘ ਦਾ ਪਰਿਵਾਰ ਸ਼ਾਮਿਲ ਹੋਏ । ਧਰਮੇ ਨੂੰ ਵਿਆਹ ਵਿਚ ਸ਼ਾਮਿਲ ਨਾ ਕੀਤਾ ਗਿਆ ਕਿਓਂ ਜੋ ਉਹ ਹਰ ਵੇਲੇ ਨਸ਼ੇ ਵਿਚ ਹੀ ਰਹਿੰਦਾ ਸੀ । ਸ਼ੇਰ ਸਿੰਘ ਨਹੀਂ ਚਾਹੁੰਦਾ ਸੀ ਕਿ ਉਸ ਦੀ ਅਸਲੀਅਤ ਮਦਨ ਸਿੰਘ ਜਾਂ ਉਸ ਦੇ ਪਰਿਵਾਰ ਨੂੰ ਪਤਾ ਲੱਗੇ । ਬਚਿੰਤ ਕੌਰ ਅਤੇ ਪਾਲ ਕੌਰ ਬਹੁਤ ਸਮੇਂ ਬਾਅਦ ਮਿਲੀਆਂ ਸਨ । ਜਦੋਂ ਬਚਿੰਤ ਨੇ ਧਰਮੇ ਬਾਰੇ ਪੁੱਛਿਆ ਤਾਂ ਪਾਲ ਕੌਰ ਦੀਆਂ ਅੱਖਾਂ ਗੰਗਾ-ਜਮਨੀ ਹੋ ਗਈਆਂ । ਵਿਆਹ ਵਿਚ ਪਾਲ ਕੌਰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੁੰਦੀ ਸੀ । ਪ੍ਰੰਤੂ ਉਹ ਮਜਬੂਰ ਸੀ । ਉਸ ਨੇ ਸੰਖੇਪ ਵਿਚ ਬਚਿੰਤ ਨੂੰ ਸਾਰੀ ਕਹਾਣੀ ਦੱਸ ਦਿਤੀ ਤੇ ਨਾਲ ਹੀ ਕਹਿ ਦਿਤਾ ਕਿ ਤੂੰ ਇਹ ਕਿਸੇ ਹੋਰ ਨੂੰ ਨਾ ਦੱਸੇ । ਅਨੰਦ ਕਾਰਜ ਤੋਂ ਬਾਅਦ ਸਾਰੀਆਂ ਨੇ ਰਲ ਕੇ ਲੰਗਰ ਛਕਿਆ । ਸ਼ੇਰ ਸਿੰਘ ਦਾ ਪਰਿਵਾਰ ਰੁਖਸਤ ਲੈ ਕੇ ਚਲਾ ਗਿਆ ਪ੍ਰੀਤ ਦੇ ਪਰਿਵਾਰ ਵਾਲੇ ਆਪਣੇ ਘਰ ਚਲੇ ਗਏ । ਮਦਨ ਅਤੇ ਪ੍ਰੀਤ ਪਰਿਵਾਰ ਸਮੇਤ ਆਪਣੇ ਘਰ ਪੁੱਜ ਗਏ । ਅਗਲੇ ਐਤਵਾਰ ਮਦਨ ਨੇ ਆਪਣੇ ਸਾਰੇ ਸਟਾਫ ਨੂੰ ਚਾਹ ਪਾਰਟੀ ਦਿਤੀ ਉਸ ਪਾਰਟੀ ਵਿਚ ਪ੍ਰੀਤ ਦਾ ਸਟਾਫ ਵੀ ਸ਼ਾਮਿਲ ਹੋਇਆ । ਸਾਰੇ ਹਾਜ਼ਰੀਨ ਜੋੜੀ ਦੀ ਖੂਬ ਸਲਾਹੁਤਾ ਕਰ ਰਹੇ ਸਨ । ਸੁੰਦਰ ਸੁਨੱਖੀ ਜੋੜੀ ਪਾਰਟੀ ਵਿਚ ਖਿੱਚ ਦਾ ਕੇਂਦਰ ਬਣੀ ਹੋਈ ਸੀ । ਦੋਸਤ ਮਿੱਤਰ ਜੋੜ੍ਹੀ ਨਾਲ ਫੋਟੋਆਂ ਖਿਚਵਾ ਰਹੇ ਸਨ ਅਤੇ ਪਾਰਟੀ ਦਾ ਆਨੰਦ ਲੈ ਰਹੇ ਸਨ।

ਜਦੋਂ ਸਾਰਾ ਕੁਝ ਆਮ ਵਾਂਗ ਚਲਣ ਲੱਗ ਪਿਆ ਭਾਵ ਮਦਨ ਅਤੇ ਪ੍ਰੀਤ ਆਪਣੇ ਆਪਣੇ ਕੰਮ ਤੇ ਜਾਣ ਲੱਗ ਪਏ ਤਾਂ ਬਚਿੰਤ ਕੌਰ ਨੇ ਪੂਰਨ ਸਿੰਘ ਨਾਲ ਪਾਲ ਕੌਰ ਵਲੋਂ ਧਰਮੇ ਦੀ ਦੱਸੀ ਹਾਲਤ ਬਾਰੇ ਪੂਰਨ ਸਿੰਘ ਨਾਲ ਗੱਲ ਕੀਤੀ । ਪੂਰਨ ਸਿੰਘ ਨੂੰ ਹੈਰਾਨਗੀ ਲੱਗੀ ਤੇ ਉਸ ਨੇ ਉਸ ਦੇ ਸੁਧਾਰ ਲਈ ਮਦਨ ਸਿੰਘ ਨਾਲ ਗੱਲ ਕਰਨ ਦੀ ਸਲਾਹ ਬਚਿੰਤ ਕੌਰ ਨਾਲ ਕੀਤੀ । ਕੁਦਰਤੀ ਅਗਲੇ ਦਿਨ ਛੁਟੀ ਸੀ । ਮਦਨ ਸਿੰਘ ਅਤੇ ਪ੍ਰੀਤ ਘਰ ਹੀ ਸਨ । ਸਾਰਾ ਪਰਿਵਾਰ ਨਾਸ਼ਤਾ ਕਰ ਬੈਠਾ ਸੀ ਤਾਂ ਪੂਰਨ ਸਿੰਘ ਨੇ ਧਰਮੇ ਬਾਰੇ ਗੱਲ ਛੇੜ ਲਈ । ਮਦਨ ਸਿੰਘ ਨੂੰ ਚਿੰਤਾ ਹੋ ਗਈ ਅਤੇ ਪ੍ਰੀਤ ਨੇ ਵੀ ਆਪਣੀ ਰਾਏ ਦਿਤੀ ਕਿ ਉਸ ਦਾ ਇਲਾਜ ਹੋ ਸਕਦਾ ਹੈ । ਸਾਰੀਆਂ ਨੇ ਵਿੱਚਾਰ ਕਰ ਧਰਮ ਸਮੇਤ ਪਰਿਵਾਰ ਨੂੰ ਉਨ੍ਹਾਂ ਕੋਲ ਆਉਣ ਲਈ ਸਨੇਹਾ ਭੇਜ ਦਿਤਾ । ਅਗਲੇ ਦਿਨ ਹੀ ਸਾਰਾ ਪਰਿਵਾਰ ਪੁੱਜ ਗਿਆ । ਪ੍ਰੀਤ ਨੇ ਧਰਮ ਦੀ ਹਾਲਤ ਦੇਖੀ ਤੇ ਉਸ ਨੂੰ ਹਸਪਤਾਲ ਦਾਖਿਲ ਕਰਵਾ ਦਿਤਾ । ਅਤੇ ਇਲਾਜ ਸ਼ੁਰੂ ਕਰ ਦਿਤਾ ਗਿਆ।

ਪਾਲ ਕੌਰ ਨੂੰ ਉਥੇ ਛੱਡ ਬਾਕੀ ਪਰਿਵਾਰ ਵਾਪਸ ਚਲਾ ਗਿਆ ਕਿਓਂ ਜੋ ਕਰਮੇ ਦਾ ਡਾਕਟਰੀ ਵਿਚ ਦਾਖਲੇ ਸਬੰਧੀ ਇਮਿਤਿਹਾਨ ਅਗਲੇ ਦਿਨ ਸੀ । ਮਦਨ ਨੇ ਵੀ ਕੋਈ ਰੁਕਾਵਟ ਨਾ ਪਾਈ । ਉਸ ਨੇ ਸ਼ੇਰ ਸਿੰਘ ਨੂੰ ਹੌਸਲਾ ਰੱਖਣ ਲਈ ਆਖਿਆ ਅਤੇ ਦੱਸਿਆ ਕਿ ਸਮੇਂ ਨਾਲ ਸਭ ਠੀਕ ਹੋ ਜਾਵੇਗਾ । ਇਲਾਜ ਠੀਕ ਚਲ ਰਿਹਾ ਸੀ ਪ੍ਰੀਤ ਧਰਮ ਦੇ ਇਲਾਜ ਵਿਚ ਵਿਸ਼ੇਸ਼ ਦਿਲਚਸਪੀ ਲੈ ਰਹੀ ਸੀ । ਹਰ ਰੋਜ਼ ਹਾਲਤ ਸੁਧਰ ਰਹੀ ਸੀ । ਦਵਾਈਆਂ ਦਾ ਅਸਰ ਹੋ ਰਿਹਾ ਸੀ । ਲਗਭਗ ਇਕ ਹਫਤੇ ਪਿੱਛੋਂ ਉਸ ਨੂੰ ਨਸ਼ੇ ਦੀ ਤਲਬ ਘਟ ਗਈ । ਉਹ ਆਮ ਸਧਾਰਨ ਗੱਲਾਂ ਕਰਨ ਲੱਗ ਪਿਆ । ਜਦੋਂ ਹਾਲਤ ਵਿਚ ਸੁਧਾਰ ਹੋਇਆ ਤਾਂ ਹਸਪਤਾਲ ਵਿਚੋਂ ਛੁਟੀ ਦੇ ਦਿਤੀ ਗਈ । ਪੂਰਨ ਸਿੰਘ ਨੇ ਸ਼ੇਰ ਸਿੰਘ ਨੂੰ ਸਾਰੀ ਹਾਲਤ ਦੱਸ ਦਿਤੀ ਅਤੇ ਕਿਹਾ ਕਿ ਹੁਣ ਧਰਮ ਸਾਡੇ ਘਰ ਕੁਝ ਚਿਰ ਲਈ ਰਹੇਗਾ । ਉਧਰ ਕਰਮ ਆਪਣੇ ਨਤੀਜੇ ਨੂੰ ਉਡੀਕ ਰਿਹਾ ਸੀ । ਉਹ ਘਰ ਵੇਹਲਾ ਹੀ ਸੀ । ਖੇਤੀ ਦੇ ਕੰਮ ਦੀ ਦੇਖ ਰੇਖ ਸ਼ੇਰ ਸਿੰਘ ਕਰਵਾ ਰਿਹਾ ਸੀ । ਕਰਮ ਕੁਝ ਦੇਰ ਲਈ ਧਰਮ ਕੋਲ ਆ ਗਿਆ । ਦੋਵੇਂ ਇਕੱਠੇ ਸੈਰ ਕਰਨ ਜਾਂਦੇ । ਕਰਮ ਨੇ ਧਰਮ ਨੂੰ ਸਮੇਂ ਸਿਰ ਦਵਾਈ ਦੇਣੀ ਸ਼ੁਰੂ ਕਰ ਦਿਤੀ । ਪ੍ਰੀਤ ਪੂਰੀ ਨਿਗਰਾਨੀ ਰੱਖ ਰਹੀ ਸੀ । ਉਸ ਦੇ ਖਾਣ ਪੀਣ ਤੇ ਵਿਸ਼ੇਸ਼ ਖਿਆਲ ਰਖਿਆ ਜਾ ਰਿਹਾ ਸੀ । ਧਰਮ ਦੀ ਹਾਲਤ ਦਿਨੋਂ ਦਿਨ ਬੇਹਤਰ ਹੋ ਰਹੀ ਸੀ । ਪਾਲ ਕੌਰ ਪ੍ਰੀਤ ਤੇ ਮਦਨ ਦਾ ਧੰਨਵਾਦ ਕਰਦੀ ਨਹੀਂ ਥੱਕਦੀ ਸੀ । ਮਦਨ ਕਹਿ ਰਿਹਾ ਸੀ ਕਿ ਇਹ ਤਾਂ ਸਾਡਾ ਫਰਜ਼ ਸੀ । ਮੈਂ ਆਪਣੇ ਛੋਟੇ ਵੀਰ ਦਾ ਧਿਆਨ ਤਾਂ ਰੱਖਣਾ ਹੀ ਸੀ । ਤੁਸੀਂ ਮੈਨੂੰ ਪਹਿਲਾਂ ਖਬਰ ਕਰ ਦਿੰਦੇ ਤਾਂ ਤੁਸੀਂ ਇਤਨੇ ਔਖੇ ਨਹੀਂ ਹੋਣਾ ਸੀ । ਚਲੋ ਹੁਣ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਹੈ । ਆਪਾਂ ਰਲ ਕੇ ਧਰਮ ਨੂੰ ਸਿਧੇ ਰਸਤੇ ਪਾ ਲਿਆ ਹੈ । ਉਮੀਦ ਹੈ ਹੁਣ ਧਰਮ ਨਸ਼ੇ ਵਲ ਮੂੰਹ ਨਹੀਂ ਕਰੇਗਾ । ਤੁਸੀਂ ਸਾਨੂੰ ਇਸ ਦੀ ਖਬਰ ਦਿੰਦੇ ਰਹਿਣਾ । ਸਮੇਂ ਸਮੇਂ ਤੇ ਤੁਸੀਂ ਸਾਡੇ ਵੀ ਗੇੜਾ ਮਾਰਦੇ ਰਹਿਣਾ ਅਤੇ ਅਸੀਂ ਵੀ ਛੁਟੀਆਂ ਆਦਿ ਦਾ ਧਿਆਨ ਰੱਖ ਤੁਹਾਡੇ ਕੋਲ ਆਓਂਦੇ ਰਹਾਂਗੇ । ਹੁਣ ਫਸਲ ਦਾ ਸਮਾਂ ਹੈ ਅਤੇ ਫਸਲ ਸਮੇਂ ਕਿਸਾਨੀ ਵਾਲੇ ਘਰਾਂ ਵਿਚ ਬਹੁਤ ਕੰਮ ਹੋ ਜਾਂਦਾ ਹੈ । ਤੁਸੀਂ ਹੁਣ ਉਨ੍ਹਾਂ ਦੀ ਮਦਦ ਕਰੋ । ਕੁਝ ਦਿਨਾਂ ਪਿੱਛੋਂ ਕਰਮ ਦੇ ਇਮਿਤਿਹਾਨ ਦਾ ਨਤੀਜਾ ਆ ਗਿਆ । ਕਰਮ ਦਾ ਮੈਰਿਟ ਵਿਚ 90ਵਾਂ ਨੰਬਰ ਸੀ । ਉਸੇ ਦਿਨ ਕਰਮ ਸਾਰੇ ਪਰਿਵਾਰ ਨੂੰ ਲੈ ਕੇ ਮਦਨ ਵੀਰੇ ਦੇ ਘਰ ਆ ਗਿਆ । ਮੂੰਹ ਮਿੱਠਾ ਕਰਵਾਇਆ ਗਿਆ ਅਤੇ ਖੁਸ਼ੀ ਮਨਾਈ ਗਈ।




# ਸੁਆਦ ਹੀ ਨਹੀਂ ਸਿਹਤ ਲਈ ਵੀ ਬਹੁਤ ਫ਼ਾਇਦੇਮੰਦ ਹੈ ਅੰਬ

ਅੰਬ ਗਰਮੀਆਂ ਦੇ ਮੌਸਮ ਵਿੱਚ ਸਭ ਤੋਂ ਵੱਧ ਖਾਧਾ ਜਾਣ ਵਾਲਾ ਫਲ ਹੈ। ਤੁਹਾਨੂੰ ਦੱਸ ਦੇਈਏ ਕਿ ਅੱਜਕੱਲ੍ਹ ਬਾਜ਼ਾਰ ਵਿੱਚ ਇਸ ਦੀਆਂ ਇੱਕ-ਦੋ ਨਹੀਂ ਸਗੋਂ ਕਈ ਕਿਸਮਾਂ ਉਪਲਬਧ ਹਨ, ਜੋ ਨਾ ਸਿਰਫ਼ ਸਵਾਦ ਵਿੱਚ ਹੀ ਸਗੋਂ ਸਿਹਤ ਦੇ ਲਿਹਾਜ਼ ਨਾਲ ਵੀ ਚੰਗੀਆਂ



ਹੁੰਦੀਆਂ ਹਨ। ਇਹ ਰਸਦਾਰ ਫਲ ਫਾਈਬਰ, ਕਾਰਬੋਹਾਈਡਰੇਟ, ਪ੍ਰੋਟੀਨ, ਫੋਲੇਟ, ਮੈਗਨੀਸ਼ੀਅਮ, ਪੋਟਾਸ਼ੀਅਮ ਅਤੇ ਵਿਟਾਮਿਨ ਏ, ਸੀ, ਬੀ6 ਨਾਲ ਭਰਪੂਰ ਹੁੰਦਾ ਹੈ। ਆਓ ਅੱਜ ਅਸੀਂ ਤੁਹਾਨੂੰ ਇਸ ਦੇ ਸੇਵਨ ਦੇ ਕੁਝ ਹੈਰਾਨੀਜਨਕ ਫ਼ਾਇਦਿਆਂ ਬਾਰੇ ਦੱਸਦੇ ਹਾਂ।

**ਪਾਚਨ 'ਚ ਸੁਧਾਰ-** ਅੰਬ ਦੇ ਸੇਵਨ ਨਾਲ ਮੈਟਾਬੋਲਿਜ਼ਮ ਦੀ ਦਰ ਵਧਦੀ ਹੈ ਅਤੇ ਪਾਚਨ ਕਿਰਿਆ ਤੇਜ਼ ਹੁੰਦੀ ਹੈ। ਇਸ 'ਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਬਿਹਤਰ ਬਣਾਉਣ 'ਚ ਬਹੁਤ ਫ਼ਾਇਦੇਮੰਦ ਹੁੰਦਾ ਹੈ, ਇਸ ਲਈ ਜੇਕਰ ਤੁਹਾਨੂੰ ਵੀ ਗਰਮੀਆਂ 'ਚ ਬਦਹਜ਼ਮੀ, ਕਬਜ਼ ਜਾਂ ਐਸੀਡਿਟੀ ਵਰਗੀਆਂ ਸਮੱਸਿਆਵਾਂ ਹਨ ਤਾਂ ਤੁਸੀਂ ਇਸ ਰਸੀਲੇ ਫਲ ਦਾ ਸੇਵਨ ਕਰ ਸਕਦੇ ਹੋ।

**ਦਿਲ ਨੂੰ ਰੱਖਦਾ ਸਿਹਤਮੰਦ-** ਅੰਬ ਸਿਰਫ਼ ਸਵਾਦ ਲਈ ਹੀ ਨਹੀਂ ਸਗੋਂ ਤੁਹਾਡੇ ਦਿਲ ਲਈ ਵੀ ਚੰਗਾ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਦੇ ਸੇਵਨ ਨਾਲ ਦਿਲ ਦੀ ਬਿਮਾਰੀ ਦਾ ਖਤਰਾ ਘੱਟ ਹੋ ਜਾਂਦਾ ਹੈ। ਇਹ ਕੋਲੈਸਟ੍ਰੋਲ ਲੈਵਲ ਨੂੰ ਕੰਟਰੋਲ ਕਰਨ 'ਚ ਵੀ ਬਹੁਤ ਮਦਦਗਾਰ ਹੈ। ਇਸ ਤੋਂ ਇਲਾਵਾ ਇਸ ਨੂੰ ਖਾਣਾ ਲਿਪਿਡ ਲੈਵਲ ਅਤੇ ਸੋਜ ਨੂੰ ਘੱਟ ਕਰਨ 'ਚ ਵੀ ਫ਼ਾਇਦੇਮੰਦ ਸਾਬਤ ਹੁੰਦਾ ਹੈ।

**ਇਮਿਊਨਿਟੀ ਵਧਾਓ-** ਵਿਟਾਮਿਨ ਸੀ ਦਾ ਇੱਕ ਚੰਗਾ ਸਰੋਤ ਹੋਣ ਦੇ ਨਾਤੇ, ਅੰਬ ਤੁਹਾਡੀ ਇਮਿਊਨਿਟੀ ਨੂੰ ਵੀ ਮਜ਼ਬੂਤ ਕਰਦਾ ਹੈ। ਇਸ ਦਾ ਸੇਵਨ ਕਰਨ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚ ਸਕਦੇ ਹੋ। ਅਜਿਹੇ 'ਚ ਜੇਕਰ ਤੁਹਾਨੂੰ ਅਕਸਰ ਗਰਮੀ ਦੇ ਮੌਸਮ 'ਚ ਘੱਟ ਮਹਿ-ਸੂਸ ਹੁੰਦੀ ਹੈ ਤਾਂ ਤੁਸੀਂ ਇਸ ਫਲ ਦਾ ਸੇਵਨ ਕਰ ਸਕਦੇ ਹੋ।

**ਅੱਖਾਂ ਲਈ ਫ਼ਾਇਦੇਮੰਦ-** ਅੰਬ ਬੀਟਾ ਕੈਰੋਟੀਨ ਅਤੇ ਵਿਟਾਮਿਨ ਸੀ ਵਰਗੇ ਐਂਟੀਆਕ-ਸੀਡੈਂਟਸ ਨਾਲ ਭਰਪੂਰ ਹੁੰਦਾ ਹੈ। ਅਜਿਹੇ 'ਚ ਇਸ ਦੇ ਸੇਵਨ ਨਾਲ ਅੱਖਾਂ ਨਾਲ ਜੁੜੀਆਂ ਕਈ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਇਸ 'ਚ ਮੌਜੂਦ ਗੁਣ ਰੈਟੀਨਾ ਅਤੇ ਲੈਂਸ ਦੀ ਰੱਖਿਆ ਕਰਦੇ ਹਨ ਅਤੇ ਅੱਖਾਂ ਦੀ ਰੋਸ਼ਨੀ ਵਧਾਉਣ 'ਚ ਬਹੁਤ ਫ਼ਾਇਦੇਮੰਦ ਸਾਬਤ ਹੁੰਦੇ ਹਨ।

**ਮੋਟਾਪਾ ਘੱਟ ਕਰਨ 'ਚ ਮਦਦਗਾਰ-** ਅੰਬ ਦਾ ਸੇਵਨ ਮੋਟਾਪਾ ਘਟਾਉਣ ਵਿਚ ਵੀ ਬਹੁਤ ਚੰਗਾ ਮੰਨਿਆ ਜਾਂਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਸ 'ਚ ਫਾਈਬਰ ਭਰਪੂਰ ਮਾਤਰਾ 'ਚ ਹੁੰਦਾ ਹੈ, ਇਸ ਲਈ ਇਸ ਨੂੰ ਖਾਣ ਨਾਲ ਸਰੀਰ ਤੋਂ ਵਾਧੂ ਚਰਬੀ ਨੂੰ ਬਾਹਰ ਕੱਢਣ 'ਚ ਮਦਦ ਮਿਲਦੀ ਹੈ, ਕਿਉਂਕਿ ਤੁਹਾਡਾ ਪੇਟ ਲੰਬੇ ਸਮੇਂ ਤੱਕ ਭਰਿਆ ਰਹਿੰਦਾ ਹੈ।

# ਪਾਚਨ ਤੇ ਸ਼ੂਗਰ ਸਮੇਤ ਕਈ ਬਿਮਾਰੀਆਂ ਦਾ ਇਲਾਜ ਹੈ ਕੱਚਾ ਪਿਆਜ਼

ਕੱਚਾ ਪਿਆਜ਼ ਖਾਣਾ ਬਹੁਤ ਹੀ ਫਾਇਦੇਮੰਦ ਹੁੰਦਾ ਹੈ ਪਰ ਬਹੁਤ ਸਾਰੇ ਲੋਕ ਇਸ ਦੀ ਬਦਬੂ ਕਾਰਨ ਇਸ ਨੂੰ ਨਹੀਂ ਖਾਂਦੇ। ਇਸ ਨੂੰ ਪਕਾ ਕੇ ਹੀ ਖਾਣਾ ਪਸੰਦ ਕਰਦੇ ਹਨ। ਕੱਚਾ ਪਿਆਜ਼ ਸ਼ੂਗਰ ਲੈਵਲ ਨੂੰ ਕੰਟਰੋਲ ਕਰਦਾ ਹੈ ਜਿਸ ਨਾਲ ਸ਼ੂਗਰ ਪੀੜਤਾਂ ਨੂੰ ਕਾਫੀ ਫਾਇਦਾ ਮਿਲਦਾ ਹੈ। ਇਸ ਆਰਟੀਕਲ 'ਚ ਪਿਆਜ਼ ਨੂੰ ਖਾਣ ਦੇ ਲਾਭ ਜਾਣਾਂਗੇ ....



**ਕੈਂਸਰ ਤੋਂ ਬਚਾਏ-** ਰੋਜ਼ਾਨਾ ਪਿਆਜ਼ ਖਾਣ ਨਾਲ ਕਈ ਤਰ੍ਹਾਂ ਦੇ ਕੈਂਸਰ ਤੋਂ ਬਚਾਅ ਹੁੰਦਾ ਹੈ। ਇਕ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਪਿਆਜ਼ 'ਚ ਕੈਂਸਰ ਰੋਕੂ ਗੁਣ ਹੁੰਦੇ ਹਨ, ਇਸ ਲਈ ਇਸ ਨੂੰ ਖਾਣਾ ਫਾਇਦੇਮੰਦ ਹੁੰਦਾ ਹੈ।


**ਬਿਹਤਰ ਪਾਚਨ ਲਈ ਜ਼ਰੂਰੀ-** ਕੱਚਾ ਪਿਆਜ਼ ਖਾਣ ਨਾਲ ਪਾਚਨ ਸ਼ਕਤੀ ਮਜ਼ਬੂਤ ਹੁੰਦੀ ਹੈ ਕਿਉਂਕਿ ਇਸ ਵਿਚ ਫਾਈਬਰ ਦੇ ਗੁਣ ਹੁੰਦੇ ਹਨ। ਇਹ ਤੁਹਾਡੀ ਅੰਤੜੀ ਨੂੰ ਸਿਹਤਮੰਦ ਰੱਖਦਾ ਹੈ।

**ਇਮਿਊਨਿਟੀ ਮਜ਼ਬੂਤ ਕਰੇਗਾ ਕੱਚਾ ਪਿਆਜ਼-** ਕੱਚਾ ਪਿਆਜ਼ ਖਾਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ ਕਿਉਂਕਿ ਇਸ 'ਚ ਵਿਟਾਮਿਨ ਸੀ ਭਰਪੂਰ ਮਾਤਰਾ 'ਚ ਹੁੰਦਾ ਹੈ। ਇਹ ਤੁਹਾਡੇ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ।

**ਗਠੀਏ ਤੋਂ ਰਾਹਤ ਦਿਵਾਏਗਾ ਕੱਚਾ ਪਿਆਜ਼-** ਗਠੀਏ ਕਾਰਨ ਹੱਡੀਆਂ 'ਚ ਦਰਦ ਹੁੰਦਾ ਹੈ। ਅਜਿਹੇ 'ਚ ਪੈਦਲ ਚੱਲਣ 'ਚ ਦਿੱਕਤ ਹੁੰਦੀ ਹੈ। ਜੇਕਰ ਤੁਸੀਂ ਇਸ ਬਿਮਾਰੀ ਤੋਂ ਬਚਣਾ ਚਾਹੁੰਦੇ ਹੋ ਤਾਂ ਤੁਹਾਨੂੰ ਕੱਚਾ ਪਿਆਜ਼ ਖਾਣਾ ਚਾਹੀਦਾ ਹੈ। ਇਸ 'ਚ ਐਂਟੀ-ਇੰਫਲੇਮੇਟਰੀ ਗੁਣ ਹੁੰਦੇ ਹਨ, ਜੋ ਰਾਹਤ ਦਿੰਦੇ ਹਨ।

# ਪੇਟ ਨਾਲ ਜੁੜੀਆਂ ਸਮੱਸਿਆਵਾਂ ਨੂੰ ਨਾ ਕਰੋ ਅਣਦੇਖਿਆ

ਕੈਂਸਰ ਇਕ ਅਜਿਹੀ ਬਿਮਾਰੀ ਹੈ ਕਿ ਜੇਕਰ ਇਹ ਆਖਰੀ ਪੜਾਅ 'ਤੇ ਪਹੁੰਚ ਜਾਵੇ ਤਾਂ ਇਸ ਦੀ ਰੋਕਥਾਮ ਸੰਭਵ ਨਹੀਂ ਸਮਝੀ ਜਾਂਦੀ। ਪੇਟ ਦਾ ਕੈਂਸਰ ਵੀ ਬਹੁਤ ਗੰਭੀਰ ਰੋਗ ਹੈ। ਮੰਨਿਆ ਜਾਂਦਾ ਹੈ ਕਿ ਪੇਟ ਦੇ ਕੈਂਸਰ ਦੀ ਆਖਰੀ ਸਟੇਜ ਬਹੁਤ ਘਾਤਕ ਹੁੰਦੀ ਹੈ। ਜੇਕਰ ਸ਼ੁਰੂਆਤੀ ਲੱਛਣਾਂ ਤੋਂ ਇਸ ਕੈਂਸਰ ਦਾ ਪਤਾ ਲੱਗ ਜਾਵੇ ਤਾਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਅੱਜ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਪੇਟ ਦਾ ਕੈਂਸਰ ਜਦੋਂ ਆਖਰੀ ਪੜਾਅ 'ਤੇ ਹੁੰਦਾ ਹੈ ਤਾਂ ਕਿਸ ਤਰ੍ਹਾਂ ਦੇ ਲੱਛਣ ਦਿਖਾਈ ਦਿੰਦੇ ਹਨ।




**ਨਜ਼ਰ ਆਉਣ ਲਗਦੇ ਹਨ ਇਹ ਲੱਛਣ**

ਪੇਟ ਦੇ ਕੈਂਸਰ ਦੇ ਆਖਰੀ ਪੜਾਅ 'ਚ ਇੱਕ ਵਿਅਕਤੀ ਮੁਸ਼ਕਿਲ ਨਾਲ 5 ਸਾਲ ਤਕ ਜੀਉਂਦਾ ਹੈ। ਇਹ ਵੀ ਸਹੀ ਇਲਾਜ ਤੇ ਡਾਕਟਰ ਦੀ ਸਲਾਹ 'ਤੇ ਨਿਰਭਰ ਕਰਦਾ ਹੈ। ਪੇਟ ਦਰਦ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ, ਭੁੱਖ ਨਾ ਲੱਗਣਾ, ਅਣਜਾਣੇ ਵਿਚ ਭਾਰ ਘਟਣਾ, ਪੇਟ 'ਚ ਦਰਦ, ਥੋੜ੍ਹੀ ਮਾਤਰਾ 'ਚ ਖਾਣਾ ਖਾਣ ਤੋਂ ਬਾਅਦ ਪੇਟ ਭਰਿਆ ਮਹਿਸੂਸ ਹੋਣਾ, ਦੁਖਦਾਈ, ਬਦਹਜ਼ਮੀ, ਉਲਟੀਆਂ ਆਉਣਾ, ਪੇਟ 'ਚ ਸੋਜ, ਮਲ 'ਚ ਖੂਨ, ਥਕਾਵਟ, ਕਮਜ਼ੋਰੀ, ਪੀਲੀਆ, ਅੱਖਾਂ ਤੇ ਸਕਿਨ ਦਾ ਪੀਲਾ ਪੈ ਜਾਣਾ ਕੈਂਸਰ ਦੀ ਲਾਸਟ ਸਟੇਜ 'ਚ ਦਿਖਾਈ ਦੇਣ ਵਾਲੇ ਲੱਛਣ ਹਨ।

**ਕੀਮੋਥੈਰੇਪੀ-** ਆਮ ਤੌਰ 'ਤੇ ਪੇਟ ਦੇ ਕੈਂਸਰ ਦੇ ਇਲਾਜ ਲਈ ਕਈ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੈਂਸਰ ਦੀ ਚੌਥੀ ਸਟੇਜ 'ਚ ਕੀਮੋਥੈਰੇਪੀ ਦਿੱਤੀ ਜਾਂਦੀ ਹੈ। ਟਿਊਮਰ ਨੂੰ ਕੀਮੋਥੈਰੇਪੀ ਦੀ ਮਦਦ ਨਾਲ ਘਟਾਇਆ ਜਾ ਸਕਦਾ ਹੈ। ਇਹ ਕੈਂਸਰ ਨੂੰ ਫੈਲਣ ਤੋਂ ਰੋਕਦਾ ਹੈ। ਇਸ ਦੇ ਨਾਲ ਹੀ ਦਵਾਈ ਵੀ ਚਲਦੀ ਰਹਿੰਦੀ ਹੈ, ਜੋ ਕੈਂਸਰ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੀ ਹੈ।

**ਸਰਜਰੀ ਕਰਨਾ-** ਕੈਂਸਰ ਦੀ ਚੌਥੀ ਸਟੇਜ 'ਚ ਵੀ ਸਰਜਰੀ ਕੀਤੀ ਜਾਂਦੀ ਹੈ। ਸਰਜਰੀ ਦੀ ਮਦਦ ਨਾਲ ਲੱਛਣਾਂ ਨੂੰ ਕੰਟਰੋਲ ਕੀਤਾ ਜਾਂਦਾ ਹੈ, ਸੈੱਲਾਂ ਨੂੰ ਵਧਣ ਤੋਂ ਰੋਕਿਆ ਜਾਂਦਾ ਹੈ ਤੇ ਕੈਂਸਰ ਨੂੰ ਫੈਲਣ ਤੋਂ ਰੋਕਿਆ ਜਾਂਦਾ ਹੈ। ਵੱਖ-ਵੱਖ ਤਰ੍ਹਾਂ ਦੀਆਂ ਸਰਜਰੀਆਂ ਹੁੰਦੀਆਂ ਹਨ। ਸਰਜਰੀ ਦੀ ਕਿਸਮ ਮਰੀਜ਼ ਦੀ ਸਥਿਤੀ 'ਤੇ ਨਿਰਭਰ ਕਰਦੀ ਹੈ।

**ਰੇਡੀਏਸ਼ਨ ਥੈਰੇਪੀ-** ਕੈਂਸਰ ਦੀ ਆਖਰੀ ਸਟੇਜ 'ਚ ਵੀ ਰੇਡੀਏਸ਼ਨ ਥੈਰੇਪੀ ਕੀਤੀ ਜਾਂਦੀ ਹੈ। ਕਈ ਵਾਰ ਕੈਂਸਰ ਦੇ ਮਰੀਜ਼ਾਂ ਨੂੰ ਸਿਰਫ ਰੇਡੀਏਸ਼ਨ ਥੈਰੇਪੀ ਦਿੱਤੀ ਜਾਂਦੀ ਹੈ। ਕਈ ਵਾਰ ਇਸ ਨੂੰ ਕੀਮੋਥੈਰੇਪੀ ਨਾਲ ਵੀ ਦਿੱਤਾ ਜਾਂਦਾ ਹੈ। ਇਹ ਫੈਸਲਾ ਡਾਕਟਰ ਵੱਲੋਂ ਕੀਤਾ ਜਾਂਦਾ ਹੈ।

# ਕੈਂਸਰ ਨੂੰ ਸੱਦਾ ਦਿੰਦੀਆਂ ਹਨ ਇਹ ਖਾਣ-ਪੀਣ ਵਾਲੀਆਂ ਚੀਜ਼ਾਂ

ਕੈਂਸਰ ਇੱਕ ਘਾਤਕ ਬਿਮਾਰੀ ਹੈ, ਜਿਸ ਦੀ ਸਮੇਂ ਸਿਰ ਪਛਾਣ ਕਰਨਾ ਬਹੁਤ ਜ਼ਰੂਰੀ ਹੈ। ਸਮੇਂ ਸਿਰ ਪਛਾਣ ਦੇ ਨਾਲ, ਰੋਕਥਾਮ ਵੀ ਬਹੁਤ ਮਾਇਨੇ ਰੱਖਦੀ ਹੈ। ਸਾਡੀਆਂ ਕੁਝ ਆਦਤਾਂ ਕਈ ਵਾਰ ਇਸ ਖਤਰਨਾਕ ਬੀਮਾਰੀ ਨੂੰ ਸੱਦਾ ਦਿੰਦੀਆਂ ਹਨ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸਾਡਾ ਭੋਜਨ ਹੈ। ਸਿਹਤਮੰਦ ਜੀਵਨ ਸ਼ੈਲੀ ਅਤੇ ਪੌਸ਼ਟਿਕ ਆਹਾਰ ਨੂੰ ਉਤਸ਼ਾਹਿਤ ਕਰਕੇ ਕੈਂਸਰ ਨੂੰ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ, ਕਿਉਂਕਿ ਕੁਝ ਖਾਣ-ਪੀਣ ਵਾਲੀਆਂ ਚੀਜ਼ਾਂ ਕੈਂਸਰ ਨੂੰ ਸੱਦਾ ਵੀ ਦੇ ਸਕਦੀਆਂ ਹਨ, ਜਿਨ੍ਹਾਂ ਪ੍ਰਤੀ ਸੁਚੇਤ ਹੋਣਾ ਬਹੁਤ ਜ਼ਰੂਰੀ ਹੈ। ਆਓ ਜਾਣਦੇ ਹਾਂ ਉਹ ਕਿਹੜੇ ਹਨ ਜੋ ਕੈਂਸਰ ਦਾ ਕਾਰਨ ਬਣ ਸਕਦੇ ਹਨ ਅਤੇ ਜਿਨ੍ਹਾਂ ਨੂੰ ਕੈਂਸਰ ਮਾਹਿਰ ਵੀ ਖਾਣ ਤੋਂ ਇਨਕਾਰ ਕਰਦੇ ਹਨ।



**ਤਲੇ ਹੋਏ ਭੋਜਨ-** ਤਲੇ ਹੋਏ ਭੋਜਨ ਜਿਵੇਂ ਪੁਰੀ, ਕਚੋਰੀ, ਸਮੋਸੇ, ਫਰੈਂਚ ਫਰਾਈਜ਼, ਪਕੌੜੇ ਆਦਿ ਦਾ ਜ਼ਿਆਦਾ ਸੇਵਨ ਕਰਨ ਨਾਲ ਭਾਰ ਵਧਣ ਅਤੇ ਸ਼ੂਗਰ ਦਾ ਖਤਰਾ ਵਧ ਜਾਂਦਾ ਹੈ। ਇਹ ਚੀਜ਼ਾਂ ਆਕਸੀਡੇਟਿਵ ਤਣਾਅ ਅਤੇ ਸੋਜ ਨੂੰ ਵਧਾਉਂਦੀਆਂ ਹਨ, ਜਿਸ ਨਾਲ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ।


**ਖੰਡ ਅਤੇ ਸ਼ੁੱਧ ਕਾਰਬੋਹਾਈਡਰੇਟ-** ਜ਼ਿਆਦਾ ਮਾਤਰਾ ਵਿੱਚ ਖੰਡ ਅਤੇ ਸਟਾਰਚ ਵਾਲੇ ਭੋਜਨ ਦਾ ਸੇਵਨ ਕਰਨ ਨਾਲ ਟਾਈਪ 2 ਡਾਇਬਟੀਜ਼ ਅਤੇ ਮੋਟਾਪਾ ਹੋ ਸਕਦਾ ਹੈ। ਦੋਵਾਂ ਮਾਮਲਿਆਂ ਵਿੱਚ, ਆਕਸੀਡੇਟਿਵ ਤਣਾਅ ਵਧਦਾ ਹੈ ਅਤੇ ਕੈਂਸਰ ਦਾ ਖ਼ਤਰਾ ਵੀ ਵਧ ਜਾਂਦਾ ਹੈ।

**ਨਕਲੀ ਮਿੱਠਾ-** ਡਬਲਯੂਐਚਓ ਕੈਂਸਰ ਰਿਸਰਚ ਏਜੰਸੀ ਦੇ ਅਨੁਸਾਰ, ਆਮ ਤੌਰ 'ਤੇ ਵਰਤੇ ਜਾਣ ਵਾਲੇ ਨਕਲੀ ਸਵੀਟਨਰ ਐਸਪਾਰਟੇਮ ਨੂੰ ਕੁਦਰਤ ਵਿੱਚ ਸੰਭਾਵੀ ਤੌਰ 'ਤੇ ਕਾਰਸਿਨੋਜਨਿਕ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।

**ਪ੍ਰੋਸੈਸਡ ਮੀਟ-** ਮੀਟ ਜੋ ਨਮਕੀਨ, ਇਲਾਜ, ਡੱਬਾਬੰਦੀ ਜਾਂ ਸਿਗਰਟਨੋਸ਼ੀ ਦੁਆਰਾ ਸੁਰੱਖਿਅਤ ਰੱਖਿਆ ਜਾਂਦਾ ਹੈ ਨੂੰ ਪ੍ਰੋਸੈਸਡ ਮੀਟ ਕਿਹਾ ਜਾਂਦਾ ਹੈ। ਜ਼ਿਆਦਾਤਰ ਪ੍ਰੋਸੈਸਡ ਮੀਟ ਲਾਲ ਮੀਟ ਹੁੰਦਾ ਹੈ। ਪ੍ਰੋਸੈਸਡ ਮੀਟ ਜਿਵੇਂ ਹਾਟ ਡਾਗ, ਸਲਾਮੀ, ਸੌਸੇਜ ਦੀ ਖਪਤ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਜ਼ਿਆਦਾ ਪਕਾਏ ਹੋਏ ਭੋਜਨ-** ਕੁਝ ਭੋਜਨ ਪਦਾਰਥ, ਜਿਵੇਂ ਕਿ ਮੀਟ, ਜੋ ਜ਼ਿਆਦਾ ਪਕਾਏ ਜਾਂਦੇ ਹਨ, ਕਾਰਸੀਨੋਜਨ ਪੈਦਾ ਕਰ ਸਕਦੇ ਹਨ। ਉੱਚ ਤਾਪਮਾਨ 'ਤੇ ਜਾਂ ਖੁੱਲ੍ਹੀ ਅੱਗ 'ਤੇ ਭੋਜਨ ਪਕਾਉਣ ਨਾਲ ਇਸ ਨੂੰ ਜ਼ਿਆਦਾ ਪਕਾਇਆ ਜਾ ਸਕਦਾ ਹੈ। ਗ੍ਰਿਲਿੰਗ, ਬਾਰਬਿਕਯੂਿੰਗ ਜਾਂ ਪੈਨ ਫਰਾਈ ਕਰਨ ਨਾਲ ਭੋਜਨ ਦੇ ਜ਼ਿਆਦਾ ਪਕਾਏ ਜਾਣ ਦੀ ਸੰਭਾਵਨਾ ਵੱਧ ਜਾਂਦੀ ਹੈ।

**ਸ਼ਰਾਬ-** ਅਲਕੋਹਲ ਦਾ ਸੇਵਨ ਕਰਨ ਨਾਲ ਜਿਗਰ ਇਸ ਨੂੰ ਐਸੀਟਾਲਡੀਹਾਈਡ ਵਿੱਚ ਤੋੜ ਦਿੰਦਾ ਹੈ, ਜੋ ਕਿ ਇੱਕ ਕਾਰਸੀਨੋਜਨਿਕ ਮਿਸ਼ਰਣ ਹੈ।







ਬਚਪਨ ਦੀਆਂ ਯਾਦਾਂ

Tanjit Manmit

ਵੱਲੋਂ ▶ Quik Signs

E-mail: tanjit5020@yahoo.com
manmit5020@yahoo.com

visit us at : www.quiksigns.us

ਸਿਹਤ ਨਰੋਈ ਸਭ ਨੂੰ ਦੇ ਕੇ, ਲੰਬੀ ਉਮਰ ਕਰੀਂ ।
ਕਿਰਤੀ ਕਾਮੇ, ਹਾਲੀ, ਪਾਲੀ ਖੁਸ਼ ਵਸਣ ਸਭ ਘਰੋਂ ਘਰੀਂ ।
ਸੁਖੀ ਵਸਣ ਸਭ ਦੁਨੀਆਂ ਵਾਲੇ, ਬੋਝੇ ਖੁਸ਼ੀਂ ਭਰੀਂ ।
ਅਗਿਆਨਤਾ ਨੂੰ ਦੂਰ ਭਜਾ ਕੇ, ਫਿਜ਼ਾ ਵਿੱਚ ਗਿਆਨ ਕਰੀਂ ।
ਬੰਦਾ ਬੰਦੇ ਨੂੰ ਪਹਿਚਾਣੇ , ਐਸੀ ਮਿਹਰ ਕਰੀਂ ।
ਹਰ ਘਰ ਵਿੱਚ ਖੁਸ਼ਹਾਲੀ ਵਰਤਾ ਕੇ, ਸਭ ਦੇ ਬੋਝੇ ਭਰੀਂ ।
ਹਰ ਘਰ ਵਿੱਚ ਤੂੰ ਸੁਖ ਵਰਤਾ ਕੇ, ਰਹਿਮੋ ਰਹਿਮ ਕਰੀਂ ।
ਭੁੱਖਾ ਨਾ ਕੋਈ ਰਾਤ ਨੂੰ ਸੌਵੇਂ, ਐਸਾ ਕਰਮ ਕਰੀਂ ।
ਤੰਗੀ ਤੁਰਸ਼ੀ ਦੂਰ ਭਜਾਵੀਂ, ਸਭਦੀ ਬਾਂਹ ਫੜੀਂ ।
ਵਿਦਿਆ ਤੋਂ ਨਾ ਕੋਈ ਵਾਂਝਾ ਰਹੇ, ਐਸੀ ਮਿਹਰ ਕਰੀਂ ।

ਨਵੇਂ ਵਰ੍ਹੇ ਵਿੱਚ ਮੇਰਿਆ ਰੱਬਾ, ਸਭ ਤੇ ਮਿਹਰ ਕਰੀਂ

ਹਰ ਤਰ੍ਹਾਂ ਦੇ ਸਟੋਰਾਂ ਦੇ ਸਾਈਨ, ਟਰੱਕਾਂ ਦੇ ਸਾਈਨ, ਬੈਨਰ, ਫੁੱਲ ਕਲਰ ਪੋਸਟਰ, ਵਿਆਹ ਦੇ ਕਾਰਡ, ਬਿਜ਼ਨਸ ਕਾਰਡ, ਮੈਗਨੈਟਿਕ ਸਾਈਨ, ਫਲਾਇਰਜ਼, ਰੈਸਟੋਰੈਂਟਾਂ ਦੇ ਮੈਨਿਊ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਕਾਲ ਕਰੋ

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

ਸੰਪਰਕ ਕਰੋ: 661.703.8795, 661.900.7357



ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

UNIVERSAL TIRE HUB
BAKERSFIELD, CA

TRUCK & TRAILER TIRES

ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ ।

ਫੋਨ : 661.735.0001
ਫੋਨ : 661.735.0002




BEST PRICE IN CALIFORNIA

2309 S UNION AVE,
BAKERSFIELD, CA 93307
info@universaltirehub.com

WE ACCEPT BULK ORDERS AND CONTAINER SHIPMENTS

HUBTRAC TYRES AvanTech ROADX TYRE Firestone AEOLUS PIRELLI BRIDGESTONE